19-MAR-PAGE-1.qxd 3/18/2025 9:34 PM Page 1

ਬੁੱਧਵਾਰ, 19 ਮਾਰਚ, 2025
6 ਚੇਤ { ਨਾਨਕਸ਼ਾਹੀ 557 / ਬਿਕਰਮੀ 2081
ਜਿਲਦ/VOL. : 73
ਅੰਕ/NO. : 287

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 19 MARCH, 2025
ਜਲੰਧਰ

**‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਸੁਨੀਤਾ ਤੇ ਵਿਲਮੋਰ ਦੀ ਵਾਪਸੀ

**ਕੇਪ ਕੈਨਵੇਰਲ** : 9 ਮਹੀਨਿਆਂ ਤੋਂ ਕੌਮਾਂਤਰੀ ਪੁਲਾੜ ਸਟੇਸ਼ਨ ਵਿੱਚ ਫਸੇ ਨਾਸਾ ਦੇ ਦੋ ਪੁਲਾੜ ਯਾਤਰੀਆਂ ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਤੇ ਬੁੱਚ ਵਿਲਮੋਰ ਨੂੰ ਲੈ ਕੇ ਸਪੇਸਐੱਕਸ ਦਾ ਕੈਪਸੂਲ ਧਰਤੀ ਲਈ ਰਵਾਨਾ ਹੋ ਗਿਆ ਹੈ। ਵਿਲਮੋਰ ਤੇ ਵਿਲੀਅਮਜ਼ ਨੇ ‘ਸਪੇਸਐੱਕਸ’ ਵਿਚ ਸਵਾਰ ਹੋ ਕੇ ਕੌਮਾਂਤਰੀ ਪੁਲਾੜ ਸਟੇਸ਼ਨ ਨੂੰ ਅਲਵਿਦਾ ਆਖੀ। ਸਪੇਸਐੱਕਸ ਦਾ ਇਹ ਕੈਪਸੂਲ ਭਾਰਤੀ ਸਮੇਂ ਅਨੁਸਾਰ ਸਵੇਰੇ 10:35 ਵਜੇ ਕੌਮਾਂਤਰੀ ਪੁਲਾੜ ਸਟੇਸ਼ਨ ਤੋਂ ਨਿਕਲਿਆ ਤੇ ਇਸ ਦੇ ਬੁੱਧਵਾਰ ਵੱਡੇ ਤੜਕੇ 3:27 ਵਜੇ ਫਲੋਰੀਡਾ ਦੇ ਸਾਹਿਲ ’ਤੇ ਸਮੁੰਦਰ ਵਿੱਚ ਉਤਰਨ ਦੀ ਉਮੀਦ ਹੈ।

## ਸੁਨੀਤਾ ਭਾਰਤ ਦੀ ਧੀ : ਮੋਦੀ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਗਲਵਾਰ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੂੰ ਭਾਰਤ ਦੀ ਧੀ ਦੱਸਦੇ ਹੋਏ ਕਿਹਾ ਕਿ ਭਾਰਤ ਜਲਦੀ ਹੀ ਉਸ ਦੀ ਮੇਜ਼ਬਾਨੀ ਕਰਨ ਲਈ ਉਤਸੁਕ ਹੈ। ਉਨ੍ਹਾ ਵਿਲੀਅਮਜ਼ ਦੇ ਪੁਰਖਿਆਂ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਉਸ ਦੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਭਾਰਤ ਤੋਂ ਹਨ। ਉਸ ਦੇ ਪਰਵਾਰ ਦੀਆਂ ਜੜ੍ਹਾਂ ਗੁਜਰਾਤ ਦੇ ਝੂਲਾਸਨ ਪਿੰਡ ਤੋਂ ਹਨ। ਸੁਨੀਤਾ ਵਿਲੀਅਮਜ਼ ਨੂੰ ਲਿਖੇ ਇੱਕ ਪੱਤਰ ਵਿੱਚ ਮੋਦੀ ਨੇ ਕਿਹਾ, “ਮੈਂ ਤੁਹਾਨੂੰ ਭਾਰਤ ਦੇ ਲੋਕਾਂ ਵੱਲੋਂ ਸ਼ੁੱਭਕਾਮਨਾਵਾਂ ਦਿੰਦਾ ਹਾਂ। 1.4 ਅਰਬ ਭਾਰਤੀਆਂ ਨੇ ਹਮੇਸ਼ਾ ਤੁਹਾਡੀਆ ਪ੍ਰਾਪਤੀਆਂ ’ਤੇ ਬਹੁਤ ਮਾਣ ਕੀਤਾ ਹੈ। ਭਾਵੇਂ ਤੁਸੀਂ ਹਜ਼ਾਰਾਂ ਮੀਲ ਦੂਰ ਹੋ, ਤੁਸੀਂ ਸਾਡੇ ਦਿਲਾਂ ਦੇ ਨੇੜੇ ਰਹਿੰਦੇ ਹੋ। ਭਾਰਤ ਦੇ ਲੋਕ ਤੁਹਾਡੀ ਚੰਗੀ ਸਿਹਤ ਅਤੇ ਤੁਹਾਡੇ ਮਿਸ਼ਨ ਵਿੱਚ ਸਫਲਤਾ ਲਈ ਪ੍ਰਾਰਥਨਾ ਕਰ ਰਹੇ ਹਨ।”

## 80 ਕਰੋੜ ਦੀਆਂ ਸੋਨੇ ਦੀਆਂ ਛੜਾਂ ਬਰਾਮਦ

**ਨਵੀਂ ਦਿੱਲੀ** : ਡੀ ਆਰ ਆਈ ਨੇ ਬੀਤੇ ਦਿਨ ਗੁਜਰਾਤ ’ਚ ਅਹਿਮਦਾਬਾਦ ਦੇ ਪਾਲਦੀ ’ਚ ਇਕ ਰਿਹਾਇਸ਼ੀ ਫਲੈਟ ਦੀ ਤਲਾਸ਼ੀ ਦੌਰਾਨ 87.92 ਕਿੱਲੋ ਸੋਨੇ ਦੀਆਂ ਛੜਾਂ ਬਰਾਮਦ ਕੀਤੀਆਂ, ਜਿਨ੍ਹਾਂ ਦੀ ਕੀਮਤ ਲੱਗਭੱਗ 80 ਕਰੋੜ ਰੁਪਏ ਹੈ। ਜ਼ਿਆਦਾਤਰ ਸੋਨੇ ਦੀਆਂ ਛੜਾਂ ’ਤੇ ਵਿਦੇਸ਼ੀ ਨਿਸ਼ਾਨ ਹਨ, ਜੋ ਦਰਸਾਉਂਦੇ ਹਨ ਕਿ ਇਹ ਭਾਰਤ ਵਿੱਚ ਤਸਕਰੀ ਕੀਤੀਆਂ ਗਈਆਂ ਸਨ। ਇਸ ਕਾਰਵਾਈ ਵਿੱਚ 11 ਲਗਜ਼ਰੀ ਘੜੀਆਂ ਅਤੇ 19.66 ਕਿੱਲੋ ਗਹਿਣੇ ਵੀ ਬਰਾਮਦ ਕੀਤੇ, ਜਿਹੜੇ ਹੀਰਿਆਂ ਅਤੇ ਹੋਰ ਕੀਮਤੀ ਪੱਥਰਾਂ ਨਾਲ ਜੜੇ ਹੋਏ ਹਨ। 1.37 ਕਰੋੜ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਗਈ ਹੈ।

## ਜੰਮੂ-ਕਸ਼ਮੀਰ ’ਚ ਹਾਈ ਅਲਰਟ

**ਜੰਮੂ** : ਪਾਕਿਸਤਾਨ ਵਿੱਚ ਹਾਲ ਹੀ ਵਿੱਚ ਹੋਏ ਦਹਿਸ਼ਤੀ ਹਮਲਿਆਂ ਦੇ ਮੱਦੇਨਜ਼ਰ ਪੂਰੇ ਜੰਮੂ-ਕਸ਼ਮੀਰ ਵਿੱਚ ਉੱਚ ਸੁਰੱਖਿਆ ਅਲਰਟ ਜਾਰੀ ਕੀਤਾ ਗਿਆ ਹੈ। ਸਿਆਸਤਦਾਨਾਂ ਸਮੇਤ ਸਾਰੇ ਵਿਅਕਤੀਆਂ ਨੂੰ ਸੁਚੇਤ ਰਹਿਣ ਅਤੇ ਸੁਰੱਖਿਆ ਪ੍ਰੋਟੋਕੋਲ ਦੀ ਸਖਤੀ ਨਾਲ ਪਾਲਣਾ ਕਰਨ ਦੀ ਸਲਾਹ ਦਿੱਤੀ ਗਈ ਹੈ। ਸੁਰੱਖਿਆ ਪ੍ਰਾਪਤ ਵਿਅਕਤੀਆਂ ਨੂੰ ਆਪਣੇ ਪ੍ਰੋਗਰਾਮਾਂ ਨੂੰ ਗੁਪਤ ਰੱਖਣ ਅਤੇ ਆਪਣੇ ਨਿੱਜੀ ਸੁਰੱਖਿਆ ਅਧਿਕਾਰੀਆਂ ਨਾਲ ਘੁੰਮਣ-ਫਿਰਨ ਲਈ ਕਿਹਾ ਗਿਆ ਹੈ। ਫੌਜਾਂ ਨੂੰ ਗਸ਼ਤ ਅਤੇ ਤਲਾਸ਼ੀ ਮੁਹਿੰਮਾਂ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

## ਕਾਰੋਬਾਰੀ ਤੋਂ 80 ਲੱਖ ਲੁੱਟੇ



**ਨਵੀਂ ਦਿੱਲੀ** : ਕੌਮੀ ਰਾਜਧਾਨੀ ਦੇ ਲਾਹੌਰੀ ਗੇਟ ਥਾਣਾ ਖੇਤਰ ਦੇ ਹਵੇਲੀ ਹੈਦਰ ਕੁਲੀ ਚਾਂਦਨੀ ਚੌਕ ’ਚ ਇੱਕ ਕਾਰੋਬਾਰੀ ਤੋਂ ਕਰੀਬ 80 ਲੱਖ ਰੁਪਏ ਲੁੱਟ ਲਏ ਗਏ। ਬਦਮਾਸ਼ ਨੇ ਕਾਰੋਬਾਰੀ ਦੇ ਢਿੱਡ ’ਚ ਪਿਸਤੌਲ ਰੱਖ ਕੇ ਪੈਸਿਆਂ ਨਾਲ ਭਰਿਆ ਬੈਗ ਖੋਹਿਆ। ਸੋਮਵਾਰ ਸ਼ਾਮ ਨੂੰ ਵਾਪਰੀ ਘਟਨਾ ਦੀ ਵਾਇਰਲ ਵੀਡੀਓ ਅਨੁਸਾਰ ਚਹਿਲ-ਪਹਿਲ ਵਾਲੇ ਇਲਾਕੇ ਵਿੱਚ ਵਾਰਦਾਤ ਵਾਲੀ ਥਾਂ ਨੇੜੇ ਦੁਕਾਨਦਾਰ ਅਤੇ ਰਾਹਗੀਰ ਵੀ ਮੌਜੂਦ ਸਨ, ਪਰ ਡਰ ਕਾਰਨ ਕਿਸੇ ਨੇ ਵੀ ਬਦਮਾਸ਼ ਨੂੰ ਫੜਨ ਦੀ ਕੋਸ਼ਿਸ਼ ਨਹੀਂ ਕੀਤੀ।

## ਸਭ ਕੁਝ ਤਬਾਹ

**ਨਵੀਂ ਦਿੱਲੀ** : ਇੱਥੇ ਦਵਾਰਕਾ ਮੋੜ ਇਲਾਕੇ ਵਿੱਚ ਮੰਗਲਵਾਰ ਵੱਡੇ ਤੜਕੇ ਲੱਗੀ ਭਿਆਨਕ ਅੱਗ ਵਿੱਚ ਘੱਟੋ-ਘੱਟ 30 ਝੌਂਪੜੀਆਂ, ਦੋ ਅਸਥਾਈ ਆਈਸ ਕਰੀਮ ਫੈਕਟਰੀਆਂ, ਕਾਰ ਉਪਕਰਣ, ਕਰਿਆਨੇ ਦੀਆਂ ਦੁਕਾਨਾਂ ਸੜ ਗਈਆਂ। ਇੱਥੇ ਲਗਭਗ 150 ਝੌਂਪੜੀਆਂ ਵਿੱਚ ਮਜ਼ਦੂਰ ਰਹਿੰਦੇ ਹਨ ਅਤੇ ਫੈਕਟਰੀਆਂ ਵਿੱਚ ਕੰਮ ਕਰਦੇ ਹਨ। ਪੀੜਤਾਂ ਨੇ ਭਰੇ ਮਨ ਨਾਲ ਕਿਹਾ—ਹੁਣ ਸਾਡੇ ਕੋਲ ਸੌਣ ਲਈ ਘਰ ਵੀ ਨਹੀਂ ਹੈ, ਖਾਣ ਲਈ ਵੀ ਕੁਝ ਨਹੀਂ ਬਚਿਆ। ਦਸਤਾਵੇਜ਼ ਵੀ ਸੜ ਗਏ ਹਨ।

## ਪੱਤਰਕਾਰਾਂ ਲਈ ਸੂਚਨਾ

‘ਨਵਾਂ ਜ਼ਮਾਨਾ’ ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ ‘ਨਵਾਂ ਜ਼ਮਾਨਾ’ ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। **-ਮੈਨੇਜਰ**

# ਇਜ਼ਰਾਈਲ ਵੱਲੋਂ ਜੰਗਬੰਦੀ ਕਰਾਰ ’ਤੇ ਬੰਬਾਰੀ, 404 ਮੌਤਾਂ



ਗਾਜ਼ਾ ਸ਼ਹਿਰ ਦੇ ਅਲ-ਅਹਲੀ ਹਸਪਤਾਲ ਵਿੱਚ ਮ੍ਰਿਤਕ ਦੇਹਾਂ ਕੋਲ ਵਿਰਲਾਪ ਕਰਦੇ ਲੋਕ।

**ਦੀਰ ਅਲ ਬਲਾਹ (ਗਾਜ਼ਾ ਪੱਟੀ)**

ਇਜ਼ਰਾਈਲ ਨੇ ਮੰਗਲਵਾਰ ਸਵੇਰੇ ਗਾਜ਼ਾ ਪੱਟੀ ਵਿੱਚ ਹਮਾਸ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੇ ਨਾਂਅ ’ਤੇ ਜ਼ਬਰਦਸਤ ਬੰਬਾਰੀ ਕੀਤੀ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਹਮਲਿਆਂ ’ਚ ਬੱਚਿਆਂ ਤੇ ਔਰਤਾਂ ਸਣੇ ਘੱਟੋ-ਘੱਟ 404 ਵਿਅਕਤੀਆਂ ਦੀ ਮੌਤ ਹੋ ਗਈ। ਮੰਨਿਆ ਜਾ ਰਿਹਾ ਹੈ ਕਿ ਜਨਵਰੀ ਵਿੱਚ ਜੰਗਬੰਦੀ ਕਰਾਰ ਦੇ ਅਮਲ ਵਿੱਚ ਆਉਣ ਤੋਂ ਬਾਅਦ ਇਹ ਗਾਜ਼ਾ ’ਚ ਹੁਣ ਤੱਕ ਦਾ ਸਭ ਤੋਂ ਘਾਤਕ ਹਮਲਾ ਹੈ। ਇਸ ਨਾਲ ਜੰਗਬੰਦੀ ਖਤਰੇ ਵਿੱਚ ਪੈ ਗਈ ਹੈ ਤੇ ਜੰਗ ਮੁੜ ਵੱਡੇ ਪੱਧਰ ’ਤੇ ਭੜਕ ਸਕਦੀ ਹੈ।

ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਜੰਗਬੰਦੀ ਦੀ ਮਿਆਦ ਵਧਾਉਣ ਲਈ ਗੱਲਬਾਤ ਵਿੱਚ ਕੋਈ ਖਾਸ ਪ੍ਰਗਤੀ ਨਾ ਹੋਣ ਕਰਕੇ ਉਨ੍ਹਾ ਹਮਲੇ ਦੇ ਹੁਕਮ ਦਿੱਤੇ। ਨੇਤਨਯਾਹੂ ਨੇ ਕਿਹਾ ਕਿ ਹਮਾਸ ਵੱਲੋਂ ਜੰਗਬੰਦੀ ਕਰਾਰ ਵਿੱਚ ਸੋਧਾਂ ਬਾਰੇ ਇਜ਼ਰਾਈਲ ਦੀ ਮੰਗ ਨਾ ਮੰਨੇ ਜਾਣ ’ਤੇ ਉਨ੍ਹਾ ਹਮਲਿਆਂ ਦਾ ਹੁਕਮ ਦਿੱਤਾ। ਅਮਰੀਕਾ ਨੇ ਕਿਹਾ ਕਿ ਹਮਲੇ ਤੋਂ ਪਹਿਲਾਂ ਉਸ ਨਾਲ ਗੱਲ ਹੋਈ ਸੀ ਤੇ ਉਸ ਨੇ ਸਹਿਮਤੀ ਦਿੱਤੀ ਸੀ। ਇਜ਼ਰਾਈਲੀ ਫੌਜ ਨੇ ਲੋਕਾਂ ਨੂੰ ਪੂਰਬੀ ਗਾਜ਼ਾ ਵਿੱਚੋਂ ਨਿਕਲ ਕੇ ਦੱਖਣ ਵੱਲ ਚਲੇ ਜਾਣ ਲਈ ਕਿਹਾ ਹੈ। ਇਸ ਤੋਂ ਲੱਗਦਾ ਹੈ ਕਿ ਉਹ ਗਾਜ਼ਾ ਵਿੱਚ ਫਿਰ ਟੈਂਕ ਵਾੜੇਗੀ। ਇਜ਼ਰਾਈਲ ਨੇ ਇਹ ਹਮਲਾ ਰਮਜ਼ਾਨ ਦੇ ਮਹੀਨੇ ਵਿੱਚ ਕੀਤਾ ਹੈ।

ਪੂਰੀ ਰਾਤ ਹੋਏ ਹਮਲਿਆਂ ਨੇ ਸ਼ਾਂਤੀ ਦਾ ਦੌਰ ਖਤਮ ਕਰ ਦਿੱਤਾ ਹੈ ਤੇ ਜੰਗ ਮੁੜ ਸ਼ੁਰੂ ਹੋਣ ਦਾ ਖਦਸ਼ਾ ਵਧ ਗਿਆ ਹੈ, ਜਿਸ ਵਿੱਚ ਪਹਿਲਾਂ ਹੀ 48,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ ਤੇ ਗਾਜ਼ਾ ਤਬਾਹ ਹੋ ਚੁੱਕਾ ਹੈ। ਇਨ੍ਹਾਂ ਹਮਲਿਆਂ ਕਰਕੇ ਹਮਾਸ ਵੱਲੋਂ ਬੰਧਕ ਬਣਾਏ ਕਰੀਬ 24 ਇਜ਼ਰਾਈਲੀ ਨਾਗਰਿਕਾਂ ਦੇ ਭਵਿੱਖ ਨੂੰ ਲੈ ਕੇ ਸ਼ੰਕੇ ਖੜ੍ਹੇ ਹੋ ਗਏ ਹਨ। ਇਨ੍ਹਾਂ ਬੰਧਕਾਂ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਜਿਊਂਦੇ ਹਨ। ਇਕ ਸੀਨੀਅਰ ਹਮਾਸ ਅਧਿਕਾਰੀ ਨੇ ਕਿਹਾ ਕਿ ਨੇਤਨਯਾਹੂ ਨੇ ਜੰਗ ਮੁੜ ਸ਼ੁਰੂ ਕਰਕੇ ਬੰਧਕਾਂ ਲਈ ਖਤਰਾ ਪੈਦਾ ਕਰ ਦਿੱਤਾ ਹੈ। ਹਮਾਸ ਆਗੂ ਇੱਜ਼ਤ ਅਲ-ਰਿਸ਼ੇਕ ਨੇ ਕਿਹਾ ਕਿ ਨੇਤਨਯਾਹੂ ਨੇ ਆਪਣੀ ਸੱਜੇ-ਪੱਖੀ ਕੁਲੀਸ਼ਨ ਸਰਕਾਰ ਨੂੰ ਬਚਾਉਣ ਲਈ ਮੁੜ ਜੰਗ ਸ਼ੁਰੂ ਕੀਤੀ ਹੈ। ਉਨ੍ਹਾ ਜੰਗਬੰਦੀ ਕਰਾਉਣ ਵਾਲੇ ਵਿਚੋਲਿਆਂ ਨੂੰ ਕਿਹਾ ਕਿ ਹੁਣ ਉਹ ਦੱਸਣ ਕਿ ਜੰਗਬੰਦੀ ਕਿਸ ਨੇ ਤੋੜੀ ਹੈ।

ਬੰਧਕਾਂ ਨੂੰ ਛੁਡਾਉਣ ਵਿੱਚ ਨਾਕਾਮੀ ਤੇ ਇਜ਼ਰਾਈਲੀ ਅੰਦਰੂਨੀ ਸੁਰੱਖਿਆ ਏਜੰਸੀ ਦੇ ਮੁਖੀ ਨੂੰ ਬਰਤਰਫ ਕਰਨ ਕਰਕੇ ਇਜ਼ਰਾਈਲ ਵਿੱਚ ਨੇਤਨਯਾਹੂ ਖਿਲਾਫ ਜ਼ਬਰਦਸਤ ਰੋਹ ਹੈ। ਉਸ ਵਿਰੁੱਧ ਕੁਰੱਪਸ਼ਨ ਦਾ ਵੀ ਮਾਮਲਾ ਚੱਲ ਰਿਹਾ ਹੈ। ਹਮਲੇ ਤੋਂ ਬਾਅਦ ਉਸ ਦੀ ਸੁਣਵਾਈ ਅੱਗੇ ਪੈ ਗਈ ਹੈ। ਬੰਧਕਾਂ ਦੇ ਪਰਵਾਰਾਂ ਦਾ ਕਹਿਣਾ ਹੈ ਕਿ ਨੇਤਨਯਾਹੂ ਆਪਣੀ ਗੱਦੀ ਲਈ ਉਨ੍ਹਾਂ ਦੇ ਪਿਆਰਿਆਂ ਨੂੰ ਦਾਅ ’ਤੇ ਲਾ ਰਿਹਾ ਹੈ। ਉਹ ਜੰਗਬੰਦੀ ਤੋਂ ਭੱਜ ਰਿਹਾ ਹੈ। ਕਈ ਫਲਸਤੀਨੀਆਂ ਨੇ ਕਿਹਾ ਕਿ ਫਰਵਰੀ ਦੇ ਸ਼ੁਰੂ ਵਿੱਚ ਜੰਗਬੰਦੀ ਦੇ ਦੂਜੇ ਪੜਾਅ ਲਈ ਗੱਲਬਾਤ ਸ਼ੁਰੂ ਨਾ ਕੀਤੇ ਜਾਣ ਤੋਂ ਹੀ ਉਨ੍ਹਾਂ ਅੰਦਾਜ਼ਾ ਲਾ ਲਿਆ ਸੀ ਕਿ ਇਜ਼ਰਾਈਲ ਮੁੜ ਹਮਲੇ ਕਰੇਗਾ।

# ਸੁਖਬੀਰ ਨੇ ਐਡਵੋਕੇਟ ਧਾਮੀ ਨੂੰ ਮਨਾ ਲਿਆ



**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਆਪਣਾ ਅਸਤੀਫਾ ਵਾਪਸ ਲੈਣ ਲਈ ਰਾਜ਼ੀ ਹੋ ਗਏ ਹਨ। ਧਾਮੀ ਨੇ ਕਿਹਾ ਕਿ ਉਹ ਦੋ-ਚਾਰ ਦਿਨਾਂ ’ਚ ਪ੍ਰਧਾਨ ਵਜੋਂ ਅਹੁਦਾ ਸੰਭਾਲ ਲੈਣਗੇ। ਧਾਮੀ ਨੇ ਮੰਗਲਵਾਰ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਇਥੇ ਆਪਣੀ ਰਿਹਾਇਸ਼ ’ਤੇ ਬੰਦ ਕਮਰਾ ਮੀਟਿੰਗ ਮਗਰੋਂ ਇਹ ਗੱਲ ਕਹੀ।

ਐੱਸ ਜੀ ਪੀ ਸੀ ਦੀ ਅੰਤਰਿੰਗ ਕਮੇਟੀ ਨੇ ਸੋਮਵਾਰ ਚੰਡੀਗੜ੍ਹ ਵਿੱਚ ਕੀਤੀ ਮੀਟਿੰਗ ’ਚ ਧਾਮੀ ਦੇ ਅਸਤੀਫੇ ਨੂੰ ਨਾਮਨਜ਼ੂਰ ਕਰ ਦਿੱਤਾ ਸੀ ਤੇ ਫਿਰ ਕਮੇਟੀ ਮੈਂਬਰ ਹੁਸ਼ਿਆਰਪੁਰ ਸਥਿਤ ਉਨ੍ਹਾ ਦੀ ਰਿਹਾਇਸ਼ ’ਤੇ ਉਨ੍ਹਾ ਨੂੰ ਮਨਾਉਣ ਵੀ ਪਹੁੰਚੇ ਸਨ। ਮੀਡੀਆ ਨੂੰ ਮੁਖਾਤਿਬ ਹੁੰਦਿਆਂ ਧਾਮੀ ਨੇ ਕਿਹਾ ਕਿ ਅੰਤਰਿੰਗ ਕਮੇਟੀ ਵਲੋਂ ਅਸਤੀਫਾ ਰੱਦ ਕਰ ਦੇਣ ਉਪਰੰਤ ਸਮੁੱਚੀ ਅਕਾਲੀ ਲੀਡਰਸ਼ਿਪ ਦੇ ਆਖਣ ’ਤੇ ਉਨ੍ਹਾ ਪ੍ਰਧਾਨ ਵਜੋਂ ਅਹੁਦਾ ਮੁੜ ਸੰਭਾਲਣ ਦਾ ਫੈਸਲਾ ਕੀਤਾ ਹੈ ਅਤੇ ਉਹ ਦੋ-ਚਾਰ ਦਿਨਾਂ ਅੰਦਰ ਇਹ ਸੇਵਾ ਸੰਭਾਲ ਲੈਣਗੇ।

ਸੁਖਬੀਰ ਸਿੰਘ ਬਾਦਲ ਦੇ ਘਰ ਪੁੱਜਣ ’ਤੇ ਧਾਮੀ ਨੇ ਉਨ੍ਹਾ ਦਾ ਸਵਾਗਤ ਕਰਦਿਆਂ ਨਿੱਘੀ ਜੱਫੀ ਪਾਈ ਅਤੇ ਉਨ੍ਹਾ ਨੂੰ ਅੰਦਰ ਲੈ ਕੇ ਗਏ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਵੀ ਉਨ੍ਹਾ ਦੇ ਨਾਲ ਹਨ।

ਸੁਖਬੀਰ ਸਿੰਘ ਬਾਦਲ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇਮਾਨਦਾਰ ਅਤੇ ਪਾਰਟੀ ਦਾ ਵਫ਼ਾਦਾਰ ਸਿਪਾਹੀ ਕਰਾਰ ਦਿੱਤਾ। ਉਹਨਾ ਕਿਹਾ ਕਿ ਅਜੋਕੇ ਸਮੇਂ ਵਿੱਚ ਸਿੱਖ ਪੰਥ ਨੂੰ ਦਰਪੇਸ਼ ਭਰਪੂਰ ਚੁਣੌਤੀਆਂ ਵਾਲੇ ਮਾਹੌਲ ਵਿੱਚ ਆਪਸੀ ਏਕਤਾ, ਵਿਸ਼ਵਾਸ, ਇਤਫ਼ਾਕ ਤੇ ਭਾਈਚਾਰਕ ਭਾਵਨਾ ਦਾ ਮਜ਼ਬੂਤ ਹੋਣਾ ਸਮੇਂ ਦੀ ਮੁੱਖ ਲੋੜ ਹੈ। ਗੁਰੂਧਾਮ ਅਤੇ ਤਖਤ ਸਾਹਿਬਾਨ ਪੰਥਕ ਏਕਤਾ ਲਈ ਮਜ਼ਬੂਤ ਅਤੇ ਮੁੱਖ ਸੋਮਾ ਹਨ, ਪਰ ਕੁਝ ਪੰਥ ਵਿਰੋਧੀ ਤਾਕਤਾਂ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ, ਤਖਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਕਰਵਾਈ ਜਾ ਰਹੀ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੀ ਤਾਕਤ ਖਤਮ ਕਰਨ ਲਈ ਹਰਿਆਣਾ ਕਮੇਟੀ ਬਣਾਉਣਾ ਤੇ ਇਥੇ ਕਬਜ਼ਾ ਕਰਨਾ ਵੀ ਪੰਥ ਵਿਰੋਧੀ ਤਾਕਤਾਂ ਦਾ ਕੰਮ ਹੈ। ਅਜਿਹੇ ਆਪੋਧਾਪੀ ਵਾਲੇ ਮਾਹੌਲ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਬਾਦਲ ਨੇ ਅਜਿਹੇ ਬਿਖੜੇ ਸਮੇਂ ਵਿੱਚ ਪੰਥਕ ਏਕਤਾ ’ਤੇ ਜ਼ੋਰ ਦਿੱਤਾ।

# ਜਥੇਦਾਰ ਗੜਗੱਜ ਪੰਥਕ ਏਕੇ ਲਈ ਸਰਗਰਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ/ ਕੰਵਲਜੀਤ ਸਿੰਘ)**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾ ਨੂੰ ਸੇਵਾ ਸੰਭਾਲੀ ਨੂੰ ਹਾਲੇ ਕੁਝ ਦਿਨ ਹੀ ਹੋਏ ਹਨ ਅਤੇ ਇਨ੍ਹਾਂ ਦਿਨਾਂ ਵਿਚ ਹੀ ਦਸਵੇਂ ਪਾਤਿਸ਼ਾਹ ਵੱਲੋਂ ਬਖਸ਼ਿਆ ਕੌਮੀ ਤਿਉਹਾਰ ਹੋਲਾ ਮਹੱਲਾ ਸੀ, ਇਸ ਲਈ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸੇਵਾਦਾਰ ਹੋਣ ਦੇ ਨਾਤੇ ਹੋਲੇ ਮਹੱਲੇ ਵਿਚ ਰੁੱਝੇ ਹੋਏ ਸਨ, ਜਿਸ ਕਾਰਨ ਦੋ ਦਸੰਬਰ ਨੂੰ ਜੋ ਫੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ, ਉਨ੍ਹਾਂ ਬਾਬਤ ਜਾਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸੰਬੰਧੀ ਚੱਲ ਰਹੇ ਮਸਲੇ ਬਾਬਤ ਸਮੇਂ ਦੀ ਘਾਟ ਕਾਰਨ ਕੋਈ ਘੋਖ ਨਹੀਂ ਕਰ ਸਕੇ। ਉਨ੍ਹਾ ਕਿਹਾ ਕਿ ਉਨ੍ਹਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਸੰਬੋਧਨ ਦੌਰਾਨ ਵੀ ਪੰਥਕ ਏਕਤਾ ਦਾ ਹੋਕਾ ਦਿੱਤਾ ਸੀ, ਕਿਉਂਕਿ ਇਹ ਸਮੇਂ ਦੀ ਲੋੜ ਹੈ ਤੇ ਇਹ ਸਮੁੱਚੇ ਖ਼ਾਲਸਾ ਪੰਥ ਦੀ ਭਾਵਨਾ ਵੀ ਹੈ। ਉਨ੍ਹਾ ਕਿਹਾ ਕਿ ਪੰਥਕ ਏਕਤਾ ਸੰਬੰਧੀ ਹਾਂ-ਪੱਖੀ ਹੁੰਗਾਰਾ ਭਰਦੇ ਹੋਏ ਸੋਮਵਾਰ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਪ੍ਰੈੱਸ ਕਾਨਫਰੰਸ ਵਿਚ ਜੋ ਨੁਕਤੇ ਉਠਾਏ ਹਨ, ਖਾਸ ਕਰਕੇ ਸਿੰਘ ਸਾਹਿਬਾਨ ਵੱਲੋਂ ਦੋ ਦਸੰਬਰ ਨੂੰ ਕੀਤੇ ਫੈਸਲਿਆਂ ਵਿਚ ਜੋ ਕੇਂਦਰੀ ਨੁਕਤਾ ਆਪਸੀ ਏਕਤਾ ਦਾ ਸੀ, ਉਸ ਬਾਰੇ ਪਹਿਲ ਕੀਤੀ ਹੈ, ਇਹ ਇਕ ਸ਼ੁਭ ਸੰਕੇਤ ਹੈ। ਸਿੰਘ ਸਾਹਿਬ ਨੇ ਕਿਹਾ ਕਿ ਉਨ੍ਹਾ ਨੂੰ ਉਮੀਦ ਹੈ

• ਬਾਕੀ ਸਫਾ 2 ’ਤੇ

## ਪਹਿਲੀ ਪਰਚੀ ਗਿਆਨੀ ਹਰਪ੍ਰੀਤ ਸਿੰਘ ਦੀ ਕੱਟੀ

**ਅੰਮ੍ਰਿਤਸਰ** : ਸ਼੍ਰੋਮਣੀ ਅਕਾਲੀ ਦਲ ਵਿੱਚ ਭਰਤੀ ਲਈ ਬਣਾਈ ਗਈ ਪੰਜ ਮੈਂਬਰੀ ਕਮੇਟੀ ਨੇ ਮੰਗਲਵਾਰ ਇੱਥੇ ਸ੍ਰੀ ਅਕਾਲ ਤਖਤ ਵਿਖੇ ਅਰਦਾਸ ਮਗਰੋਂ ਭਰਤੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ।

ਇਸ ਸੰਬੰਧ ਵਿੱਚ ਸ੍ਰੀ ਅਕਾਲ ਤਖਤ ਵਿਖੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਰਦਾਸ ਕੀਤੀ ਗਈ। ਸਭ ਤੋਂ ਪਹਿਲੀ ਪਰਚੀ ਗਿਆਨੀ ਹਰਪ੍ਰੀਤ ਸਿੰਘ ਦੀ ਕੱਟੀ ਗਈ ਅਤੇ ਉਸ ਤੋਂ ਬਾਅਦ ਬਾਕੀ ਆਗੂਆਂ ਵੱਲੋਂ ਮੈਂਬਰਸ਼ਿਪ ਭਰਤੀ ਦੀ ਪਰਚੀ ਕਟਵਾਈ ਗਈ। ਮੀਡੀਆ ਨਾਲ ਗੱਲ ਕਰਦਿਆਂ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਇਹ ਭਰਤੀ ਸ੍ਰੀ ਅਕਾਲ ਤਖਤ ਦੇ ਆਦੇਸ਼ ਅਨੁਸਾਰ ਹੋਵੇਗੀ। ਇਹ ਭਰਤੀ ਬਿਨਾਂ ਫੀਸ ਦੇ ਹੋਵੇਗੀ।

## ਨਾਗਪੁਰ ਦੇ ਕਈ ਇਲਾਕਿਆਂ ’ਚ ਕਰਫਿਊ

**ਨਾਗਪੁਰ** : ਮੁਗਲ ਸਮਰਾਟ ਔਰੰਗਜ਼ੇਬ ਦੇ ਮਕਬਰੇ ਵਿਰੁੱਧ ਪ੍ਰਦਰਸ਼ਨ ਤੋਂ ਬਾਅਦ ਫੈਲੀ ਹਿੰਸਾ ਕਰਕੇ ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਕਰਫਿਊ ਲਗਾ ਦਿੱਤਾ ਗਿਆ ਹੈ। ਕੇਂਦਰੀ ਨਾਗਪੁਰ ਵਿੱਚ ਸੋਮਵਾਰ ਸ਼ਾਮ ਨੂੰ ਹੋਈ ਹਿੰਸਾ ਵਿੱਚ ਤਿੰਨ ਡੀ ਸੀ ਪੀ’ਜ਼ ਸਮੇਤ 12 ਪੁਲਸ ਕਰਮਚਾਰੀ ਜ਼ਖਮੀ ਹੋ ਗਏ। ਹਿੰਸਾ ਦੇ ਸੰਬੰਧ ਵਿੱਚ ਪੁਲਸ ਨੇ 15 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਪੁਲਸ ਨੇ ਮੰਗਲਵਾਰ ਕਿਹਾ ਕਿ ਕੋਤਵਾਲੀ, ਗਣੇਸ਼ਪੇਠ, ਤਹਿਸੀਲ, ਲੱਕੜਗੰਜ, ਪਚਪੌਲੀ, ਸ਼ਾਂਤੀ ਨਗਰ, ਸੱਕਰਦਰਾ, ਨੰਦਨਵਨ, ਇਮਾਮਬਾੜਾ, ਯਸ਼ੋਧਰਾ ਨਗਰ ਅਤੇ ਕਪਿਲ ਨਗਰ ਪੁਲਸ ਸਟੇਸ਼ਨਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਇਲਾਕਿਆਂ ਵਿੱਚ ਕਰਫਿਊ ਲਗਾਇਆ ਗਿਆ ਹੈ। ਸੋਮਵਾਰ ਸ਼ਾਮ 7:30 ਵਜੇ ਦੇ ਕਰੀਬ ਮੱਧ ਨਾਗਪੁਰ ਦੇ ਚਿਟਨੀਸ ਪਾਰਕ ਇਲਾਕੇ ਵਿੱਚ ਹਿੰਸਾ ਭੜਕ ਗਈ, ਜਿਸ ਵਿੱਚ ਔਰੰਗਜ਼ੇਬ ਦੇ ਮਕਬਰੇ ਨੂੰ ਹਟਾਉਣ ਲਈ ਇੱਕ ਸੱਜੇ-

• ਬਾਕੀ ਸਫਾ 2 ’ਤੇ

# ਡਰੱਗ ਸਰਗਣਾ ਜੀਤਾ ਮੌੜ ਦੀ ਮੌਤ



**ਜਲੰਧਰ** : ਡਰੱਗ ਸਰਗਣੇ ਰਣਜੀਤ ਸਿੰਘ ਜੀਤਾ ਮੌੜ ਦਾ ਦੇਹਾਂਤ ਹੋ ਗਿਆ ਹੈ। ਕਪੂਰਥਲਾ ਦੇ ਪਿੰਡ ਕਾਲਾ ਸੰਘਿਆਂ ਦੇ ਜੀਤੇ ਨੂੰ ਸੋਮਵਾਰ ਦੇਰ ਸ਼ਾਮ ਦਿਲ ਦਾ ਦੌਰਾ ਪਿਆ। ਉਸ ਨੂੰ ਜਲੰਧਰ ਦੇ ਇੱਕ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਉਹ ਕੁਝ ਮਹੀਨਿਆਂ ਤੋਂ ਬਿਮਾਰ ਸੀ ਅਤੇ ਲੱਤਾਂ ਸੁੱਜੀਆਂ ਹੋਣ ਕਾਰਨ ਤੁਰਨ-ਫਿਰਨ ਵਿੱਚ ਮੁਸ਼ਕਲ ਆ ਰਹੀ ਸੀ।

ਜੀਤਾ ਮੌੜ ਨੇ ਇੱਕ ਕੌਮਾਂਤਰੀ ਕਬੱਡੀ ਖਿਡਾਰੀ ਤੋਂ ਲੈ ਕੇ ਇੱਕ ਪ੍ਰਮੁੱਖ ਰਿਐਲਟਰ ਤੱਕ ਦੋਆਬਾ ਅਤੇ ਮਾਝਾ ਵਿੱਚ 70 ਤੋਂ 80 ਕਲੋਨੀਆਂ ਵਿਕਸਤ ਕੀਤੀਆਂ। ਉਸ ਦੀ ਆਲੀਸ਼ਾਨ ਜੀਵਨ ਸ਼ੈਲੀ ਅਤੇ ਦਰਾਮਦ ਕੀਤੀਆਂ ਮਹਿੰਗੀਆਂ ਕਾਰਾਂ ਦੇ ਫਲੀਟ ਕਰਕੇ ਉਸ ਨੇ ਬਹੁਤ ਸਾਰੇ ਦੋਸਤ ਅਤੇ ਵਪਾਰਕ ਭਾਈਵਾਲ ਬਣਾਏ, ਜਿਨ੍ਹਾਂ ਵਿੱਚੋਂ ਬਹੁਤੇ ਸਿਆਸਤਦਾਨ ਅਤੇ ਸੀਨੀਅਰ ਪੁਲਸ ਅਧਿਕਾਰੀ ਸਨ। ਉਸ ਦੇ ਵਿਸ਼ਾਲ ਸਾਮਰਾਜ, ਜਿਸ ਨੂੰ ਉਸ ਨੇ 2010 ਵਿੱਚ ਸਥਾਪਤ ਕਰਨਾ ਸ਼ੁਰੂ ਕੀਤਾ ਸੀ, ਨੂੰ ਪਹਿਲਾ ਝਟਕਾ ਉਦੋਂ ਲੱਗਾ, ਜਦੋਂ ਉਹ 2018 ਵਿੱਚ ਆਪਣੇ ਕਾਰੋਬਾਰੀ ਸਾਥੀ ਚਰਨ ਸਿੰਘ ਨਾਲੋਂ ਵੱਖ ਹੋ ਗਿਆ। ਉਹ ਆਪਣੇ ਇਸ ਭਾਈਵਾਲ ਨਾਲ ਹੁਣ 30 ਤੋਂ ਵੱਧ ਸਿਵਲ ਅਤੇ ਅਪਰਾਧਕ ਮੁਕੱਦਮਿਆਂ ਵਿੱਚ ਉਲਝਿਆ ਹੋਇਆ ਸੀ। ਫਰਵਰੀ 2022 ਵਿੱਚ ਸਪੈਸ਼ਲ ਟਾਸਕ ਫੋਰਸ ਨੇ ਚਰਨ ਸਿੰਘ ਵੱਲੋਂ ਦਾਇਰ ਸ਼ਿਕਾਇਤ ਦੇ ਆਧਾਰ ’ਤੇ ਉਸ ਨੂੰ ਇੱਕ ਡਰੱਗ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਅਤੇ 12 ਹੋਰਾਂ ਵਿਰੁੱਧ ਮਾਮਲਾ ਦਰਜ ਕੀਤਾ। ਇਸ ਮਾਮਲੇ ਨੇ ਉਸ ਨੂੰ ਈ ਡੀ ਦੇ ਨਿਸ਼ਾਨੇ ’ਤੇ ਲਿਆ ਦਿੱਤਾ।

ਜੀਤਾ ਮੌੜ ਆਪਣੇ ਸਕੂਲ ਦੇ ਦਿਨਾਂ ਵਿੱਚ ਲੰਡਨ ਚਲਿਆ ਗਿਆ ਸੀ। ਉਸ

• ਬਾਕੀ ਸਫਾ 2 ’ਤੇ

## ਸ਼ਾਮਲਾਤ ਦੀ ਥਾਂ ’ਤੇ ਬਣਾਈ ਤਿੰਨ ਮੰਜ਼ਲਾ ਕੋਠੀ ’ਤੇ ਚਲਾਇਆ ਬੁਲਡੋਜ਼ਰ

**ਰਾਏਕੋਟ** : ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਪਿੰਡ ਬੁਰਜ ਹਰੀ ਸਿੰਘ ਦੇ ਕਥਿਤ ਨਸ਼ਾ ਤਸਕਰ ਅਮਰਜੀਤ ਸਿੰਘ ਪੱਪਾ ਦੀ ਪਿੰਡ ਦੀ ਪੰਚਾਇਤੀ ਸ਼ਾਮਲਾਤ (ਛੱਪੜ) ਦੀ ਥਾਂ ’ਤੇ ਬਣੀ ਤਿੰਨ ਮੰਜ਼ਲਾ ਕੋਠੀ ਨੂੰ ਢਾਹੁਣ ਲਈ ਪ੍ਰਸ਼ਾਸਨ ਨੇ ਬੁਲਡੋਜ਼ਰ ਚਲਾਇਆ।

ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਮੁਲਜ਼ਮ ਪੱਪਾ ਦੀ ਮਾਤਾ ਅਵਤਾਰ ਕੌਰ ਤੋਂ ਡਿਊਟੀ ਮੈਜਿਸਟਰੇਟ ਰਾਕੇਸ਼ ਕੁਮਾਰ ਅਤੇ ਬੀ ਡੀ ਪੀ ਓ ਜਸਵਿੰਦਰ ਸਿੰਘ ਨੇ ਪੁਲਸ ਦੀ ਮੌਜੂਦਗੀ ਵਿੱਚ ਕੋਈ ਅਦਾਲਤੀ ਸਟੇਅ ਜਾਂ ਹੋਰ ਆਦੇਸ਼ ਬਾਰੇ ਜਾਣਕਾਰੀ ਮੰਗੀ, ਪਰ ਅਵਤਾਰ ਕੌਰ ਵੱਲੋਂ ਅਜਿਹਾ ਕੋਈ ਆ ਦੇ ਸ਼

• ਬਾਕੀ ਸਫਾ 2 ’ਤੇ

## ਦੋ ਘਰ ਢਾਹੇ

**ਸੰਗਰੂਰ** : ਸ਼ਹਿਰ ਦੀ ਰਾਮਨਗਰ ਬਸਤੀ ’ਚ ਸਥਿਤ ਨਸ਼ਾ ਤਸਕਰਾਂ ਦੇ ਦੋ ਘਰਾਂ ਨੂੰ ਜੇ ਸੀ ਬੀ ਨਾਲ ਢਾਹ ਦਿੱਤਾ ਗਿਆ। ਇਸ ਮੌਕੇ ਐੱਸ ਐੱਸ ਪੀ ਸਰਤਾਜ ਸਿੰਘ ਚਾਹਲ ਤੇ ਹੋਰ ਅਧਿਕਾਰੀ ਮੌਜੂਦ ਸਨ।

ਦੋਵੇਂ ਘਰਾਂ ਦੇ ਮਾਲਕਾਂ ਨੂੰ ਪਹਿਲਾਂ ਘਰਾਂ ਦੀ ਅਣਅਧਿਕਾਰਤ ਉਸਾਰੀ ਲਈ ਨਗਰ ਕੌਂਸਲ ਵੱਲੋਂ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਦੋਵੇਂ ਨਸ਼ਾ ਤਸਕਰਾਂ ਖਿਲਾਫ ਕਈ ਕੇਸ ਦਰਜ ਹਨ।

## ਸੁਨੀਤਾ ਰਾਣੀ ਦੇ ਵਿਛੋੜੇ ’ਤੇ ਅਰਸ਼ੀ ਤੇ ਹੋਰਨਾਂ ਵੱਲੋਂ ਦੁੱਖ ਪ੍ਰਗਟ

**ਬੁਢਲਾਡਾ (ਅਸ਼ੋਕ ਲਾਕੜਾ)**

ਸੀ ਪੀ ਆਈ ਪੰਜਾਬ ਕੰਟਰੋਲ ਕਮਿਸ਼ਨ ਦੇ ਮੈਂਬਰ, ਤਹਿਸੀਲ ਬੁਢਲਾਡਾ ਦੇ ਸਕੱਤਰ ਅਤੇ ਉੱਘੇ ਸਮਾਜ ਸੇਵੀ ਵੇਦ ਪ੍ਰਕਾਸ਼ ਸਾਬਕਾ ਕੌਂਸਲਰ ਦੀ ਜੀਵਨ ਸਾਥਣ ਬੀਬੀ ਸੁਨੀਤਾ ਰਾਣੀ, ਜਿਨ੍ਹਾ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ, ਨਮਿਤ ਗਰੁੜ ਪੁਰਾਣ ਪਾਠ ਦਾ ਭੋਗ 23 ਮਾਰਚ ਨੂੰ ਬਾਅਦ ਦੁਪਹਿਰ 12-00 ਵਜੇ ਤੋਂ 1-00 ਵਜੇ ਤੱਕ ਸ੍ਰੀ ਭਵਨ ਸਾਹਮਣੇ ਪੰਚਾਇਤੀ ਗਊਸ਼ਾਲਾ ਪੁਰਾਣੀ ਮੰਡੀ ਬੁਢਲਾਡਾ ਵਿਖੇ ਪਵੇਗਾ।

ਦੁੱਖ ਦੀ ਘੜੀ ਵਿੱਚ ਵੇਦ ਪ੍ਰਕਾਸ਼ ਅਤੇ ਉਨ੍ਹਾ ਦੇ ਪਰਵਾਰ ਨਾਲ ਸ਼ਰੀਕ ਹੁੰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਪੰਜਾਬ ਇਸਤਰੀ ਸਭਾ ਦੀ ਸੂਬਾਈ ਆਗੂ ਦਲਜੀਤ ਕੌਰ ਅਰਸ਼ੀ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਸੀ ਪੀ ਆਈ (ਐੱਮ) ਦੇ ਜ਼ਿਲ੍ਹਾ ਸਕੱਤਰ ਸਵਰਨਜੀਤ ਸਿੰਘ ਦਲਿਓ ਐਡਵੋਕੇਟ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਮਲਕੀਤ ਸਿੰਘ ਮੰਦਰਾਂ, ਏਟਕ ਦੇ ਆਗੂ ਜਗਸੀਰ ਸਿੰਘ ਰਾਏਕੇ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਸੀਤਾ ਰਾਮ ਗੋਬਿੰਦਪੁਰਾ, ਹਰਦਿਆਲ ਸਿੰਘ ਦਾਤੇਵਾਸ, ਮਾਸਟਰ ਰਘੁਨਾਥ ਸਿੰਗਲਾ, ਮਾਸਟਰ ਅਵਤਾਰ ਸਿੰਘ, ਪਵਨ ਸ਼ਰਮਾ ਆਦਿ ਨੇ ਬੀਬੀ ਸੁਨੀਤਾ ਰਾਣੀ ਦੇ ਅਚਾਨਕ ਵਿਛੋੜੇ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਅਰਸ਼ੀ ਨੇ ਕਿਹਾ ਕਿ ਬੀਬੀ ਜੀ ਦਾ ਪਾਰਲੀਮਾਨੀ ਅਤੇ ਜਨਤਕ ਸੰਘਰਸ਼ਾਂ ਸਮੇਤ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਰਿਹਾ ਹੈ।

## 2025 ਦੁਨੀਆ ’ਚ ਇਨਕਲਾਬੀ ਤਬਦੀਲੀਆਂ ਦਾ ਗਵਾਹ ਬਣ ਸਕਦੈ : ਜਗਰੂਪ



**ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ/ਜੀਤ ਕੁਮਾਰ ਚੌਹਾਣਾ/ ਰਣਬੀਰ ਕੌਰ ਢਾਬਾਂ)**

ਸਥਾਨਕ ਸੁਤੰਤਰ ਭਵਨ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਬਲਾਕ ਜਲਾਲਾਬਾਦ ਦੀ ਇੱਕ ਵਿਸ਼ੇਸ਼ ਮੀਟਿੰਗ ਹੰਸ ਰਾਜ ਗੋਲਡਨ, ਸੁਰਿੰਦਰ ਢੰਡੀਆਂ, ਗੁਰਮੀਤ ਕੌਰ ਢੰਡੀਆਂ, ਪਰਮਜੀਤ ਢਾਬਾਂ ਅਤੇ ਹਰਭਜਨ ਛੱਪੜੀਵਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਵਿਚ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਆਗੂ ਜਗਰੂਪ ਸਿੰਘ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ। ਮੀਟਿੰਗ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਇਲਾਕੇ ਵਿੱਚ ਵੱਖ-ਵੱਖ ਪਿੰਡਾਂ ਵਿੱਚੋਂ ਪਾਰਟੀ ਵਰਕਰਾਂ ਅਤੇ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਜਗਰੂਪ ਸਿੰਘ ਨੇ ਕਿਹਾ ਕਿ ਦੁਨੀਆ ਦੇ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਬੇਸ਼ੱਕ ਦੁਨੀਆ ਦੀ ਸਰਮਾਏਦਾਰੀ ਸਭ ਕਾਸੇ ’ਤੇ ਕਬਜ਼ਾ ਕਰਨ ਲਈ ਸਾਰੇ ਕਾਇਦੇ-ਕਾਨੂੰਨਾਂ ਨੂੰ ਛਿੱਕੇ ਟੰਗ ਕੇ ਲੋਕਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ, ਪਰ ਲੋਕ ਸੰਘਰਸ਼ਾਂ ਅੱਗੇ ਇਹਨੂੰ ਹਾਰਨਾ ਪਵੇਗਾ। ਉਹਨਾ ਆਸ ਪ੍ਰਗਟ ਕਰਦਿਆਂ ਕਿਹਾ ਕਿ 2025 ਦਾ ਸਾਲ ਦੁਨੀਆ ਵਿੱਚ ਇਨਕਲਾਬੀ ਤਬਦੀਲੀਆਂ ਦਾ ਗਵਾਹ ਬਣ ਸਕਦਾ ਹੈ, ਕਿਉਂਕਿ ਹੁਣ

• ਬਾਕੀ ਸਫਾ 2 ’ਤੇ

## ਗ੍ਰਨੇਡ ਸੁੱਟਣ ਵਾਲਾ ਮੁਕਾਬਲੇ ’ਚ ਜ਼ਖਮੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**-ਪਿੰਡ ਰਾਏਪੁਰ ਰਸੂਲਪੁਰ ਵਿਖੇ ਯੂਟਿਊਬਰ ਰੋਜ਼ਰ ਸੰਧੂ ਦੇ ਘਰ ’ਤੇ ਗ੍ਰਨੇਡ ਹਮਲਾ ਕਰਨ ਵਾਲਾ ਮੁਲਜ਼ਮ ਹਾਰਦਿਕ ਕੰਬੋਜ (21) ਪੁਲਸ ਮੁਕਾਬਲੇ ਦੌਰਾਨ ਜ਼ਖ਼ਮੀ ਹੋ ਗਿਆ।

ਪੁਲਸ ਨੇ ਉਸ ਨੂੰ ਸੋਮਵਾਰ ਦੇਰ ਸ਼ਾਮ ਯਮੁਨਾਨਗਰ ਦੇ ਇੱਕ ਪਿੰਡ ਤੋਂ ਗ੍ਰਿਫਤਾਰ ਕੀਤਾ ਸੀ ਤੇ ਜਦੋਂ ਹਥਿਆਰ ਬਰਾਮਦਗੀ ਲਈ ਜਲੰਧਰ ਦੇ ਪਿੰਡ ਰਾਏਪੁਰ ਬੱਲਾਂ ਲੈ ਕੇ ਗਈ ਤਾਂ ਉਸ ਨੇ ਹਥਿਆਰ ਆਪਣੇ ਹੱਥ ਵਿਚ ਲੈਂਦਿਆਂ ਗੋਲੀ ਚਲਾ ਦਿੱਤੀ। ਜਵਾਬੀ ਕਾਰਵਾਈ ਵਿੱਚ ਉਸ ਦੇ ਲੱਤ ਵਿਚ ਗੋਲੀ ਲੱਗੀ। ਉਹ ਯਮੁਨਾਨਗਰ ਦੇ ਸ਼ਾਦੀਪੁਰ ਪਿੰਡ ਦਾ ਰਹਿਣ ਵਾਲਾ ਹੈ।

## ਅੱਜ-ਨਾਮਾ

ਹਰ ਇੱਕ ਵਿੱਚ ਬਾਜ਼ਾਰ ਦੇ ਬੜੀ ਰੌਣਕ,
ਹਰ ਇੱਕ ਚੀਜ਼ ਲਈ ਹੋਏ ਖਰੀਦ ਬੇਲੀ।
ਆਉਂਦੇ ਫੋਕੀ ਕਈ ਕਰਨ ਨੂੰ ਸੈਰ ਓਥੇ,
ਚਾਹੀਦੀ ਕਿਸੇ ਦੀ ਹੁੰਦੀ ਆ ਦੀਦ ਬੇਲੀ।
ਜਾਂਦਾ ਟੱਕਰ ਕਿ ਜੀਹਦੀ ਆ ਚਾਹ ਹੁੰਦੀ,
ਸੱਜਣ ਕਹਿਣ ਫਿਰ ਹੋਈ ਹੈ ਈਦ ਬੇਲੀ।
ਦਾਅਵੇ ਗੱਲਾਂ ਦੇ ਵਿੱਚ ਉਹ ਇੰਜ ਕਰਦੇ,
ਹੋਣਾ ਏ ਇਸ਼ਕ ਦਾ ਜਿੰਦਾਂ ਸ਼ਹੀਦ ਬੇਲੀ।
ਘੰਟਿਆਂ ਦੋ ਜਾਂ ਤਿੰਨ ਲਈ ਇਸ਼ਕ ਜਾਣੋ,
ਜਾਂਦਾ ਫਿਰ ਸਮਾਂ ਬਾਜ਼ਾਰ ਦਾ ਮੁੱਕ ਬੇਲੀ।
ਚੜ੍ਹਿਆ ਇਸ਼ਕ ਦਾ ਜਿੱਦਾਂ ਝਨਾਅ ਸਾਰਾ,
ਪਲਾਂ ਦੇ ਵਿੱਚ ਫਿਰ ਜਾਂਦਾ ਹੈ ਸੁੱਕ ਬੇਲੀ।

-ਤੀਸ ਮਾਰ ਖਾਂ

# ਪੰਜਾਬ ’ਚ ਨਸ਼ਿਆਂ ਬਾਰੇ ਜਨਗਣਨਾ ਕਰਵਾਈ ਜਾਵੇਗੀ : ਕੇਜਰੀਵਾਲ



**ਲੁਧਿਆਣਾ** : ਸੂਬੇ ਵਿੱਚ ਨਸ਼ਿਆਂ ਦੀ ਲਾਹਨਤ ਖਿਲਾਫ਼ ਆਰ-ਪਾਰ ਦੀ ਲੜਾਈ ਲੜਨ ਦੀ ਸ਼ੁਰੂਆਤ ਕਰਦਿਆਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਕ ਅਪ੍ਰੈਲ ਤੋਂ ਨਸ਼ਿਆਂ ਖਿਲਾਫ਼ ਲੋਕ ਲਹਿਰ ਵਿੱਢਣ ਦਾ ਐਲਾਨ ਕੀਤਾ।

ਇੱਥੇ ਇਨਡੋਰ ਸਟੇਡੀਅਮ ਵਿਖੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਉਹਨਾ ਕਿਹਾ ਕਿ ਇਕ ਅਪ੍ਰੈਲ ਤੋਂ ਮੁੱਠੀਭਰ ਨਸ਼ਾ ਤਸਕਰਾਂ ਨੂੰ ਖਦੇੜਨ ਲਈ ਤਿੰਨ ਕਰੋੜ ਪੰਜਾਬੀ ਨਸ਼ਿਆਂ ਖਿਲਾਫ਼ ਮੈਦਾਨ ਵਿੱਚ ਨਿੱਤਰਨਗੇ, ਕਿਉਂਕਿ ਇਹ ਤਸਕਰ ਪੈਸਾ ਕਮਾਉਣ ਲਈ ਸੂਬੇ ਦੀਆਂ ਪੀੜ੍ਹੀਆਂ ਬਰਬਾਦ ਕਰ ਰਹੇ ਹਨ। ਕੇਜਰੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਇਕ ਅਪ੍ਰੈਲ ਤੋਂ ਨਸ਼ਿਆਂ ਦੇ ਖਿਲਾਫ਼ ਲੋਕ ਲਹਿਰ ਸ਼ੁਰੂ ਕਰੇਗੀ। ਉਨ੍ਹਾ ਹਰੇਕ ਪੰਜਾਬੀ ਨੂੰ ਨਸ਼ਿਆਂ ਵਿਰੁੱਧ ਜੰਗ ਦਾ ਸਿਪਾਹੀ ਬਣਨ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਹਰੇਕ ਪਾਰਟੀ ਵਰਕਰ ਸੂਬੇ ਵਿੱਚੋਂ ਨਸ਼ਿਆਂ ਦਾ ਸਫਾਇਆ ਕਰਨ ਲਈ ਪਿੰਡ-ਪਿੰਡ ਜਾਵੇਗਾ ਅਤੇ ਨਸ਼ਿਆਂ ਦੇ ਖਿਲਾਫ਼ ਇਹ ਫੈਸਲਾਕੁੰਨ ਜੰਗ ਹੋਵੇਗੀ।

ਆਪ ਦੇ ਕੌਮੀ ਕਨਵੀਨਰ ਨੇ ਨਸ਼ਾ ਵਿਰੋਧੀ ਹੈੱਲਪਲਾਈਨ ਨੰਬਰ 9779100200 ਨੂੰ ਜਨਤਕ ਕਰਦਿਆਂ ਲੋਕਾਂ ਨੂੰ ਉਨ੍ਹਾਂ ਦੇ ਇਲਾਕੇ ਵਿੱਚ ਨਸ਼ੇ ਵੇਚਣ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੀ ਸੂਚਨਾ ਇਸ ਨੰਬਰ ਉਤੇ ਸਾਂਝੀ ਕਰਨ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ, ਪਰ ਨਸ਼ਾ ਤਸਕਰਾਂ ਖਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇਗੀ। ਇਸੇ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਸੂਬਾ ਭਰ ਵਿੱਚ ਨਸ਼ਿਆਂ ਬਾਰੇ ਜਨਗਣਨਾ ਕਰਵਾਈ ਜਾਵੇਗੀ, ਤਾਂ ਕਿ ਸੂਬੇ ਵਿੱਚ ਨਸ਼ਿਆਂ ਦੀ ਮੌਜੂਦਾ ਸਥਿਤੀ ਦੀ ਡੂੰਘਾਈ ਤੱਕ ਪਹੁੰਚਿਆ ਜਾ ਸਕੇ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਸ ਜਨਗਣਨਾ ਦੇ ਹਿੱਸੇ ਵਜੋਂ ਟੀਮਾਂ ਸ਼ਹਿਰਾਂ ਅਤੇ ਪਿੰਡਾਂ ਵਿੱਚ ਨਸ਼ਿਆਂ ਦੀ ਅਸਲ ਸਥਿਤੀ ਦਾ ਪਤਾ ਲਾਉਣ ਲਈ ਹਰੇਕ ਘਰ ਦਾ ਦੌਰਾ ਕਰਨਗੀਆਂ। ਉਨ੍ਹਾ ਕਿਹਾ ਕਿ ਨਸ਼ੇ ਦੇ ਪੀੜਤਾਂ ਦੀ ਪਛਾਣ ਗੁਪਤ ਰੱਖੀ ਜਾਵੇਗੀ, ਪਰ ਬਾਅਦ ਵਿੱਚ ਸੁਧਾਰ ਲਈ ਕਦਮ ਚੁੱਕੇ ਜਾਣਗੇ। ਉਹਨਾ

• ਬਾਕੀ ਸਫਾ 2 ’ਤੇ

CMYK

## ਦਵਿੰਦਰ ਬੰਬੀਹਾ ਗੈਂਗ ਦਾ ਗੁਰਗਾ ਪਿਸਟਲ ਸਮੇਤ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)** ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ਿਆਂ, ਲੁੱਟਾਂ-ਖੋਹਾਂ ਤੇ ਫਿਰੌਤੀ ਮੰਗਣ ਵਾਲੇ ਗਰੋਹਾਂ ਨੂੰ ਨੱਥ ਪਾਉਣ ਲਈ ਵਿੱਢੀ ਮੁਹਿੰਮ ਨੂੰ ਸਫਲਤਾ ਹਾਸਲ ਹੋਈ।ਸ੍ਰੀ ਬਾਲ ਕ੍ਰਿਸ਼ਨ ਸਿੰਗਲਾ ਐੱਸ ਪੀ (ਡੀ) ਮੋਗਾ, ਸ੍ਰੀ ਰਮਨਦੀਪ ਸਿੰਘ ਡੀ.ਐੱਸ.ਪੀ. ਧਰਮਕੋਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇੰਸਪੈਕਟਰ ਗੁਰਵਿੰਦਰ ਸਿੰਘ ਭੁੱਲਰ ਮੁੱਖ ਅਫਸਰ ਥਾਣਾ ਮਹਿਣਾ ਸਮੇਤ ਪੁਲਸ ਪਾਰਟੀ ਚੈਕਿੰਗ ਦੌਰਾਨ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਬੁੱਘੀਪੁਰਾ ਤੋਂ ਬਹੋਨਾ, ਮਹਿਣੇ ਤੋਂ ਰਾਮੂੰਵਾਲਾ ਕਲਾਂ ਰਾਹੀਂ ਰਾਮੂੰਵਾਲਾ ਹਰਚੋਕਾ ਨੂੰ ਜਾ ਰਹੇ ਸੀ, ਪੁਲਸ ਪਾਰਟੀ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਮਨ ਕੁਮਾਰ ਉਰਫ ਅਮਨਾ ਪੁੱਤਰ ਅਸ਼ੋਕ ਕੁਮਾਰ ਵਾਸੀ ਟਿਵਾਣਾ ਕਲਾਂ ਜ਼ਿਲ੍ਹਾ ਫਾਜ਼ਿਲਕਾ, ਜਿਸ 'ਤੇ ਪਹਿਲਾਂ ਵੀ ਲੁੱਟਾਂ-ਖੋਹਾਂ, ਫਿਰੌਤੀਆਂ ਦੇ ਪਰਚੇ ਦਰਜ ਹਨ, ਨੇ ਆਪਣੇ ਇੱਕ ਹੋਰ ਸਾਥੀ ਨਾਲ ਮਿਲ ਕੇ ਪਿਛਲੇ ਮਹੀਨੇ ਪਿੰਡ ਡਾਲਾ ਦੇ ਬਲਵੰਤ ਸਿੰਘ ਪੰਚਾਇਤ ਮੈਂਬਰ ਦੇ ਘਰ ਦੇ ਗੇਟ ਵਿੱਚ ਫਾਇਰ ਮਾਰੇ ਸਨ, ਇਸ ਵਕਤ ਅਮਨ ਕੁਮਾਰ ਉਰਫ ਅਮਨਾ ਉਕਤ ਪਿੰਡ ਰਾਮੂੰਵਾਲਾ ਹਰਚੋਕ ਨਾਲਾ ਦਾ ਨਾਲ-ਨਾਲ ਪੱਕੀ ਸੜਕ ਰਾਹੀਂ ਪੈਦਲ ਤੁਰ ਕੇ ਰਾਮੂੰਵਾਲਾ ਕਲਾਂ ਸਾਈਡ ਨੂੰ ਜਾ ਰਿਹਾ ਹੈ।

ਸ੍ਰੀ ਬਾਲ ਕ੍ਰਿਸ਼ਨ ਸਿੰਗਲਾ ਨੇ ਦੱਸਿਆ ਕਿ ਇਸ ਇਤਲਾਹ 'ਤੇ ਪੁਲਸ ਵੱਲੋਂ ਤੁਰੰਤ ਕਾਰਵਾਈ ਕੀਤੀ ਗਈ।ਜਦ ਪੁਲਸ ਪਾਰਟੀ ਰਾਮੂੰਵਾਲਾ ਕਲਾਂ ਤੋਂ ਕਰੀਬ ਇੱਕ ਕਿਲੋਮੀਟਰ ਅੱਗੇ ਪੁੱਜੀ ਤਾਂ ਸਾਹਮਣੇ ਤੋਂ ਇੱਕ ਨੌਜਵਾਨ, ਜਿਸ ਨੇ ਚੈੱਕਦਾਰ ਸ਼ਰਟ ਤੇ ਜੀਨ ਪਾਈ ਹੋਈ ਸੀ, ਪੁਲਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਆਪਣੇ ਡੱਬ ਵਿੱਚੋਂ ਪਿਸਟਲ 32 ਬੋਰ ਦੇਸੀ ਕੱਢ ਕੇ ਪਾਣੀ ਵਾਲੀ ਖੇਲ ਦੀ ਆੜ ਲੈ ਕੇ ਪੁਲਸ ਪਾਰਟੀ ਵੱਲ ਮਾਰ ਦੇਣ ਦੀ ਨੀਯਤ ਨਾਲ ਸਿੱਧੇ 3 ਫਾਇਰ ਕੀਤੇ ਤਾਂ ਇੰਸਪੈਕਟਰ ਗੁਰਵਿੰਦਰ ਸਿੰਘ ਭੁੱਲਰ ਨੇ ਆਪਣੇ ਬਚਾਓ ਲਈ ਆਪਣੀ ਸਰਕਾਰੀ ਪਿਸਟਲ 9 ਐੱਮ.ਐੱਮ. ਨਾਲ 2 ਫਾਇਰ ਕੀਤੇ, ਜੋ ਇੱਕ ਫਾਇਰ ਉਕਤ ਨੌਜਵਾਨ ਦੇ ਗਿੱਟੇ/ਖੱਬੀ ਲੱਤ ਦੀ ਪਿੰਨੀ ਪਿੱਛੇ ਲੱਗਾ ਤਾਂ ਉਕਤ ਨੌਜਵਾਨ ਸਮੇਤ ਪਿਸਟਲ ਜ਼ਮੀਨ ਉੱਪਰ ਡਿੱਗ ਪਿਆ, ਜਿਸ ਨੂੰ ਪੁਲਸ ਪਾਰਟੀ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ, ਉਸ ਨੇ ਆਪਣਾ ਨਾਮ ਅਮਨ ਕੁਮਾਰ ਉਰਫ ਅਮਨਾ ਪੁੱਤਰ ਅਸ਼ੋਕ ਕੁਮਾਰ ਵਾਸੀ ਟਿਵਾਣਾ ਕਲਾਂ ਜ਼ਿਲ੍ਹਾ ਫਾਜ਼ਿਲਕਾ ਦੱਸਿਆ, ਫਿਰ ਉਸ ਕੋਲ ਡਿੱਗੇ ਪਏ ਪਿਸਟਲ 32 ਬੋਰ ਨੂੰ ਚੁੱਕ ਕੇ ਚੈੱਕ ਕੀਤਾ ਤਾਂ ਮੈਗਜ਼ੀਨ ਖਾਲੀ ਸੀ ਅਤੇ ਚੈਂਬਰ ਵਿੱਚੋਂ ਇੱਕ ਰੌਂਦ ਜ਼ਿੰਦਾ 32 ਬੋਰ ਬਰਾਮਦ ਹੋਇਆ। ਫਿਰ ਜ਼ਖਮੀ ਅਮਨ ਕੁਮਾਰ ਉਰਫ ਅਮਨਾ ਉਕਤ ਨੂੰ ਇਲਾਜ ਲਈ ਸਿਵਲ ਹਸਪਤਾਲ ਧਰਮਕੋਟ ਭੇਜਿਆ ਗਿਆ, ਜਿਸ 'ਤੇ ਉਕਤ ਮੁਲਜ਼ਮ ਖ਼ਿਲਾਫ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ।ਮੁਲਜ਼ਮ ਨੂੰ ਜ਼ਖਮੀ ਹਾਲਤ ਵਿੱਚ ਸਿਵਲ ਹਸਪਤਾਲ ਮੋਗਾ ਵਿਖੇ ਦਾਖਲ ਕਰਵਾਇਆ ਗਿਆ, ਜਿਸ ਪਾਸੋਂ ਹੁਣ ਪੁੱਛਗਿੱਛ ਕਰਕੇ ਉਸ ਦੇ ਸਾਥੀ ਮੈਂਬਰ/ਗਰੋਹ ਦਾ ਪਤਾ ਲਗਾ ਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਟੀ ਐੱਸ ਯੂ ਵੱਲੋਂ ਐੱਸ ਡੀ ਓ ਕੈਂਟ ਵਿਰੁੱਧ ਧਰਨਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)** ਟੈਕਨੀਕਲ ਸਰਵਿਸਜ਼ ਯੂਨੀਅਨ ਨੇ ਸਬ ਡਵੀਜ਼ਨ ਕੈਂਟ ਨੰਬਰ 1 ਦਾ ਧਰਨਾ ਸਬ ਡਵੀਜ਼ਨ ਪ੍ਰਧਾਨ ਸੁਭਾਸ਼ ਚੰਦ ਦੀ ਪ੍ਰਧਾਨਗੀ ਹੇਠ ਦਿੱਤਾ ਗਿਆ। ਇਹ ਧਰਨਾ ਸਬ ਡਵੀਜ਼ਨ ਐੱਸ ਡੀ ਓ ਵੱਲੋਂ ਕੀਤੇ ਗਲਤ ਆਰਡਰਾਂ ਦੇ ਤਹਿਤ ਦਿੱਤਾ ਗਿਆ ਹੈ, ਜਿਸ ਵਿੱਚ ਡਵੀਜ਼ਨ ਪ੍ਰਧਾਨ ਰਾਜੇਸ਼ ਦੇਵਗਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੋ ਮੁਲਾਜ਼ਮਾਂ ਦੇ ਆਰਡਰ ਸਦਰ ਕੰਪਲੈਂਟ ਸੈਂਟਰ 'ਤੇ ਕੀਤੇ ਹਨ, ਉਨ੍ਹਾਂ ਵੱਲੋਂ ਤੁਰੰਤ ਵੱਲੋਂ ਆਰਡਰ ਕੈਂਸਲ ਕਰ ਦਿੱਤੇ ਹਨ। ਬਾਕੀ ਲਾਈਨਮੈਨ ਸਾਥੀ ਉਥੇ ਹੀ ਲਾਏ ਹੋਏ ਹਨ। ਜੇਕਰ ਉਨ੍ਹਾਂ ਸਾਥੀਆਂ ਨੂੰ ਉਨ੍ਹਾਂ ਦੀ ਪੁਰਾਣੀ ਜਗ੍ਹਾ 'ਤੇ ਵਾਪਸ ਨਾ ਕੀਤੇ ਤਾਂ ਇਸ ਦੇ ਨਿਕਲਣ ਵਾਲੇ ਭਿਆਨਕ ਸਿੱਟਿਆਂ ਲਈ ਤੁਸੀਂ ਖ਼ੁਦ ਜ਼ਿੰਮੇਵਾਰ ਹੋਵੋਗੇ। ਇਸ ਤੋਂ ਇਲਾਵਾ ਸਾਥੀ ਰਾਮ ਲੁਭਾਇਆ ਪ੍ਰਧਾਨ ਸਬ ਡਵੀਜ਼ਨ ਵੱਡ ਹਰੀਹਰ, ਮੇਜਰ ਸਿੰਘ ਡਵੀਜ਼ਨ ਕੈਸ਼ੀਅਰ, ਕੁਲਵੰਤ ਸਿੰਘ ਡਵੀਜ਼ਨ ਮੀਤ ਪ੍ਰਧਾਨ, ਗੁਰਨਾਮ ਸਿੰਘ ਸਕੱਤਰ, ਸੁਰਜੀਤ ਸਿੰਘ, ਬੰਸੀ ਲਾਲ ਆਦਿ ਨੇ ਧਰਨੇ ਨੂੰ ਸੰਬੋਧਨ ਕੀਤਾ।

ਆਖਿਰ ਵਿੱਚ ਸਬ ਡਵੀਜ਼ਨ ਕੈਂਟ ਨੰਬਰ-1 ਦੇ ਪ੍ਰਧਾਨ ਸੁਭਾਸ਼ ਚੰਦ ਨੇ ਐੱਸਡੀਓ ਕੈਂਟ ਨੰਬਰ-1 ਚਿਤਾਵਨੀ ਦਿੱਤੀ ਕਿ ਜੇਕਰ ਇਸ ਮਸਲੇ ਦਾ ਹੱਲ ਤੁਰੰਤ ਨਾ ਕੀਤਾ ਗਿਆ ਤਾਂ ਇਹ ਧਰਨਾ ਆਉਣ ਵਾਲੇ ਸਮੇਂ ਵਿੱਚ ਵੀ ਕੀਤਾ ਜਾਵੇਗਾ। ਇਸ ਨਾਲ ਕੋਈ ਵੀ ਕੰਮ ਪ੍ਰਭਾਵਿਤ ਹੁੰਦਾ ਹੈ ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਐੱਸਡੀਓ ਕੈਂਟ ਦੀ ਹੋਵੇਗੀ।

## ਗੁਰੂ ਨਾਨਕ ਕਾਲਜ ਵਿਖੇ ਆਯੋਜਿਤ ਫੈਸ਼ਨ ਗਲੈਮ ਆਯੋਜਿਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜ)**-ਪੋਸਟ ਗ੍ਰੈਜੂਏਟ ਫ਼ੈਸ਼ਨ ਡਿਜ਼ਾਇਨਿੰਗ ਵਿਭਾਗ ਵੱਲੋਂ 'ਫ਼ੈਸ਼ਨ ਗਲੈਮ 2024-25' ਦਾ ਆਯੋਜਨ ਕੀਤਾ ਗਿਆ।ਵਿਭਾਗ ਦੇ ਮੁਖੀ ਪ੍ਰੋ.ਸੀਮਾ ਰਾਣੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਵਿਭਾਗ ਦੇ 31 ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਫ਼ੈਸ਼ਨ ਗਲੈਮ ਦੀ ਖਾਸੀਅਤ ਇਹ ਰਹੀ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਖ-ਵੱਖ ਥੀਮ ਆਧਾਰਿਤ ਪਹਿਰਾਵੇ ਡਿਜ਼ਾਈਨ ਕੀਤੇ।ਬੀ ਐਸ ਸੀ, ਐਮ ਐਸ ਸੀ ਫ਼ੈਸ਼ਨ ਡਿਜ਼ਾਇਨਿੰਗ ਤੇ ਪੀ ਜੀ ਡੀ ਐਫ ਡੀ ਦੇ ਵਿਦਿਆਰਥੀਆਂ ਨੇ ਰੈਂਪ ਵਾਕ ਰਾਹੀਂ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ।ਵਿਦਿਆਰਥੀਆਂ ਦੁਆਰਾ ਪਰੀ ਥੀਮ, ਇੰਡੋ ਵੈਸਟਰਨ ਥੀਮ ਅਤੇ ਐਥਨਿਕ ਥੀਮ ਦਾ ਪ੍ਰਦਰਸ਼ਨ ਕੀਤਾ ਗਿਆ। ਵੱਖ ਵੱਖ ਪਹਿਰਾਵੇ ਰਾਹੀਂ ਵੱਖ ਵੱਖ ਸਭਿਆਚਾਰਾਂ ਨੂੰ ਪੇਸ਼ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ.ਸਰਬਜੀਤ ਕੌਰ ਜੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਧੁਨਿਕ ਯੁੱਗ ਵਿੱਚ ਫ਼ੈਸ਼ਨ ਹਰ ਵਰਗ ਦੇ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ, ਇਸ ਲਈ ਫ਼ੈਸ਼ਨ ਰਾਹੀਂ ਆਪਣੇ ਵਿਰਸੇ ਨੂੰ ਜੋੜੀਦਿਆਂ ਰੱਖਣਾ ਵੀ ਜ਼ਰੂਰੀ ਹੈ।

## ਕਲਾ ਵਰਕਸ਼ਾਪ ਤੇ ਕਲਾ ਪ੍ਰਦਰਸ਼ਨੀ ਦਾ ਆਯੋਜਨ



**ਲੁਧਿਆਣਾ (ਐੱਮ ਐੱਸ ਭਾਟੀਆ)**-'ਰੀਬੂਟਿੰਗ ਪੰਜਾਬ' ਦੇ ਯਤਨਾਂ ਦੇ ਹਿੱਸੇ ਵਜੋਂ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਲੁਧਿਆਣਾ ਦੇ ਪੰਜਾਬੀ ਭਵਨ ਵਿਖੇ ਕਲਾ ਵਰਕਸ਼ਾਪ ਅਤੇ ਕਲਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।ਸਮਾਗਮ ਦਾ ਉਦਘਾਟਨ ਪ੍ਰੋਫੈਸਰ ਕੁਲਦੀਪ ਸਿੰਘ ਨੇ ਕੀਤਾ। ਸਮਾਪਤੀ ਸਵਰਨਜੀਤ ਸਾਵੀ, ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਸ੍ਰੀ ਗੁਰਦੀਪ ਧੀਮਾਨ ਨੇ ਕੀਤੀ।ਇਸ ਵਰਕਸ਼ਾਪ-ਕਮ-ਪ੍ਰਦਰਸ਼ਨੀ ਦੇ ਕਨਵੀਨਰ ਸ੍ਰੀ ਪਰਵੀਨ ਕੁਮਾਰ ਨੇ ਕਿਹਾ ਕਿ ਪੰਜਾਬ ਲਲਿਤ ਕਲਾ ਅਕੈਡਮੀ ਸੂਬੇ ਦੇ ਕਲਾ ਅਤੇ ਸੱਭਿਆਚਾਰਕ ਦ੍ਰਿਸ਼ ਨੂੰ ਮੁੜ ਸੁਰਜੀਤ ਕਰਨ ਦੀ ਆਪਣੀ ਮੁਹਿੰਮ ਦੇ ਹਿੱਸੇ ਵਜੋਂ ਕਈ ਸਮਾਗਮ ਆਯੋਜਿਤ ਕਰੇਗੀ। ਜਸਪ੍ਰੀਤ ਮੋਹਨ ਸਿੰਘ ਤੇ ਸ੍ਰੀਮਤੀ ਸੀਨੀਆ ਵਿਕਟਰ ਨੂੰ ਅਕਾਦਮੀ ਦੁਆਰਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਮਾਗਮ ਵੱਡੇ ਪੱਧਰ 'ਤੇ ਆਯੋਜਿਤ ਕੀਤੇ ਜਾਣ। ਪ੍ਰਸਿੱਧ ਵਿਦਵਾਨ, ਕਲਾ ਪ੍ਰੇਮੀ ਸੁਰਿੰਦਰ ਕੈਲੇ (ਸੰਪਾਦਕ ਅਣੂ) ਨੇ ਦੱਸਿਆ ਕਿ ਇਸ ਵਰਕਸ਼ਾਪ ਦੌਰਾਨ 14 ਕਲਾਕਾਰਾਂ ਦੁਆਰਾ ਪ੍ਰਦਰਸ਼ਿਤ ਕੀਤੀਆਂ ਗਈਆਂ ਸ਼ਾਨਦਾਰ ਰਚਨਾਵਾਂ ਅਤੇ ਕਲਾਕ੍ਰਿਤੀਆਂ ਨੂੰ ਦੇਖਣਾ ਹੀ ਇੱਕ ਮਨਮੋਹਕ ਦ੍ਰਿਸ਼ ਸੀ।ਮਨਿੰਦਰ ਭਾਟੀਆ ਨੇ ਵੀ ਸ਼ਲਾਘਾ ਕੀਤੀ ਅਤੇ 123 ਪੁਸਤਕਾਂ ਦੇ ਲੇਖਕ ਪ੍ਰੋਫੈਸਰ ਗੁਰਦੇਵ ਸਿੰਘ ਸੰਦੌੜ ਨੇ ਆਪਣੀਆਂ ਲਿਖੀਆਂ ਪੁਸਤਕਾਂ ਭੇਟ ਕੀਤੀਆਂ ਤੇ ਕਿਹਾ ਇਹਨਾਂ ਵਿੱਚੋਂ ਹਰੇਕ ਨੇ ਇੱਕ ਸ਼ਾਨਦਾਰ ਮਾਸਟਰਪੀਸ ਬਣਾਈ ਸੀ।

## ਜਲ ਸਪਲਾਈ ਤੇ ਸੈਨੀਟੇਸ਼ਨ ਮਸਟਰੋਲ ਇੰਪਲਾਈਜ਼ ਯੂਨੀਅਨ ਦੀ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਜਲ ਸਪਲਾਈ ਤੇ ਸੈਨੀਟੇਸ਼ਨ ਮਸਟਰੋਲ ਇੰਪਲਾਈਜ਼ ਯੂਨੀਅਨ ਜ਼ੋਨ ਫਿਰੋਜ਼ਪੁਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਬੁੱਗੀ ਤੇ ਜ਼ਿਲ੍ਹਾ ਜਨਰਲ ਸਕੱਤਰ ਗੁਰਜੰਟ ਸਿੰਘ ਦੀ ਅਗਵਾਈ ਵਿੱਚ ਸਰਕਲ ਦਫਤਰ ਫਿਰੋਜ਼ਪੁਰ ਵਿਖੇ ਹੋਈ।ਮੀਟਿੰਗ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਫੀਲਡ ਮੁਲਾਜ਼ਮਾਂ ਦਰਜਾ ਤਿੰਨ ਤੇ ਚਾਰ ਦੀਆਂ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸੂਬਾ ਬਾਡੀ ਦੀ ਕਾਲ 'ਤੇ 24 ਮਾਰਚ 2025 ਨੂੰ ਮਹਿਕਮੇ ਦੇ ਮੁੱਖ ਦਫਤਰ ਮੋਹਾਲੀ ਦੇ ਸਾਹਮਣੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਜੇਕਰ ਐੱਚ ਓ ਡੀ ਵੱਲੋਂ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਐੱਚ ਓ ਡੀ ਦਾ ਘਿਰਾਓ ਕੀਤਾ ਜਾਵੇਗਾ। ਜਥੇਬੰਦੀ ਦੀਆਂ ਮੁੱਖ ਮੰਗਾਂ ਮਹਿਕਮੇ ਵਿੱਚ ਕੱਟ ਕਰਕੇ ਦਰਜਾ ਚਾਰ ਦੀਆਂ ਪ੍ਰਮੋਸ਼ਨਾਂ ਲਈ ਰੱਖਿਆ ਟੈਸਟ ਵਾਪਸ ਕੀਤਾ ਜਾਵੇ ਤੇ ਜੋ ਪਿਛਲੇ ਸਮੇਂ ਦੌਰਾਨ ਲਿਆ ਟੈਸਟ ਸਿਲਬਸ ਔਖਾ ਹੋਣ ਕਾਰਨ ਪਾਸ ਟੈਸਟ 25 ਪ੍ਰਤੀਸ਼ਤ ਕੀਤਾ ਜਾਵੇ, 15 ਪ੍ਰਤੀਸ਼ਤ ਕੱਟ ਦੌਰਾਨ ਗਲਤ ਪ੍ਰਮੋਸ਼ਨਾਂ ਸੀਨੀਆਰਤਾ ਤੋੜ ਕੇ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਦਰੁਸਤ ਕੀਤਾ ਜਾਵੇ, ਠੇਕੇ 'ਤੇ ਰੱਖੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਵਿਦੇਸ਼ੀ ਛੁੱਟੀਆਂ ਪਾਸ ਕੀਤੀਆਂ ਜਾਣ, ਤਿਉਹਾਰ ਛੁੱਟੀਆਂ ਜਮ੍ਹਾਂ ਕੀਤੀਆਂ ਜਾਣ, ਫੀਲਡ ਮੁਲਾਜ਼ਮਾਂ ਦਫਤਰੀ ਸੇਵਾਦਾਰ ਦੀ ਤਰ੍ਹਾਂ ਜੇਡੀਐੱਮ ਬਣਾਏ ਜਾਣ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੇਲ ਸਿੰਘ ਸੱਬਰਵਾਲ, ਬਲੀ ਸਿੰਘ, ਦਰਸ਼ਨ ਸਿੰਘ, ਨਿਦੇਸ਼ ਸਿੰਘ, ਨਰਿੰਦਰ ਸਿੰਘ, ਜੋਗਿੰਦਰ ਸਿੰਘ ਪਿੰਡੀ, ਹਰਪ੍ਰੀਤ ਸਿੰਘ, ਮੇਹਰ ਸਿੰਘ, ਗੁਰਮੀਤ ਸਿੰਘ, ਸੰਜੀਵ ਕੁਮਾਰ, ਸੋਬਨ ਸਿੰਘ ਆਦਿ ਆਗੂ ਹਾਜ਼ਰ ਸਨ।

## ਕੇਂਦਰੀ ਜੇਲ੍ਹ 'ਚੋਂ 5 ਮੋਬਾਇਲ ਤੇ ਨਸ਼ੀਲੇ ਪਦਾਰਥ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚੋਂ ਮੋਬਾਇਲ ਫੋਨ ਤੇ ਨਸ਼ੀਲੇ ਪਦਾਰਥ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬੀਤੇ ਦਿਨ ਵੀ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 5 ਮੋਬਾਇਲ ਫੋਨ, 140 ਗ੍ਰਾਮ ਨਸ਼ੀਲੇ ਕੈਪਸੂਲ ਤੇ 10 ਪੁੜੀਆਂ ਜਰਦਾ ਬਰਾਮਦ ਹੋਏ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 7 ਹਵਾਲਾਤੀਆਂ, 2 ਕੈਦੀਆਂ ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਪੁਲਸ ਦੇ ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 1654 ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 8 ਮਾਰਚ 2025 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਤਲਾਸ਼ੀ ਦੌਰਾਨ ਨਾਮਜ਼ਦ ਦੋਸ਼ੀਆਨ ਹਵਾਲਾਤੀ ਦਿਲਪ੍ਰੀਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਮਨਸੂਰ ਦੇਵਾ, ਹਵਾਲਾਤੀ ਪ੍ਰਭਜੀਤ ਸਿੰਘ ਪੁੱਤਰ ਰਸ਼ਪਾਲ ਸਿੰਘ ਵਾਸੀ ਮੁਹੱਲਾ ਮੱਲੀਆਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ, ਹਵਾਲਾਤੀ ਵਿਕਾਸਦੀਪ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਢੰਡੀਆਂ ਖੁਰਦ ਥਾਣਾ ਸਦਰ ਜ਼ੀਰਾ, ਹਵਾਲਾਤੀ ਕੁਲਵਿੰਦਰ ਸਿੰਘ ਪੁੱਤਰ ਸੋਮਾ ਸਿੰਘ ਵਾਸੀ ਪਿੰਡ ਹਜ਼ਾਰਾ ਸਿੰਘ ਵਾਲਾ ਥਾਣਾ ਸਦਰ ਜਲਾਲਾਬਾਦ, ਹਵਾਲਾਤੀ ਸੁਖਚੈਨ ਸਿੰਘ ਪੁੱਤਰ ਮਦਨ ਸਿੰਘ ਨੌਂ ਬਹਿਰਾਮ ਸ਼ੇਰ ਸਿੰਘ ਵਾਲਾ ਥਾਣਾ ਅਮੀਰ ਖਾਸ ਫਾਜ਼ਿਲਕਾ, ਹਵਾਲਾਤੀ ਅਸ਼ੋਕ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਮੁਹਾਰ ਜਮਸ਼ੇਰ ਥਾਣਾ ਸਦਰ ਫਾਜ਼ਿਲਕਾ, ਕੈਦੀ ਦਲੇਰ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਇੰਦਰਾ ਕਲੋਨੀ ਖਾਈ ਫੇਮੇ ਕੀ, ਹਵਾਲਾਤੀ ਪਰਮਿੰਦਰ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਬਹਿਕ ਗੁੱਜਰਾਂ ਤੇ ਅਣਪਛਾਤੇ ਵਿਅਕਤੀ ਕੋਲੋਂ 5 ਮੋਬਾਇਲ ਫੋਨ ਬਰਾਮਦ ਹੋਏ ਤੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਬਾਹਰੋਂ ਅਣਪਛਾਤੇ ਵਿਅਕਤੀ ਵੱਲੋਂ ਥਰੋ ਕੀਤਾ 10 ਪੁੜੀਆਂ ਜਰਦਾ (ਤੰਬਾਕੂ) ਬਰਾਮਦ ਹੋਇਆ।

ਥਾਣਾ ਸਿਟੀ ਦੇ ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 1805 ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 14 ਮਾਰਚ 2025 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਤਲਾਸ਼ੀ ਦੌਰਾਨ ਕੈਦੀ ਮਨਜਿੰਦਰ ਸਿੰਘ ਉਰਫ ਬਿੱਲਾ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਤਲਵੰਡੀ ਨਿਪਾਲਾਂ ਕੋਲੋਂ 140 ਗ੍ਰਾਮ ਨਸ਼ੀਲਾ ਜਾਪਦਾ ਪਦਾਰਥ ਖੁੱਲ੍ਹੇ ਹੋਏ ਕੈਪਸੂਲ ਬਰਾਮਦ ਹੋਏ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀਆਂ, ਕੈਦੀਆਂ ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕੈਬਨਿਟ ਮੰਤਰੀ ਅਰੋੜਾ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਸਮੀਖਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਸੂਬੇ 'ਚ ਨਸ਼ਿਆਂ ਦੇ ਖ਼ਾਤਮੇ ਲਈ ਵਿੱਢੀ ਫ਼ੈਸਲਾਕੁਨ ਲੜਾਈ 'ਚ ਜ਼ਮੀਨੀ ਪੱਧਰ 'ਤੇ ਪ੍ਰਸ਼ਾਸਨ ਦੇ ਮਜ਼ਬੂਤ ਹਿੱਸੇ ਕੌਂਸਲਰ, ਸਰਪੰਚ ਤੇ ਨੰਬਰਦਾਰਾਂ ਨੂੰ ਸਮਾਜਿਕ ਸਰੋਕਾਰਾਂ ਤੋਂ ਉੱਪਰ ਉੱਠ ਕੇ ਨਸ਼ਾ ਤਸਕਰਾਂ ਖ਼ਿਲਾਫ਼ ਜ਼ੀਰੋ ਟੋਲਰੈਂਸ ਅਪਣਾਉਣ ਦੀ ਅਪੀਲ ਕੀਤੀ ਹੈ। ਸਥਾਨਕ ਆਗੂਆਂ ਦੀ ਭੂਮਿਕਾ ਨੂੰ ਅਤਿ ਮਹੱਤਵਪੂਰਨ ਕਰਾਰ ਦਿੰਦੇ ਹੋਏ ਉਨ੍ਹਾਂ ਸਰਪੰਚਾਂ, ਕੌਂਸਲਰਾਂ ਤੇ ਨੰਬਰਦਾਰਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਕਿਸੇ ਵੀ ਤਰੀਕੇ ਨਾਲ ਮਦਦ ਨਾ ਕਰਨ, ਜੋ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਦੀ ਜ਼ਹਿਰੀਲੀ ਦਲਦਲ ਵਿੱਚ ਧੱਕ ਰਹੇ ਹਨ।ਪਟਿਆਲਾ ਦੇ ਸਿਵਲ ਤੇ ਪੁਲਸ ਪ੍ਰਸ਼ਾਸਨ ਸਮੇਤ ਸਥਾਨਕ ਲੀਡਰਸ਼ਿਪ ਦੀ ਹਾਜ਼ਰੀ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਜਾਇਜ਼ਾ ਲੈਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਅੱਜ ਉਹ ਪਟਿਆਲਾ ਸਮੇਤ ਕਪੂਰਥਲਾ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਜਾਇਜ਼ਾ ਲੈ ਰਹੇ ਹਨ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਖ਼ਾਤਮੇ ਲਈ ਦੋ-ਪੱਖੀ ਰਣਨੀਤੀ ਅਪਣਾਈ ਹੈ, ਜਿਸ ਤਹਿਤ ਇੱਕ ਪਾਸੇ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜਨ ਲਈ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਸ੍ਰੀ ਅਰੋੜਾ ਨੇ ਨਸ਼ਿਆਂ ਦੇ ਖ਼ਾਤਮੇ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਕਿਸੇ ਵੀ ਵਿਅਕਤੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਕਿਸੇ ਵੀ ਅਹੁਦੇ 'ਤੇ ਹੋਵੇ ਜਾਂ ਕਿਸੇ ਰਾਜਨੀਤਕ ਧਿਰ ਨਾਲ ਸਬੰਧ ਰੱਖਦਾ ਹੋਵੇ।ਐੱਸ.ਐੱਸ.ਪੀ. ਡਾ. ਨਾਨਕ ਸਿੰਘ ਨੇ ਦੱਸਿਆ ਕਿ ਪਿਛਲੇ 16 ਦਿਨਾਂ ਅੰਦਰ ਪੁਲਸ ਵੱਲੋਂ 28 ਕਾਸੋ ਅਪ੍ਰੇਸ਼ਨ ਚਲਾਏ ਗਏ ਹਨ ਤੇ 85 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 60 ਐੱਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ।ਇਸ ਦੌਰਾਨ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ।ਮੀਟਿੰਗ 'ਚ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ, ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ, ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ, ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ, ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਮੇਅਰ ਕੁੰਦਨ ਗੋਗੀਆ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਐੱਸ.ਐੱਸ.ਪੀ. ਡਾ. ਨਾਨਕ ਸਿੰਘ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜੱਸੀ ਸੋਹੀਆ ਵਾਲਾ ਸਮੇਤ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਦੀਨਾ ਸਾਹਿਬ 'ਚ ਅੱਖਾਂ ਦਾ ਮੁਫ਼ਤ ਚੈੱਕਅੱਪ ਤੇ ਲੈਨਜ਼ ਕੈਂਪ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿੰਡ ਦੀਨਾ ਸਾਹਿਬ ਦੇ ਸਮੂਹ ਨਗਰ ਨਿਵਾਸੀਆਂ ਤੇ ਐੱਨ ਆਰ ਆਰ ਆਈ ਵੀਰਾਂ ਵੱਲੋਂ ਅੱਖਾਂ ਦ ਮੁਫ਼ਤ ਚੈੱਕਅਪ ਤੇ ਲੈਨਜ਼ ਕੈਂਪ ਲਗਾਇਆ ਗਿਆ, ਜਿਸ ਵਿੱਚ ਬਲਾਕ ਪ੍ਰਧਾਨ ਜਸਵੀਰ ਸਿੰਘ ਜੱਸੀ ਦੀਨਾ ਸਾਹਿਬ ਦੀ ਅਗਵਾਈ ਹੇਠ ਇਹ ਕੈਂਪ ਲਾਇਆ ਗਿਆ। ਵੱਖ ਵੱਖ ਪਿੰਡਾਂ ਤੋਂ ਆਏ ਵੱਡੀ ਗਿਣਤੀ ਮਰੀਜ਼ਾਂ ਦੀ ਬਾਘਾ ਪੁਰਾਣਾ ਜਗਦੰਬਾ ਹਸਪਤਾਲ ਦੀ ਟੀਮ ਵੱਲੋਂ ਅੱਖਾਂ ਦੀ ਜਾਂਚ ਕੀਤੀ ਗਈ। ਜਾਂਚ ਤੋਂ ਬਾਅਦ 32 ਮਰੀਜ਼ਾਂ ਦੇ ਲੈਨਜ਼ ਪਾਏ ਗਏ ਤੇ 2 ਮਰੀਜ਼ਾਂ ਦੇ ਲੈਨਜ਼ ਸਾਫ ਕੀਤੇ ਗਏ।ਮਰੀਜ਼ਾਂ ਨੂੰ ਦੀਨਾ ਸਾਹਿਬ ਤੋਂ ਜਗਦੰਬਾ ਹਸਪਤਾਲ ਬਾਘਾ ਪੁਰਾਣਾ ਬੱਸ ਰਾਹੀਂ ਲਿਜਾਇਆ ਗਿਆ, ਲੈਨਜ਼ ਪਾਉਣ ਤੋਂ ਬਾਅਦ ਮਰੀਜ਼ਾਂ ਨੂੰ ਵਾਪਸ ਦੀਨਾ ਸਾਹਿਬ ਫ੍ਰੀ ਬੱਸ ਵਿੱਚ ਲੈ ਕੇ ਆਏ।ਜਸਵੀਰ ਸਿੰਘ ਜੱਸੀ ਦੀਨਾ ਸਾਹਿਬ ਵੱਲੋਂ ਡਾਕਟਰ ਸਾਹਿਬਾਨ ਦੀ ਸਾਰੀ ਟੀਮ ਦਾ ਧੰਨਵਾਦ ਕੀਤਾ ਗਿਆ। ਇਸ ਕੈਂਪ ਲਈ ਲਖਵੀਰ ਸਿੰਘ ਅਸਟ੍ਰੇਲੀਆ, ਜਗਦੇਵ ਸਿੰਘ ਲਾਡੀ ਅਸਟ੍ਰੇਲੀਆ, ਮਾਸਟਰ ਤੇਜਾ ਸਿੰਘ ਕੈਨੇਡਾ, ਰਣਜੀਤ ਸਿੰਘ ਮਾੜੀ ਮੁਸਤਫਾ, ਸਰਪੰਚ ਰਣਜੀਤ ਸਿੰਘ ਬਾਗੀ ਜੈਦਕਾ, ਲਖਵਿੰਦਰ ਸਿੰਘ, ਗੁਰਪ੍ਰੀਤ ਸਿੰਘ ਤਖਤੂਪੁਰਾ, ਗੋਰਾ ਸਿੰਘ ਆਦਿ ਨੇ ਭਰਵਾਂ ਸਹਿਯੋਗ ਦਿਤਾ।

## ਚੋਰੀ ਦੇ 8 ਮੋਟਰਸਾਈਕਲਾਂ ਸਮੇਤ 4 ਗ੍ਰਿਫਤਾਰ



**ਮੂਨਕ (ਰਾਜਪਾਲ ਸਿੰਗਲਾ)**-ਇੰਸਪੈਕਟਰ ਸੋਰਭ ਸੱਭਰਵਾਲ ਮੁੱਖ ਅਫ਼ਸਰ ਥਾਣਾ ਮੂਨਕ ਵੱਲੋਂ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਮੁਖਬਰੀ ਦੇ ਅਧਾਰ 'ਤੇ ਚਾਰ ਮੁਲਜ਼ਮਾਂ ਹੈਪੀ ਸਿੰਘ ਵਾਸੀ ਡੂਡੀਆ, ਬੀਰੂ ਸਿੰਘ ਵਾਸੀ ਡੂਡੀਆ, ਮਨਿੰਦਰ ਉਰਫ ਮਨੀ ਵਾਸੀ ਰਾਮਨਗਰ ਸੀਬੀਆ, ਆਰੁਣ ਉਰਫ਼ ਅਨੂ ਵਾਸੀ ਅੰਬੇਡਕਰ ਨਗਰ ਥਾਣਾ ਸਿਟੀ ਸੰਗਰੂਰ ਖਿਲਾਫ ਮੁਕੱਦਮਾ ਨੰਬਰ 18 ਦੇ ਅਧੀਨ ਧਾਰਾ 303(2),317(2) ਬੀ.ਐੱਨ.ਐੱਸ ਥਾਣਾ ਮੂਨਕ ਵਿਖੇ ਮਾਮਲਾ ਦਰਜ ਕੀਤਾ ਗਿਆ।ਇਨ੍ਹਾਂ ਚਾਰ ਦੋਸ਼ੀਆਨਾਂ ਤੋਂ 8 ਮੋਟਰਸਾਈਕਲ ਬਰਾਮਦ ਕੀਤੇ ਗਏ।ਇਹ ਮੋਟਰਸਾਈਕਲ ਮਾਰਕਾ ਹੀਰੋਂ ਹੌਂਡਾ ਸਪਲੈਂਡਰ ਪਲੱਸ ਪੀ ਬੀ 13 ਜ਼ੈੱਡ 2146, ਬਾਕੀ ਬਿਨਾਂ ਨੰਬਰੀ ਮੋਟਰਸਾਈਕਲ ਜਿਵੇਂ ਕਿ ਕਾਵਾਸਾਕੀ ਬੌਕਸ਼ਰ, ਬਜਾਜ ਪਲਸਰ ਬਰਾਮਦ ਕੀਤੇ।ਡੀ ਐੱਸ ਪੀ ਮੂਨਕ ਨੇ ਦੱਸਿਆ ਕਿ ਦੋਸ਼ੀਆਨ ਪਾਸੋਂ ਕੁੱਲ 8 ਮੋਟਰਸਾਈਕਲ ਬਰਾਮਦ ਕਰਵਾ ਕੇ ਦੋਸ਼ੀਆਨ ਨੂੰ ਜੁਡੀਸ਼ੀਅਲ ਜ਼ਿਲ੍ਹਾ ਜੇਲ੍ਹ ਸੰਗਰੂਰ ਭੇਜ ਦਿੱਤਾ ਹੈ।

## ਸਿਵਲ ਕੋਰਟ ਵੱਲੋਂ ਵਰਕਸ਼ਾਪ ਸੀਲ ਕਰਨ ਦੇ ਆਰਡਰ ਰੱਦ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਦਿੜ੍ਹਬਾ ਦੇ ਪਿੰਡ ਇਕਾਈ ਮਹਿਲਾਂ ਵਿਖੇ ਇਕਾਈ ਪ੍ਰਧਾਨ ਜਗਜੀਤ ਸਿੰਘ ਤੇ ਬਲਾਕ ਪ੍ਰਧਾਨ ਭਰਪੂਰ ਸਿੰਘ ਦੀ ਅਗਵਾਈ ਹੇਠ ਪਿੰਡ ਦੇ ਇੱਕ ਵਿਅਕਤੀ ਹਰਪ੍ਰੀਤ ਸਿੰਘ ਪੁੱਤਰ ਛੱਜੂ ਸਿੰਘ ਦੀ ਨਿੱਜੀ ਵਰਕਸ਼ਾਪ ਸਿਵਲ ਕੋਰਟ ਵੱਲੋਂ ਸੀਲ ਕਰਨ ਦੇ ਆਰਡਰ ਰੋਕੇ ਗਏ। ਦਿੜ੍ਹਬਾ ਬਲਾਕ ਦੇ ਆਗੂ ਹਰਜੀਤ ਸਿੰਘ ਮਹਿਲਾ ਭਵਾਨੀਗੜ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਘਰਾਚੋਂ ਤੇ ਦਿੜ੍ਹਬਾ ਬਲਾਕ ਦੇ ਪ੍ਰੈੱਸ ਸਕੱਤਰ ਚਰਨਜੀਤ ਸਿੰਘ ਘਨੌੜ ਨੇ ਸੰਬੋਧਨ ਹੁਦਿਆਂ ਕਿਹਾ ਕਿ ਵਰਕਸ਼ਾਪ ਦੇ ਨਾਲ ਲੱਗਦੇ ਘਰ ਲਖਵੀਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਮਹਿਲਾਂ ਦੀ ਸ਼ਿਕਾਇਤ ਹੈ ਕਿ ਵਰਕਸ਼ਾਪ ਦੇ ਖੜਕੇ ਕਾਰਨ ਮੈਨੂੰ ਪ੍ਰੇਸ਼ਾਨੀ ਹੁੰਦੀ ਹੈ। ਲਖਵੀਰ ਸਿੰਘ ਸੁਨਾਮ ਅਦਾਲਤ ਵਿੱਚੋਂ ਕੇਸ ਵੀ ਜਿੱਤਿਆ ਹੋਇਆ ਹੈ, ਜਦਕਿ ਹਰਪ੍ਰੀਤ ਸਿੰਘ ਨੇ ਪੰਜਾਬ ਅਤੇ ਹਰਿਆਣਾ ਉੱਚ ਅਦਾਲਤ ਵਿੱਚ ਅਪੀਲ ਕੀਤੀ ਹੋਈ ਹੈ, ਪਰ ਸੁਨਾਮ ਦੇ ਸਿਵਲ ਕੋਰਟ ਵੱਲੋਂ ਵਰਕਸ਼ਾਪ ਸੀਲ ਕਰਨ ਦੇ ਆਰਡਰ ਜਾਰੀ ਕੀਤੇ ਹੋਏ ਹਨ, ਜਿਸ ਦੇ ਖਿਲਾਫ਼ ਬਲਾਕ ਪੱਧਰ ਤੇ ਵੱਡੀ ਗਿਣਤੀ ਕਿਸਾਨ ਮਜ਼ਦੂਰ ਤੇ ਮਾਵਾਂ ਭੈਣਾਂ ਵਰਕਸ਼ਾਪ ਦੇ ਮਾਲਕ ਹਰਪ੍ਰੀਤ ਸਿੰਘ ਦੇ ਹੱਕ ਵਿੱਚ ਆ ਕੇ ਧਰਨਾ ਦਿੱਤਾ।

## ...ਸ.ਫਾ 1 ਦੇ ਬਾਕੀ

### ਜਥੇਦਾਰ ਗੜਗੱਜ...

ਕਿ ਸਮੁੱਚੀ ਅਕਾਲੀ ਲੀਡਰਸ਼ਿਪ ਇਸ ਬਾਬਤ ਹੋਰ ਗੰਭੀਰ ਹੁੰਦੇ ਹੋਏ ਯਤਨ ਵੀ ਕਰੇਗੀ। ਉਨ੍ਹਾ ਕਿਹਾ ਕਿ ਇਸੇ ਤਹਿਤ ਅੱਜ (ਮੰਗਲਵਾਰ) ਕਮੇਟੀ ਦੇ ਪੰਜ ਮੈਂਬਰਾਂ ਨੂੰ ਭੇਜੇ ਗਏ ਸੱਦਾ ਪੱਤਰਾਂ ਉਪਰੰਤ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਚ ਪਹੁੰਚ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਦੋ ਦਸੰਬਰ ਨੂੰ ਹੋਏ ਫੈਸਲਿਆਂ ਦੀ ਰੋਸ਼ਨੀ ਵਿਚ ਪੰਥਕ ਏਕਤਾ ਸੰਬੰਧੀ ਅੱਗੇ ਵਧਣ ਬਾਰੇ ਚਰਚਾ ਕੀਤੀ ਗਈ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾ ਦਾ ਇਹ ਮੰਨਣਾ ਹੈ ਕਿ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਸਨਮੁਖ ਇਹ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਸੰਸਥਾਵਾਂ ਦੀ ਰੱਖਿਆ ਅਤੇ ਚੁਣੌਤੀਆਂ ਦੇ ਟਾਕਰੇ ਲਈ ਇਕਜੁੱਟ ਹੋਈਏ। ਇਹ ਏਕਤਾ ਸਮੂਹ ਪੰਥਕ ਧਿਰਾਂ ਵਿਚ ਹੀ ਹੋਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਸਮੂਹ ਕਮੇਟੀ ਮੈਂਬਰਾਂ ਵਲੋਂ ਪੰਥਕ ਏਕਤਾ ਲਈ ਹਾਂ-ਪੱਖੀ ਹੁੰਗਾਰਾ ਭਰਿਆ ਗਿਆ ਹੈ। ਸਿੰਘ ਸਾਹਿਬ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਸ ਬਾਰੇ ਸਾਰੀਆਂ ਹੀ ਧਿਰਾਂ ਨੂੰ ਨਾਲ ਲੈ ਕੇ ਪੰਥਕ ਏਕਤਾ ਤੇ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਅੱਗੇ ਵਧਿਆ ਜਾਵੇਗਾ।

### ਡਰੱਗ ਸਰਗਣਾ ਜੀਤਾ...

ਨੇ ਆਪਣੇ ਚਾਚਾ ਮਹਿੰਦਰ ਸਿੰਘ ਮੌੜ ਤੋਂ ਕਬੱਡੀ ਦੀ ਸਿਖਲਾਈ ਪ੍ਰਾਪਤ ਕੀਤੀ, ਜੋ ਕਿ ਇੱਕ ਕਬੱਡੀ ਪ੍ਰਮੋਟਰ ਸਨ। 1990 ਦੇ ਦਹਾਕੇ ਦੇ ਅਖੀਰ ਵਿੱਚ ਉਸ ਦੇ ਕਬੱਡੀ ਮੈਚਾਂ ਦੇ ਵੀਡੀਓ ਯੂਟਿਊਬ 'ਤੇ ਪ੍ਰਸਿੱਧ ਰਹੇ। ਉਸ ਦੀ ਪਤਨੀ ਅਤੇ ਚਾਰ ਪੁੱਤਰ ਲੰਡਨ ਵਿੱਚ ਸੈਟਲ ਹਨ। ਜੀਤਾ ਮੌੜ ਨੇ ਇੱਥੇ ਘੱਟੋ-ਘੱਟ ਚਾਰ ਫਰਮਾਂ ਸਥਾਪਤ ਕੀਤੀਆਂ, ਜਿਨ੍ਹਾਂ ਵਿੱਚ ਗ੍ਰੇਟ ਗ੍ਰੀਨ ਬਿਲਡ ਇੰਡੀਆ ਪ੍ਰਾਈਵੇਟ ਲਿਮਟਿਡ, ਜੀ ਜੀ ਬੀ ਰਾਇਲ ਡਿਵੈੱਲਪਰਜ਼ ਪ੍ਰਾਈਵੇਟ ਲਿਮਟਿਡ, ਆਰ ਬੀ ਆਰ ਰੀਅਲ ਅਸਟੇਟ ਡਿਵੈੱਲਪਰਜ਼ ਪ੍ਰਾਈਵੇਟ ਲਿਮਟਿਡ ਅਤੇ ਕੇ ਬੀ ਸੀ ਟਰਾਂਸਪੋਰਟ ਪ੍ਰਾਈਵੇਟ ਲਿਮਟਿਡ ਸ਼ਾਮਲ ਹਨ। ਉਸ ਦੀਆਂ ਸੈਂਕੜੇ ਏਕੜ ਵਿੱਚ ਫੈਲੀਆਂ ਜਾਇਦਾਦਾਂ ਸੁਲਤਾਨਪੁਰ ਲੋਧੀ, ਨਕੋਦਰ, ਲੋਹੀਆਂ, ਬੰਗਾ, ਮੁਕੇਰੀਆਂ, ਪੱਟੀ, ਤਰਨ ਤਾਰਨ, ਬਟਾਲਾ ਅਤੇ ਪਠਾਨਕੋਟ ਵਿੱਚ ਸਥਿਤ ਹਨ। ਉਸ ਦੇ ਨਿਵੇਸ਼ਕਾਂ ਦੀ ਸੂਚੀ ਵਿੱਚ ਕਥਿਤ ਤੌਰ 'ਤੇ ਘੱਟੋ-ਘੱਟ ਅੱਠ ਆਈ ਪੀ ਐੱਸ ਅਤੇ ਪੀ ਪੀ ਐੱਸ ਅਧਿਕਾਰੀਆਂ ਦੇ ਨਾਂਅ ਸ਼ਾਮਲ ਹਨ। ਇੱਕ ਸਾਬਕਾ ਕਾਂਗਰਸੀ ਵਿਧਾਇਕ ਦਾ ਨਾਂਅ ਵੀ ਉਸ ਦੇ ਖਿਲਾਫ ਇੱਕ ਸ਼ਿਕਾਇਤ ਵਿੱਚ ਆਇਆ ਸੀ। ਉਦੋਂ ਇਹ ਦੋਸ਼ ਲੱਗਾ ਸੀ ਕਿ ਕਾਂਗਰਸੀ ਵਿਧਾਇਕ ਨੇ ਉਸ ਨੂੰ 15 ਕਰੋੜ ਰੁਪਏ ਦਾ ਘਰ ਤੋਹਫੇ ਵਿੱਚ ਦਿੱਤਾ ਸੀ ਅਤੇ ਉਸ ਦੇ ਪੁੱਤਰ ਨੂੰ ਉਸ ਦੇ ਕਾਰੋਬਾਰ ਵਿੱਚ ਲਿਹਾਜ਼ ਪਾਲਣ ਲਈ ਇੱਕ ਲਗਜ਼ਰੀ ਕਾਰ ਵੀ ਦਿੱਤੀ ਸੀ। ਉਸ 'ਤੇ ਇਹ ਵੀ ਦੋਸ਼ ਹੈ ਕਿ ਉਸ ਨੇ ਆਪਣੇ 53 ਐੱਨ ਆਰ ਆਈ ਖਾਤਿਆਂ ਵਿੱਚ ਕਰੋੜਾਂ ਰੁਪਏ ਪ੍ਰਾਪਤ ਕੀਤੇ ਸਨ।

ਹਾਲਾਂਕਿ, ਜੀਤਾ ਮੌੜ ਨੇ ਇਸ ਕਾਰਵਾਈ ਨੂੰ ਉਦੋਂ ਆਪਣੇ ਅਕਸ ਨੂੰ ਖਰਾਬ ਕਰਨ ਦੀ ਚਾਲ ਦੱਸਿਆ ਸੀ। ਜੀਤਾ ਮੌੜ ਨੇ ਕਿਹਾ ਸੀ, 'ਮੈਂ 1988 ਤੋਂ ਯੂ ਕੇ ਵਿੱਚ ਕੰਮ ਕਰ ਰਿਹਾ ਹਾਂ। ਮੇਰੇ ਚਾਚਾ 1950 ਦੇ ਦਹਾਕੇ ਤੋਂ ਉੱਥੇ ਸਨ ਅਤੇ ਉਨ੍ਹਾਂ ਕੋਲ 25 ਟਰੱਕ ਸਨ। ਸਾਡੇ ਕੋਲ 90 ਘਰ, 35 ਦੁਕਾਨਾਂ ਹਨ ਅਤੇ ਅਸੀਂ ਲੰਡਨ ਵਿੱਚ ਫਰਨੀਚਰ ਅਤੇ ਜਾਇਦਾਦ ਦੇ ਕਾਰੋਬਾਰ ਵਿੱਚ ਲੱਗੇ ਹੋਏ ਹਾਂ। ਇਹ ਗਲਤ ਢੰਗ ਨਾਲ ਕਮਾਈ ਕੀਤੀ ਦੌਲਤ ਨਹੀਂ, ਸਗੋਂ ਸਖਤ ਮਿਹਨਤ ਦਾ ਨਤੀਜਾ ਹੈ।'

### ਸ਼ਾਮਲਾਤ ਦੀ ਥਾਂ 'ਤੇ...

ਨਾ ਹੋਣ ਬਾਰੇ ਕਹਿਣ ਤੋਂ ਬਾਅਦ ਬੁਲਡੋਜ਼ਰ ਨਾਲ ਘਰ ਢਾਹੁਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਪੁਲਸ ਅਧਿਕਾਰੀਆਂ ਅਨੁਸਾਰ ਅਮਰਜੀਤ ਸਿੰਘ ਪੱਪਾ ਮਫਰੂਰ ਹੈ। ਉਸ ਦੀ ਪਤਨੀ ਸੋਨੀ ਕੌਰ ਪੁਲਸ ਕਾਰਵਾਈ ਤੋਂ ਪਹਿਲਾਂ ਹੀ ਉਥੋਂ ਖਿਸਕ ਗਈ ਸੀ। ਐੱਸ ਐੱਸ ਪੀ ਅੰਕੁਰ ਗੁਪਤਾ ਅਨੁਸਾਰ ਪੱਪਾ ਦੇ ਪਰਵਾਰਕ ਮੈਂਬਰਾਂ ਉਪਰ ਨਸ਼ਾ ਤਸਕਰੀ ਦੇ 26 ਕੇਸ ਦਰਜ ਹਨ।

### 2025 ਦੁਨੀਆ 'ਚ ਇਨਕਲਾਬੀ...

ਸਰਮਾਏਦਾਰੀ ਪ੍ਰਬੰਧ ਦਾ ਵਿਕਾਸ ਰੁਕਦਾ ਨਜ਼ਰ ਆ ਰਿਹਾ ਹੈ। ਉਹਨਾ ਪਾਰਟੀ ਵਰਕਰਾਂ ਅਤੇ ਜਨਤਕ ਜਥੇਬੰਦੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਸਭ ਆਪਣੇ ਇਨਕਲਾਬੀ ਪ੍ਰੋਗਰਾਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਪੂਰਾ ਜ਼ੋਰ ਲਾ ਦੇਣ, ਤਾਂ ਲੋਕ ਜ਼ਰੂਰ ਸਾਡਾ ਸਾਥ ਦੇਣਗੇ।

ਕਾਮਰੇਡ ਗੋਲਡਨ ਨੇ ਕਿਹਾ ਕਿ ਦੂਜੀਆਂ ਪਾਰਟੀਆਂ ਵਾਂਗ ਸੱਤਾਧਾਰੀ ਪਾਰਟੀ ਨੇ ਵੀ ਲੋਕਾਂ ਦੀ ਬਾਂਹ ਨਹੀਂ ਫੜੀ ਅਤੇ ਲੋਕ ਠੱਗੇ ਮਹਿਸੂਸ ਕਰ ਰਹੇ ਹਨ। ਉਹਨਾ ਕਿਹਾ ਭਾਰਤੀ ਕਮਿਊਨਿਸਟ ਪਾਰਟੀ ਨੇ ਹਮੇਸ਼ਾ ਹੀ ਦੱਬੇ-ਕੁਚਲੇ ਅਤੇ ਪੀੜਤ ਲੋਕਾਂ ਦੇ ਹੱਕ ਦੀ ਆਵਾਜ਼ ਨੂੰ ਅੱਗੇ ਹੋ ਕੇ ਚੁੱਕਿਆ ਹੈ ਅਤੇ ਚੁਕਦੀ ਰਹੇਗੀ।

ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਢਾਬਾਂ ਅਤੇ ਪਾਰਟੀ ਦੇ ਜ਼ਿਲ੍ਹਾ ਮੀਤ ਸਕੱਤਰ ਸੁਰਿੰਦਰ ਢੰਡੀਆਂ ਨੇ ਕਿਹਾ ਕਿ ਉਹਨਾਂ ਵੱਲੋਂ ਪੰਜਾਬ ਵਿੱਚ ਚਲਾਈ 'ਬਨੇਗਾ' ਪ੍ਰਾਪਤੀ ਮੁਹਿੰਮ ਤਹਿਤ ਨੌਜਵਾਨਾਂ ਨੂੰ ਪੂਰੇ ਪੰਜਾਬ ਅਤੇ ਦੇਸ਼ ਅੰਦਰ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾ ਰਹੀ ਅਤੇ ਉਹ ਦਿਨ ਦੂਰ ਨਹੀਂ, ਜਦੋਂ ਦੇਸ਼ ਦੀ ਪਾਰਲੀਮੈਂਟ ਵਿੱਚ ਹਰੇਕ ਨੌਜਵਾਨ ਨੂੰ ਰੁਜ਼ਗਾਰ ਦੀ ਗਾਰੰਟੀ ਕਰਦਾ ਕਾਨੂੰਨ ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ 'ਬਨੇਗਾ' ਪਾਸ ਹੋਵੇਗਾ। ਹੋਰਨਾਂ ਤੋਂ ਇਲਾਵਾ ਬਲਵੰਤ ਚੌਹਾਣਾ, ਜੰਮੂ ਰਾਮ ਬਣਵਾਲਾ, ਰਮਨ ਧਰਮੂਵਾਲਾ, ਨੌਜਵਾਨ ਆਗੂ ਨਰਿੰਦਰ ਢਾਬਾਂ, ਹਰਜੀਤ ਕੌਰ ਢੰਡੀਆਂ, ਕਿਸਾਨ ਆਗੂ ਕਿਸ਼ਨ ਧਰਮੂਵਾਲਾ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਬਲਾਕ ਸਕੱਤਰ ਛਿੰਦਰ ਮਹਾਲਮ ਨੇ ਬਾਖੂਬੀ ਨਿਭਾਈ।

### ਨਾਗਪੁਰ ਦੇ ਕਈ...

ਪੱਖੀ ਸੰਸਥਾ ਵੱਲੋਂ ਕੀਤੇ ਗਏ ਅੰਦੋਲਨ ਦੌਰਾਨ ਇੱਕ ਭਾਈਚਾਰੇ ਦੇ ਪਵਿੱਤਰ ਗ੍ਰੰਥ ਨੂੰ ਸਾੜਨ ਦੀਆਂ ਅਫਵਾਹਾਂ ਵਿਚਕਾਰ ਪੁਲਸ 'ਤੇ ਪੱਥਰ ਸੁੱਟੇ ਗਏ।

ਰਾਤ 10.30 ਵਜੇ ਤੋਂ 11.30 ਵਜੇ ਦੇ ਵਿਚਕਾਰ ਓਲਡ ਭੰਡਾਰਾ ਰੋਡ ਨੇੜੇ ਹੰਸਾਪੁਰੀ ਇਲਾਕੇ ਵਿੱਚ ਇੱਕ ਹੋਰ ਝੜਪ ਹੋਈ। ਇਕ ਬੇਕਾਬੂ ਭੀੜ ਨੇ ਕਈ ਵਾਹਨਾਂ ਨੂੰ ਸਾੜ ਦਿੱਤਾ ਅਤੇ ਇਲਾਕੇ ਵਿੱਚ ਘਰਾਂ ਤੇ ਇੱਕ ਕਲੀਨਿਕ ਦੀ ਭੰਨਤੋੜ ਕੀਤੀ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਨਾਗਪੁਰ ਤੋਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਹਿੰਸਾ ਦੇ ਮੱਦੇਨਜ਼ਰ ਸ਼ਾਂਤੀ ਅਤੇ ਸਦਭਾਵਨਾ ਦੀ ਅਪੀਲ ਕੀਤੀ ਹੈ।

### ਪੰਜਾਬ 'ਚ ਨਸ਼ਿਆਂ...

ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰੇਕ ਪਿੰਡ ਵਿੱਚ ਖੇਡ ਮੈਦਾਨ ਤੇ ਜਿੰਮ ਖੋਲ੍ਹੇ ਜਾਣਗੇ। ਉਨ੍ਹਾ ਕਿਹਾ ਕਿ 5000 ਨਵੇਂ ਹੋਮ ਗਾਰਡ ਭਰਤੀ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਤਾਇਨਾਤ ਕੀਤਾ ਜਾਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਖਿਆ ਕਿ ਮਹਾਨ ਆਜ਼ਾਦੀ ਘੁਲਾਟੀਆਂ ਅਤੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸੂਬਾ ਸਰਕਾਰ ਦਿਨ-ਰਾਤ ਮਿਹਨਤ ਕਰ ਰਹੀ ਹੈ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਤੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਲਗਾਤਾਰ ਕੋਸ਼ਿਸ਼ਾਂ ਕਾਰਨ ਸਿੱਖਿਆ, ਸਿਹਤ, ਬਿਜਲੀ ਅਤੇ ਹੋਰ ਖ਼ੇਤਰ ਪਹਿਲੀ ਦਫ਼ਾ ਸਿਆਸੀ ਪਾਰਟੀਆਂ ਦੇ ਏਜੰਡੇ ਵਿੱਚ ਕੇਂਦਰ ਬਿੰਦੂ ਬਣੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਕਦਮਾਂ ਕਾਰਨ ਹੀ 56 ਇੰਚ ਦੀ ਛਾਤੀ ਹੋਣ ਦੇ ਦਮਗਜ਼ੇ ਮਾਰਨ ਵਾਲੇ ਲੀਡਰ ਹੁਣ ਕੇਜਰੀਵਾਲ ਤੋਂ ਡਰੇ ਹੋਏ ਹਨ। ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਲਹਿਰ ਵਿੱਚ ਬਦਲਿਆ ਜਾ ਰਿਹਾ ਹੈ, ਤਾਂ ਜੋ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਇਆ ਜਾ ਸਕੇ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਅਰਵਿੰਦ ਕੇਜਰੀਵਾਲ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਸਮਾਗਮ ਵਿੱਚ ਮੌਜੂਦ ਕਾਰੋਬਾਰੀਆਂ ਦਾ ਸਨਮਾਨ ਕੀਤਾ।ਮੁੱਖ ਮੰਤਰੀ ਮਾਨ ਅਤੇ ਕੇਜਰੀਵਾਲ ਨੇ ਨਵੀਂ ਦਿੱਖ ਮਿਲਣ ਮਗਰੋਂ ਸਿਵਲ ਹਸਪਤਾਲ ਲੋਕਾਈ ਨੂੰ ਸਮਰਪਿਤ ਕੀਤਾ।

ਸੂਬਾ ਸਰਕਾਰ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਲੁਧਿਆਣਾ ਦੇ ਸਿਵਲ ਹਸਪਤਾਲ ਦੀ ਕਾਇਆ-ਕਲਪ ਹੋਈ ਹੈ ਅਤੇ ਇੱਥੇ ਕਈ ਮਿਸਾਲੀ ਪਹਿਲਕਦਮੀਆਂ ਸਫ਼ਲਤਾ-ਪੂਰਵਕ ਲਾਗੂ ਕੀਤੀਆਂ ਗਈਆਂ ਹਨ।

## ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦਾ ਨਾਨ ਬੋਰਡ ਸ਼੍ਰੇਣੀਆਂ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ।ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਾਰੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਸ਼ਾਨਦਾਰ ਪ੍ਰਾਪਤੀ ਲਈ ਪ੍ਰਿੰਸੀਪਲ ਗੁਰਦੇਵ ਨੇ ਸਿੰਘ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਸੰਸਥਾ ਦੇ ਡਾਇਰੈਕਟਰ ਅਤੇ ਪ੍ਰਿੰਸੀਪਲ ਸ਼੍ਰੀ ਸੰਦੀਪ ਮਹਿਤਾ ਨੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਇਸ ਤਰ੍ਹਾਂ ਹੀ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕਰਦਿਆਂ ਵਿਦਿਆਰਥੀਆਂ ਦੁਆਰਾ ਮੋਬਾਈਲ ਦੀ ਵਰਤੋਂ ਘਟਾ ਕੇ ਖੇਡਾਂ ਵਿੱਚ ਦਿਲਚਸਪੀ ਲੈਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀ ਨੂੰ ਤੰਦਰੁਸਤ ਸਰੀਰ ਅਤੇ ਤੇਜ਼ ਦਿਮਾਗ ਪ੍ਰਦਾਨ ਕਰਦੀਆਂ ਹਨ। ਹਰੇਕ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਜ਼ਰੂਰ ਭਾਗ ਲੈਣਾ ਚਾਹੀਦਾ ਹੈ।ਇਸ ਵਾਰ ਗਿਆਰ੍ਹਵੀਂ, ਨੌਵੀਂ, ਸੱਤਵੀਂ, ਛੇਵੀਂ ਅਤੇ ਪੰਜਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਨਤੀਜਾ ਸੌ ਫ਼ੀਸਦੀ ਰਿਹਾ, ਜਿਸ 'ਚੋਂ ਗਿਆਰ੍ਹਵੀਂ (ਨਾਨ-ਮੈਡੀਕਲ) ਦੀ ਵਿਦਿਆਰਥਣ ਸ਼ਨਾਇਆ ਮਹਿਤਾ ਨੇ (100%) ਅੰਕ ਪ੍ਰਾਪਤ ਕਰਕੇ ਪਹਿਲਾ, ਗੁਰਵੀਰ ਕੌਰ ਨੇ (97.2%), ਮਹਿਕਵੀਰ ਨੇ (96.7%), ਮੋਨਿਕਾ (96.7%) ਤੇ ਲੜਕੇ ਗਗਨਦੀਪ ਸਿੰਘ ਨੇ (91.6%) ਅੰਕ ਹਾਸਲ ਕਰਕੇ ਕ੍ਰਮਵਾਰ ਦੂਜਾ, ਤੀਜਾ, ਚੌਥਾ ਸਥਾਨ ਹਾਸਲ ਕੀਤਾ।ਮੈਡੀਕਲ ਦੀ ਵਿਦਿਆਰਥਣ ਮਨਵੀਰ ਕੌਰ ਨੇ (95%), ਅੰਕਿਤਾ (90%) ਅੰਕ ਪ੍ਰਾਪਤ ਕੀਤੇ। ਕਾਮਰਸ ਦੀ ਮੁਸਕਾਨਪ੍ਰੀਤ ਕੌਰ ਨੇ (95.7%), ਜਸਪ੍ਰੀਤ (95.5%), ਸੁਮਨਦੀਪ ਕੌਰ (92.8%) ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਹਾਸਲ ਕੀਤਾ। ਜਸ਼ਨਦੀਪ ਸਿੰਘ (ਆਰਟਸ) (90.8%) ਫ਼ੀਸਦੀ ਅੰਕ ਪ੍ਰਾਪਤ ਕੀਤੇ।ਇਸੇ ਤਰ੍ਹਾਂ ਨੌਵੀਂ ਸ਼੍ਰੇਣੀ (ਲੜਕੀਆਂ) ਵਿੱਚੋਂ ਯਸ਼ਿਕਾ ਸੇਠੀ (99.1%) ਮਹਵਿਸ਼ (98.1%) ਏਕਮਨੂਰ ਕੌਰ (96.5%) ਅਨਮੋਲਪ੍ਰੀਤ ਸਿੰਘ (95.4%) ਹਿਮਾਸ਼ੂ ਮਿੱਤਲ (92.5%) ਪਰਮਪ੍ਰੀਤ ਸਿੰਘ ਨੇ (91.4%), ਸੱਤਵੀ ਸ਼੍ਰੇਣੀ ਦੀ ਕਿਰਨਵੀਰ ਕੌਰ ਨੇ (98.3%), ਕਰਨਪ੍ਰੀਤ ਕੌਰ ਨੇ (94.3%), ਨਵਦੀਪ ਕੌਰ ਨੇ (93%), ਅਨੁਰਾਗ ਸਿੰਘ ਨੇ (97.1%), ਪਰਮਵੀਰ ਸਿੰਘ ਨੇ (94.1%) ਅਤੇ ਲਵਪ੍ਰੀਤ ਨੇ (91%) ਅੰਕ ਪ੍ਰਾਪਤ ਕੀਤੇ। ਛੇਵੀਂ ਸ਼੍ਰੇਣੀ ਦੇ ਜਸਪ੍ਰੀਤ ਕੌਰ ਨੇ (96%), ਅਰਸ਼ਦੀਪ ਕੌਰ ਨੇ (92.1%), ਆਸ਼ੀਆ (90%), ਰਣਬੀਰ ਸਿੰਘ (93%), ਜਗਦੀਪ ਸਿੰਘ (92%) ਕਰਨਵੀਰ ਸਿੰਘ (91%), ਪੰਜਵੀਂ ਸ਼੍ਰੇਣੀ ਵਿੱਚੋਂ ਦੀਵਾਂਸ਼ੀ (99%), ਅਵਰੀਤ ਕੌਰ (97%) ਅਤੇ ਰਣਵੀਰ ਕੌਰ ਨੇ (96.3%) ਰਣਵੀਰ ਸਿੰਘ (93.8%), ਯੁਵਰਾਜ (94%) ਅਤੇ ਯੁਵਰਾਜ ਸਿੰਘ ਸਰਾਂ ਨੇ (93.8%) ਅੰਕ ਲੈ ਕੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ।

## ਤਰਕਸ਼ੀਲਾਂ ਨੇ ਮਹਿਮਾ ਸਿੰਘ ਧਿੰਗੜ ਨੂੰ ਫਿਰ ਚੁਣਿਆ ਪ੍ਰਧਾਨ



**ਤਲਵੰਡੀ ਸਾਬੋ (ਜਗਦੀਪ ਗਿੱਲ)** ਤਰਕਸ਼ੀਲ ਸੋਸਾਇਟੀ ਪੰਜਾਬ ਨਾਂ ਦੀ ਜਥੇਬੰਦੀ ਬਣਾ ਕੇ ਤਰਕਸ਼ੀਲਾਂ ਦਾ ਮਕਸਦ ਕੋਈ ਨਵਾਂ ਮਿਸ਼ਨ ਸ਼ੁਰੂ ਕਰਨ ਦਾ ਨਹੀਂ ਸਗੋਂ ਸਮਾਜ ਦੇ ਹਰ ਖੇਤਰ ਵਿੱਚ ਵਾਪਰਨ ਵਾਲੀਆਂ ਹਰ ਵੰਨਗੀ ਦੀਆਂ ਘਟਨਾਵਾਂ ਪਿੱਛੇ ਵਾਪਰਦੇ ਵਿਗਿਆਨਕ ਕਾਰਨਾਂ ਨੂੰ ਲੱਭਣ ਦੀ ਰੁਚੀ ਪੈਦਾ ਕਰਨਾ ਹੈ, ਤਾਂ ਕਿ ਲੋਕਾਂ ਦੀ ਸਮਝ ਸ਼ਕਤੀ ਤੇ ਨਜ਼ਰੀਏ ਨੂੰ ਵਿਗਿਆਨਕ ਲੀਹਾਂ 'ਤੇ ਵਿਕਸਿਤ ਕਰਕੇ ਸਮਾਜ ਨੂੰ ਹੋਰ ਸੋਹਣਾ ਬਣਾਉਣ ਵੱਲ ਅੱਗੇ ਵਧਿਆ ਜਾ ਸਕੇ।ਇਹ ਵਿਚਾਰ ਤਰਕਸ਼ੀਲ ਸੁਸਾਇਟੀ ਇਕਾਈ ਤਲਵੰਡੀ ਸਾਬੋ ਦੀ ਇੱਥੇ ਹੋਈ ਚੋਣ ਮੌਕੇ ਵੱਖ ਵੱਖ ਤਰਕਸ਼ੀਲ ਬੁਲਾਰਿਆਂ ਨੇ ਪ੍ਰਗਟ ਕੀਤੇ।

ਬੁਲਾਰਿਆਂ ਨੇ ਕਿਹਾ ਕਿ ਭੂਤਾਂ ਪ੍ਰੇਤਾਂ ਤੇ ਜਿੰਨ ਕੁਚੀਲਾਂ ਦੀ ਅਖੌਤੀ ਹੋਂਦ ਵਰਗੇ ਲੋਕਾਂ ਵਿੱਚ ਫੈਲੇ ਵਹਿਮ ਭਰਮ ਐਵੇਂ ਨਹੀਂ ਫੈਲ ਗਏ, ਸਗੋਂ ਇਨ੍ਹਾਂ ਨੂੰ ਪੈਦਾ ਕਰਕੇ ਪਿੱਛੋਂ ਵਹਿਮਾਂ ਭਰਮਾਂ ਦਾ ਜਾਲ ਵਿਛਾਈ ਰੱਖਣ ਵਿੱਚ ਮੌਜੂਦਾ ਸਮੇਂ ਦੀ ਸਿਆਸਤ ਪੂਰਨ ਰੂਪ ਵਿੱਚ ਜ਼ੁੰਮੇਵਾਰ ਹੈ।ਬੁਲਾਰਿਆਂ ਨੇ ਕਿਹਾ ਕਿ ਦੇਸ਼ ਦੇ ਕਰੋੜਾਂ ਭੋਲੇ ਭਾਲੇ ਲੋਕਾਂ ਦੇ ਅਗਿਆਨੀ ਰਹਿਣ ਦਾ ਲਾਹਾ ਸਭ ਤੋਂ ਵੱਧ ਸਾਡੇ ਦੇਸ਼ ਦੇ ਸਿਆਸਤਦਾਨਾਂ ਨੇ ਲਿਆ ਹੈ।ਬੁਲਾਰਿਆਂ ਕਿਹਾ ਕਿ ਅੰਧ ਵਿਸ਼ਵਾਸਾਂ ਨੂੰ ਪੈਦਾ ਕਰਨਾ ਬੀਤੇ ਸਮੇਂ ਦੀ ਸਿਆਸਤ ਦੀ ਲੋੜ ਤੇ ਇਨ੍ਹਾਂ ਅੰਧ-ਵਿਸ਼ਵਾਸਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਕਾਇਮ ਰੱਖਣਾ ਵਰਤਮਾਨ ਸਿਆਸਤ ਦੀ ਲੋੜ ਹੈ। ਬੁਲਾਰਿਆਂ ਕਿਹਾ ਕਿ ਇਹ ਵੀ ਹੋ ਸਕਦਾ ਹੈ ਕਿ ਇਨ੍ਹਾਂ ਅੰਧ ਵਿਸ਼ਵਾਸਾਂ ਨੂੰ ਖਤਮ ਕਰਨਾ ਭਵਿੱਖ ਦੀ ਸਿਆਸਤ ਦੀ ਅਣਸਰਦੀ ਲੋੜ ਬਣ ਜਾਵੇ।ਇਸ ਤਰਕਸ਼ੀਲ ਇਕੱਤਰਤਾ ਵਿੱਚ ਮੇਲਾ ਵਿਸਾਖੀ ਮੌਕੇ ਤਰਕਸ਼ੀਲ ਸੋਸਾਇਟੀ ਵੱਲੋਂ ਇੱਥੇ ਹਰ ਸਾਲ ਕੀਤੇ ਜਾਣ ਵਾਲੇ ਤਰਕਸ਼ੀਲ ਸਮਾਗਮ ਦੀਆਂ ਤਿਆਰੀਆਂ ਤੋਂ ਇਲਾਵਾ ਤਰਕਸ਼ੀਲ ਇਕਾਈ ਤਲਵੰਡੀ ਸਾਬੋ ਦੀ ਅਗਲੇ ਦੋ ਸਾਲਾਂ ਲਈ ਚੋਣ ਵੀ ਕੀਤੀ ਗਈ, ਜਿਸ ਵਿੱਚ ਬਾਕੀ ਅਹੁਦੇਦਾਰਾਂ ਤੋਂ ਇਲਾਵਾ ਸਰਦਾਰ ਮਹਿਮਾ ਸਿੰਘ ਧਿੰਗੜ ਨੂੰ ਫਿਰ ਤੋਂ ਪ੍ਰਧਾਨ ਚੁਣ ਲਿਆ ਗਿਆ।ਇਸੇ ਤਰ੍ਹਾਂ ਹੀ ਹਰਜਿੰਦਰ ਸਿੰਘ ਪੱਪੀ ਨੂੰ ਵਿੱਤ ਮੁਖੀ, ਜਗਦੀਪ ਗਿੱਲ ਨੂੰ ਮੀਡੀਆ ਮੁਖੀ, ਜੁਗਰਾਜ ਸਿੰਘ ਭਾਗੀਵਾਂਦਰ ਨੂੰ ਸੱਭਿਆਚਾਰਕ ਮੁਖੀ, ਗੁਰਦੀਪ ਸਿੰਘ ਚਹਿਲ ਕਲਾਲ ਵਾਲਾ ਨੂੰ ਸੂਬਾ ਡੈਲੀਗੇਟ ਤੇ ਬਲਦੇਵ ਸਿੰਘ ਗਿੱਲ ਨੂੰ ਮਾਨਸਿਕ ਰੋਗ ਵਿਭਾਗ ਦਾ ਮੁਖੀ ਚੁਣ ਲਿਆ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡਵੋਕੇਟ ਅਵਤਾਰ ਸਿੰਘ ਸਿੱਧੂ, ਮੇਵਾ ਸਿੰਘ ਸੰਗਤ, ਕ੍ਰਿਸ਼ਨ ਸਿੰਘ ਗੁਰੂਸਰੀਆ, ਮਨਪ੍ਰੀਤ ਸਿੰਘ ਬੁਰਜ ਸੇਮਾ, ਜਸਪ੍ਰੀਤ ਸਿੰਘ ਧਿੰਗੜ ਆਦਿ ਤਰਕਸ਼ੀਲ ਆਗੂ ਤੇ ਵਰਕਰ ਹਾਜ਼ਰ ਸਨ।

## ਕਿਸੇ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ : ਪਠਾਣਮਾਜਰਾ

**ਸਨੌਰ/ ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਵੱਲੋਂ ਆਪਣੇ ਹਲਕੇ ਦੇ ਪਿੰਡਾਂ ਵਿੱਚ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਪਿੰਡਾਂ ਵਿੱਚ ਕੈਂਪ ਲਾਏ ਜਾ ਰਹੇ ਹਨ ਤੇ ਮੌਕੇ 'ਤੇ ਹੀ ਉਨ੍ਹਾਂ ਵੱਲੋਂ ਕੁਝ ਸਮੱਸਿਆਵਾਂ ਦਾ ਹੱਲ ਕੀਤਾ ਜਾ ਰਿਹਾ ਹੈ। ਵੱਖ-ਵੱਖ ਵਿਭਾਗ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਰਿਹਾ।

ਇਸ ਸਬੰਧੀ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਨੇ ਕਿਹਾ ਹੈ ਕਿ ਹਲਕੇ ਦੇ ਵਿਕਾਸ ਕਾਰਜਾਂ ਲਈ ਮੈਂ ਹਮੇਸ਼ਾ ਵਚਨਬੱਧ ਹਾਂ, ਜਦੋਂ ਕਿ ਮੈਂ ਇਸ ਹਲਕੇ ਦਾ ਜੰਮਪਲ ਵੀ ਹਾਂ ਤੇ ਵਿਧਾਇਕ ਹੋਣ ਦੇ ਨਾਤੇ ਮੇਰੀ ਜ਼ਿੰਮੇਵਾਰੀ ਬਣਦੀ ਹੈ ਕਿ ਮੈਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਾਂ ਤੇ ਘਰ ਘਰ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ।


**ਉਤਰ ਰੇਲਵੇ**

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਨੰ. 433-ਸਿਗ- ਟੀ-51-24-25 ਮਿਤੀ-18.03.2025**

**ਬੰਦ ਹੋਣ ਦੀ ਮਿਤੀ/ਸਮਾਂ: 11.04.2025 15:00 ਵਜੇ**

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ **ਟੈਂਡਰ ਨੰ. 433-ਸਿਗ/ਟੀ-51/24-25** ਈ ਟੈਂਡਰਿੰਗ ਦੇ ਮਾਧਿਅਮ ਨਾਲ **ਮਿਤੀ 11.04.2025 ਨੂੰ 15:00 ਵਜੇ** ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

**ਐਨ ਆਈ ਟੀ**

| | | | |
|---|---|---|---|
| ਕੰਮ ਦਾ ਨਾਮ | (i) ਫਿਰੋਜਪੁਰ ਡਵੀਜਨ ਵਿਚ ਸੀਨੀਅਰ ਡੀਐਸਟੀਈ/ਫਿਰੋਜਪੁਰ ਦੇ ਅਧਿਕਾਰ ਖੇਤਰ ਦੇ ਤਹਿਤ ਸਟੇਸ਼ਨਾਂ ਅਤੇ L-xing ਗੇਟਾਂ ਤੇ ਸਥਾਪਿਤ HBL ਮੇਕ ਏਕੀਕ੍ਰਿਤ ਬਿਜਲੀ ਸਪਲਾਈ ਪ੍ਰਣਾਲੀ (ਆਈ ਪੀ ਐਸ) ਸਿਸਟਮ ਦਾ ਤਿੰਨ ਸਾਲਾਂ ਦੇ ਲਈ ਵਿਆਪਕ ਸਲਾਨਾ ਰਖਰਖਾਅ ਦਾ ਕਾਂਟਰੈਕਟ। (ii) ਏਡੀਐਸਟੀਈ/ਲੁਧਿਆਣਾ ਦੇ ਅਨੁਭਾਗਾਂ ਦੇ ਲਈ ਇਕ ਸਾਲ ਦੇ ਲਈ ਅਨੁਭਾਗੀ ਸਿਗਨਲ ਰਖਰਖਾਅ ਕਾਂਟਰੈਕਟ (ਐਸਐਸਐਮਸੀ) | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 11.04.2025 15:00 ਵਜੇ | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 18.03.2025 13:30 ਵਜੇ |
| ਅੰਦਾਜਨ ਕੀਮਤ (ਰੂ.) | (i) 1,37,24,453.16 (ii) 1,39,61,726.25 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 28.03.2025 |
| ਬਿਆਨਾ ਰਾਸ਼ੀ (ਰੂ) | (i) 2,18,600.00 (ii) 2,19,800.00 | ਕੰਮ ਪੂਰਾ ਕਰਨ ਦਾ ਸਮਾਂ | (i) 36 ਮਹੀਨੇ (ii) 12 ਮਹੀਨੇ |

841/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

19 Mar Page-3.qxd 3/18/2025 9:48 PM Page 1



# ਨਸ਼ਾ ਤਸਕਰੀ 'ਚ ਨਾਂਅ ਆਉਣ 'ਤੇ ਹੋਵੇਗੀ ਸਖਤ ਕਾਰਵਾਈ : ਅਮਨ ਅਰੋੜਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਨੇ ਨਸ਼ਾ ਤਸਕਰਾਂ ਅਤੇ ਉਹਨਾਂ ਦੇ ਆਕਾਵਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਇਸ ਧੰਦੇ ਵਿੱਚ ਜੋ ਵੀ ਵਿਅਕਤੀ ਸ਼ਾਮਲ ਹੋਇਆ ਉਸ ਵਿਰੁੱਧ ਸਖਤ ਕਾਰਵਾਈ ਹੋਵੇਗੀ, ਚਾਹੇ ਉਹ ਰਾਜਸੀ ਵਿਅਕਤੀ ਹੋਵੇ, ਪੁਲਸ ਦਾ ਵਿਅਕਤੀ ਹੋਵੇ ਜਾਂ ਕੋਈ ਹੋਰ ਵੱਡੀ ਹਸਤੀ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਤਹਿਤ ਨਸ਼ੇ ਦੇ ਕਾਰੋਬਾਰ ਨੂੰ ਖਤਮ ਕਰਨ ਲਈ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ ਅਤੇ 1 ਮਾਰਚ ਤੋਂ ਸ਼ੁਰੂ ਕੀਤੀ ਗਈ ਇਹ ਮੁਹਿੰਮ ਹੁਣ ਲੋਕਾਂ ਦੀ ਮੁਹਿੰਮ ਬਣ ਗਈ ਹੈ। ਉਹ ਲੋਕ ਜੋ ਨਸ਼ੇ ਨੂੰ ਲੈ ਕੇ ਬੇਵਸ ਸਨ, ਉਹਨਾਂ ਵਿੱਚ ਆਸ ਦੀ ਕਿਰਨ ਪੈਦਾ ਹੋਈ ਹੈ ਅਤੇ ਲੋਕ ਹੁਣ ਨਸ਼ੇ ਸਬੰਧੀ ਜਾਣਕਾਰੀ ਪੁਲਸ ਕੋਲ ਸਾਂਝੀ ਕਰਨ ਲੱਗੇ ਹਨ। ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਜਾਇਜ਼ਾ ਲੈਣ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਰੋੜਾ ਨੇ ਕਿਹਾ ਕਿ ਨਸ਼ੇ ਦੀ ਸਪਲਾਈ ਅਤੇ ਮੰਗ ਨੂੰ ਖਤਮ ਕਰਨ ਲਈ ਇਨਫਾਰਸਮੈਂਟ, ਪ੍ਰੀਵੈਂਸ਼ਨ ਅਤੇ ਰੀਹੈਬਿਲੀਟੇਸ਼ਨ ਦੀ ਨੀਤੀ 'ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਸ਼ਿਆਂ ਵਿਰੋਧੀ ਮੁਹਿੰਮ ਤਹਿਤ ਪਹਿਲੀ ਮਾਰਚ ਤੋਂ ਲੈ ਕੇ ਹੁਣ ਤੱਕ 1651 ਕੇਸ ਦਰਜ ਕਰਕੇ 2575 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤੋਂ ਇਲਾਵਾ 1322 ਕਿੱਲੋ ਨਸ਼ਾ ਫੜਿਆ ਗਿਆ ਹੈ, ਜਦਕਿ 64.26 ਲੱਖ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਪਿਛਲੀਆਂ ਸਰਕਾਰਾਂ ਦਰਮਿਆਨ ਨਸ਼ਾ ਤਸਕਰਾਂ ਵਲੋਂ ਸਿਆਸੀ ਪੁਸ਼ਤਪਨਾਹੀ ਦੇ ਆਸਰੇ ਖੜ੍ਹੇ ਕੀਤੇ ਮਹਿਲ ਢਾਹ ਦਿੱਤੇ ਜਾਣਗੇ। ਉਹਨਾਂ ਕਿਹਾ ਕਿ ਇਸ ਸਰਹੱਦੀ ਪੱਟੀ ਵਿੱਚ ਨਸ਼ੇ ਦੀ ਤਸਕਰੀ ਸਰਹੱਦ ਪਾਰ ਤੋਂ ਵੱਡੀ ਮਾਤਰਾ ਵਿੱਚ ਹੋ ਰਹੀ ਹੈ ਪਰ ਅਸੀਂ ਇਸ ਨੂੰ ਹਰ ਹਾਲਤ ਰੋਕ ਕੇ ਵਿਖਾਵਾਂਗੇ।ਉਨ੍ਹਾਂ ਦੱਸਿਆ ਕਿ ਪੰਚਾਇਤਾਂ, ਸਮਾਜ ਸੇਵੀ ਸੰਗਠਨਾਂ ਨੂੰ ਨਸ਼ਾ ਵਿਰੋਧੀ ਮੁਹਿੰਮ ਵਿਚ ਭਾਗੀਦਾਰ ਬਣਾਉਣ ਲਈ ਯਤਨ ਜਾਰੀ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਵਿਚ ਸਹਿਯੋਗ ਕਰਨ ਤਾਂ ਜੋ ਰਲ ਕੇ ਪੰਜਾਬ ਨੂੰ ਇਸ ਅਲਾਮਤ ਤੋਂ ਛੁਟਕਾਰਾ ਦਵਾਇਆ ਜਾ ਸਕੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਵਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨਾਲ ਯੁੱਧ ਨਸ਼ੇ ਵਿਰੁੱਧ ਮੁਹਿੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਨਸ਼ੇ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਮੈਡੀਕਲ ਸਟੋਰਾਂ ਅਤੇ ਆਰ ਐਮ ਪੀ ਦੀ ਵੀ ਨਿਰੰਤਰ ਜਾਂਚ ਕਰਨ ਦੀ ਹਦਾਇਤ ਕੀਤੀ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਓਟ ਸੈਂਟਰ ਉੱਤੇ ਚਲਦੀ ਬਲੈਕ ਦਾ ਮੁੱਦਾ ਉਠਾਉਂਦੇ ਇਨਾਂ ਓਟ ਸੈਂਟਰਾਂ ਉੱਤੇ ਸਖਤ ਨਜ਼ਰ ਰੱਖਣ ਲਈ ਕਿਹਾ।ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਹੁਣ ਤੱਕ ਕੀਤੀ ਗਈ ਕਾਰਵਾਈ, ਜਦਕਿ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਨਸ਼ੇ ਵਿਰੁੱਧ ਵਿੱਢੀ ਮੁਹਿੰਮ ਅਤੇ ਡੀ ਆਈ ਜੀ ਸਤਿੰਦਰ ਸਿੰਘ ਨੇ ਪਿਛਲੇ 16 ਦਿਨਾਂ ਵਿੱਚ ਹੋਈ ਰਿਕਵਰੀ ਬਾਬਤ ਵਿਸਥਾਰ ਵਿੱਚ ਦੱਸਿਆ।



# ਕੈਬਨਿਟ ਮੰਤਰੀ ਨੇ ਸਰਬਸੰਮਤੀ ਨਾਲ ਚੁਣੀਆਂ 20 ਪੰਚਾਇਤਾਂ ਨੂੰ ਦਿੱਤੇ ਇਕ ਕਰੋੜ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)** – ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਪੰਚਾਇਤ ਚੋਣਾਂ ਵਿੱਚ ਇਹ ਵਾਅਦਾ ਕੀਤਾ ਸੀ ਕਿ ਜਿਹੜੀਆਂ ਪੰਚਾਇਤਾਂ ਸਰਬ ਸੰਮਤੀ ਨਾਲ ਚੁਣੀਆਂ ਜਾਣਗੀਆਂ ਦੇ ਵਿਕਾਸ ਲਈ ਉਹ ਆਪਣੇ ਅਖਤਿਆਰੀ ਕੋਟੇ ਵਿੱਚੋਂ ਪੰਜ-ਪੰਜ ਲੱਖ ਰੁਪਏ ਦੇਣਗੇ, ਇਸ ਤੋਂ ਇਲਾਵਾ ਪੰਜ-ਪੰਜ ਲੱਖ ਰੁਪਏ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨ ਕੀਤਾ ਗਿਆ ਸੀ। ਅੱਜ ਕੈਬਨਿਟ ਮੰਤਰੀ ਨੇ 20 ਗ੍ਰਾਮ ਪੰਚਾਇਤਾਂ ਨਾਲ ਇਹ ਵਾਅਦਾ ਪੂਰਾ ਕਰਦੇ ਹੋਏ ਆਪਣੇ ਅਖਤਿਆਰੀ ਕੋਟੇ ਵਿੱਚੋਂ ਪੰਜ ਪੰਜ ਲੱਖ ਰੁਪਏ ਦੀ ਗਰਾਂਟ ਇਹਨਾਂ ਪਿੰਡਾਂ ਨੂੰ ਦਿੱਤੀ। ਇਹਨਾਂ ਪੰਚਾਇਤਾਂ ਵਿੱਚ ਬਲਾਕ ਤਰਸਿੱਕਾ ਦੇ ਪਿੰਡ ਮੀਰਾ ਚੱਕ, ਪਿੰਡ ਕੁਹਾਟ ਵਿੰਡ ਮੁਸਲਮਾਨਾਂ, ਪਿੰਡ ਸ਼ਾਹਪੁਰ ਖੁਰਦ, ਰਾਏਪੁਰ ਖੁਰਦ, ਕੋਟਿ ਹਿਆਤ, ਨੰਗਲੀ ਕਲਾਂ ਦਿਆਲਗੜ੍ਹ ਉਸਮਾ ਸਫੀਪੁਰ ਅਤੇ ਜੰਡਿਆਲਾ ਗੁਰੂ ਸ਼ਾਮਿਲ ਹਨ। ਉਹਨਾਂ ਨੇ ਇਹਨਾਂ ਪੰਚਾਇਤਾਂ ਨੂੰ ਕਰੀਬ ਇੱਕ ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਦੇ ਹੋਏ ਤਕੜੇ ਹੋ ਕੇ ਕੰਮ ਕਰਨ ਲਈ ਉਤਸ਼ਾਹਤ ਕੀਤਾ। ਉਹਨਾਂ ਨੇ ਕਿਹਾ ਕਿ ਪਿੰਡਾਂ ਦੇ ਵਿੱਚ ਤੁਸੀਂ ਆਪਣੇ ਪਿੰਡ ਦੀ ਲੋੜ ਅਨੁਸਾਰ ਯੋਜਨਾਬੰਦੀ ਕਰਕੇ ਕੰਮ ਸ਼ੁਰੂ ਕਰੋ ਤੁਹਾਨੂੰ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਪੰਜ ਪੰਜ ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਤੁਹਾਨੂੰ ਮੈਂ ਆਪਣੇ ਅਖਤਿਆਰੀ ਖੋਟੇ ਵਿੱਚੋਂ ਦਿੱਤੀ ਹੈ ਜਦਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਐਲਾਨ ਕੀਤੀ ਗਈ ਪੰਜ ਪੰਜ ਲੱਖ ਰੁਪਏ ਦੀ ਗਰਾਂਟ ਵੀ ਛੇਤੀ ਹੀ ਤੁਹਾਡੇ ਖਾਤਿਆਂ ਵਿੱਚ ਆ ਜਾਵੇਗੀ। ਉਹਨਾਂ ਪੰਚਾਇਤਾਂ ਨੂੰ ਇਹ ਵੀ ਸੱਦਾ ਦਿੱਤਾ ਕਿ ਉਹ ਵਿਕਾਸ ਕੰਮਾਂ ਮੌਕੇ ਪਿੰਡਾਂ 'ਚ ਕੋਈ ਪਾਰਟੀਬਾਜ਼ੀ ਨਾ ਵੇਖਣ ਬਲਕਿ ਹਰੇਕ ਪਿੰਡ ਦੀ ਲੋੜ ਅਤੇ ਤਰਜੀਹ ਅਨੁਸਾਰ ਕੰਮ ਕਰਨੇ ਯਕੀਨੀ ਬਣਾਉਣ।ਇਸ ਮੌਕੇ ਸੁਨੈਨਾ ਰੰਧਾਵਾ, ਸਤਿੰਦਰ ਸਿੰਘ, ਸ਼ਹਿਰੀ ਪ੍ਰਧਾਨ ਸਰਬਜੀਤ ਸਿੰਘ ਡਿੰਪੀ, ਹਰਪਾਲ ਚੌਹਾਨ, ਜੱਜ ਨਿੱਜਰਪੁਰਾ, ਪਰਮਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਠੱਗੀ ਮਾਰਨ ਵਾਲੀ ਔਰਤ ਸਮੇਤ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਪ ਕਪਤਾਨ ਵਲੋਂ ਜਾਂਚ ਪੜਤਾਲ ਕਰਨ ਤੋਂ ਬਾਅਦ ਠੱਗੀ ਮਾਰਨ ਵਾਲੇ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਅੰਜਲੀ ਸ਼ਰਮਾ ਪਤਨੀ ਅਦਿੱਤਿਆ ਮੋਹਨ ਦਫਤਰ ਡਰੀਮ ਅਬਰੋਡ ਇਮੀਗਰੇਸ਼ਨ ਜੇਲ੍ਹ ਰੋਡ ਗੁਰਦਾਸਪੁਰ ਵਿਖੇ 2022 ਤੋਂ ਰਿਸੈਪਸ਼ਨ 'ਤੇ ਕੰਮ ਕਰਦੀ ਸੀ, ਜਿਸ ਨੇ ਦਰਖਾਸਤ ਕਰਤਾ ਨੂੰ ਕਿਹਾ ਕਿ ਉਹ ਅਤੇ ਉਸ ਦਾ ਪਤੀ ਨਿਊਜ਼ੀਲੈਂਡ ਜਾਣਾ ਚਾਹੁੰਦੇ ਹਨ, ਸਾਡਾ ਦੋਵਾਂ ਦਾ ਵੀਜ਼ਾ ਲਗਵਾ ਦੇਵੋ ਪਰ ਵੀਜ਼ਾ ਲੱਗਣ ਤੋਂ ਬਾਅਦ ਪੈਸੇ ਦੇਵਾਂਗੇ। ਅੰਜਲੀ ਸ਼ਰਮਾ ਵਲੋਂ ਨਿਊਜ਼ੀਲੈਂਡ ਦਾ ਟੂਰਿਸਟ ਵੀਜ਼ਾ ਲਗਵਾਉਣ ਉਪਰੰਤ ਦਰਖਾਸਤ ਕਰਤਾ ਨੂੰ ਬਿਨਾਂ ਦੱਸੇ ਅਤੇ ਬਿਨਾਂ 8 ਲੱਖ ਰੁਪਏ ਦਿੱਤੇ ਨਿਊਜ਼ੀਲੈਂਡ ਚਲੇ ਗਏ ਹਨ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਸ਼ਿਕਾਇਤ ਕਰਤਾ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਅੰਜਲੀ, ਅਦਿੱਤਿਆ ਮੋਹਨ ਅਤੇ ਇੰਦਰਮੋਹਨ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਬਗੈਰ ਛੁੱਟੀ ਮਨਜ਼ੂਰ ਕਰਵਾਏ ਵਿਦੇਸ਼ ਗਈ ਟੀਚਰ ਖਿਲਾਫ਼ ਕਾਰਵਾਈ ਨਾ ਹੋਣਾ ਉਤਪੰਨ ਕਰਦਾ ਸ਼ੰਕੇ

**ਵੇਰਕਾ (ਰਾਣਾ)** ਸਿੱਖਿਆ ਵਿਭਾਗ (ਐਲੀ:) ਪੰਜਾਬ ਸਰਕਾਰ ਵੱਲੋਂ ਬਗੈਰ ਵਿਦੇਸ਼ ਛੁੱਟੀ (ਐਕਸ ਇੰਡੀਆ ਲੀਵ) ਮੰਨਜ਼ੂਰ ਕਰਵਾਏ ਵਿਦੇਸ਼ ਗਈ ਜ਼ਿਲ੍ਹਾ ਅੰਮ੍ਰਿਤਸਰ ਦੀ ਇੱਕ ਟੀਚਰ ਖਿਲਾਫ ਹਾਲੇ ਤੱਕ ਕੋਈ ਕਾਰਵਾਈ ਅਮਲ ਵਿੱਚ ਨਾ ਆਉਣਾ ਅਨੇਕਾਂ ਸ਼ੰਕੇ ਹੀ ਪੈਦਾ ਨਹੀਂ ਕਰਦਾ ਹੈ, ਸਗੋਂ ਸਿੱਖਿਆ ਮਹਿਕਮੇ ਦੇ ਅਧਿਕਾਰੀਆਂ ਦੀ ਕਾਰਜਸ਼ੈਲੀ ਉੱਪਰ ਵੀ ਸਵਾਲੀਆ ਚਿੰਨ੍ਹ ਲਾਉਂਦਾ ਹੈ। ਜ਼ਿਲ੍ਹਾ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ ਅਧੀਨ ਪੈਂਦੇ ਬਲਾਕ ਸਿੱਖਿਆ ਦਫ਼ਤਰ (ਐਲੀ:) ਅੰਮ੍ਰਿਤਸਰ-4 ਦੇ ਸਰਕਾਰੀ ਐਲੀ: ਸਕੂਲ ਗਵਾਲਮੰਡੀ (ਪੁਤਲੀਘਰ) ਵਿਖੇ ਬਤੌਰ ਐਸੋਸੀਏਟ ਟੀਚਰ ਵਜੋਂ ਸੇਵਾ ਨਿਭਾਉਂਦੀ ਅਮਨਦੀਪ ਕੌਰ, ਜੋ ਬਗੈਰ ਸਿੱਖਿਆ ਮਹਿਕਮੇ ਪਾਸੋਂ ਵਿਦੇਸ਼ ਛੁੱਟੀ ਮਨਜ਼ੂਰ ਕਰਵਾਏ ਹੀ ਬੀਤੇ ਮਿਤੀ 26-3-2024 ਤੋਂ ਵਿਦੇਸ਼ ਚਲੀ ਗਈ ਸੀ। ਇਸ ਸੰਬੰਧ ਵਿੱਚ ਹੈੱਡਟੀਚਰ ਸਰਕਾਰੀ ਐਲੀ ਸਕੂਲ ਗਵਾਲਮੰਡੀ ਨੇ ਉਕਤ ਟੀਚਰ ਦੀ ਨਿਰੰਤਰ ਗੈਰਹਾਜ਼ਰੀ ਸੰਬੰਧੀ ਆਪਣੇ ਬਲਾਕ ਸਿੱਖਿਆ ਦਫ਼ਤਰ ਅੰਮ੍ਰਿਤਸਰ-4 ਨੂੰ ਸੂਚਿਤ ਕਰਨ ਉਪਰੰਤ ਉਨ੍ਹਾਂ ਵੱਲੋਂ ਫੌਰੀ ਤੌਰ 'ਤੇ ਪੱਤਰ ਨੰ: 2024/12 ਮਿਤੀ 18 ਅਪ੍ਰੈਲ 2024 ਲਿਖਦੇ ਹੋਏ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ ਨੂੰ ਟੀਚਰ ਦੀ ਗੈਰਹਾਜ਼ਰ ਹੋਣ ਬਾਬਤ ਕਾਰਵਾਈ ਕਰਨ ਲਈ ਲਿਖਿਆ ਸੀ। ਬਲਾਕ ਅਧਿਕਾਰੀ ਨੇ ਇਸ ਮਾਮਲੇ ਵਿੱਚ ਯਾਦਪੱਤਰ ਵੀ ਲਿਖੇ। ਪ੍ਰੰਤੂ ਲਗਭਗ 1 ਸਾਲ ਲੰਘਣ ਉਪਰੰਤ ਵੀ ਹਾਲੇ ਤੀਕ ਮਹਿਕਮੇ ਦੇ ਉੱਚ ਅਧਿਕਾਰੀਆਂ ਵੱਲੋਂ ਉਸ ਟੀਚਰ ਖਿਲਾਫ ਕੋਈ ਕਾਰਵਾਈ ਨਹੀਂ ਕੀਤੇ ਜਾਣਾ ਅਨੇਕਾਂ ਸ਼ੰਕੇ ਉਤਪੰਨ ਕਰਦਾ ਹੈ। ਇੱਥੇ ਹੀ ਬੱਸ ਨਹੀਂ ਹੁਣ ਉਪਰੋਕਤ ਵਿਦੇਸ਼ ਗਈ ਟੀਚਰ ਲਗਭਗ ਇਕ ਸਾਲ ਬਾਅਦ ਆਪਣੇ ਵਤਨ ਪਰਤ ਆਈ ਹੈ। ਜਿਹੜੀ ਹੁਣ ਬਲਾਕ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ-4 ਨੂੰ ਸਕੂਲ ਹਾਜ਼ਰ ਕਰਵਾਉਣ ਲਈ ਦਬਾਅ ਬਣਾ ਰਹੀ ਹੈ। ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਮਿਤੀ 3/3/2025 ਦੀਆਂ ਜਾਰੀ ਹਦਾਇਤਾਂ ਅਨੁਸਾਰ ਜੇਕਰ ਕੋਈ ਵੀ ਕਰਮਚਾਰੀ ਬਿਨਾਂ ਛੁੱਟੀ ਮਨਜ਼ੂਰ ਕਰਵਾਏ ਸਾਲ ਤੱਕ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਕਰਮਚਾਰੀ ਦਾ ਅਸਤੀਫ਼ਾ ਪ੍ਰਵਾਨ ਮੰਨਿਆ ਜਾਵੇਗਾ। ਇਸ ਬਾਬਤ ਬਲਾਕ ਸਿੱਖਿਆ ਅਫ਼ਸਰ (ਐਲੀ:) ਅੰਮ੍ਰਿਤਸਰ-4 ਨਾਲ ਵਾਰ-ਵਾਰ ਸੰਪਰਕ ਕੀਤਾ ਗਿਆ ਪ੍ਰੰਤੂ ਰਾਬਤਾ ਕਾਇਮ ਨਾ ਹੋ ਸਕਿਆ।

# ਬਲਕਾਰ ਸਿੰਘ ਐਮ ਐਲ ਏ ਨੂੰ ਪਾਰਟੀ ਤੋਂ ਬਾਹਰ ਕੱਢਣਾ ਜ਼ਰੂਰੀ : ਕਾਮਰੇਡ ਕੰਡਿਆਂ ਵਾਲੇ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਮਾਣਯੋਗ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਵਿਰੁੱਧ ਅਪਮਾਨਯੋਗ ਟਿਪਣੀ ਗੁੱਲੀਘਾੜੇ ਕਰਨ ਦੇ ਦੋਸ਼ ਹੇਠ ਵਿਧਾਇਕ ਬਲਕਾਰ ਸਿੰਘ ਸਿੱਧੂ ਨੂੰ ਆਮ ਆਦਮੀ ਪਾਰਟੀ ਵਿੱਚੋਂ ਖਾਰਜ ਕਰਨਾ ਚਾਹੀਦਾ ਹੈ ਅਤੇ ਐਮ ਐਲ ਏ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੀ ਮੰਗ ਕਰਦਿਆਂ ਓ ਬੀ ਸੀ ਆਗੂ ਅਤੇ ਰਾਮਗੜ੍ਹੀਆ ਸਿੰਘ ਸਭਾ ਤਰਨ ਤਾਰਨ ਦੇ ਐਕਟਿੰਗ ਪ੍ਰਧਾਨ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ ਨੇ ਕਿਹਾ ਕਿ ਰਾਮਗੜ੍ਹੀਆ ਕੌਮ ਦੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਦਿੱਲੀ ਫਤਿਹ ਕੀਤੀ ਸੀ ਅਤੇ ਲਾਲ ਕਿਲ੍ਹੇ ਵਿੱਚੋਂ ਤਖਤ ਦੀਆਂ ਸਿੱਲਾਂ ਪੁੱਟ ਕੇ ਦਿੱਲੀ ਤੋਂ ਅੰਮ੍ਰਿਤਸਰ ਸ੍ਰੀ ਗੁਰੂ ਰਾਮਦਾਸ ਸਰੋਵਰ ਨੇੜੇ ਰਾਮਗੜ੍ਹੀਆ ਬੁੰਗੇ ਅੰਦਰ ਲਿਆਂਦੀਆਂ ਸਨ, ਉਸ ਕੌਮ ਨੂੰ ਉਕਤ ਵਿਧਾਇਕ ਗੁਲੀਘਾੜਾ ਕਹਿ ਕੇ ਸੰਬੋਧਨ ਕਰਦਾ ਹੈ। ਓ ਬੀ ਸੀ ਆਗੂ ਤਰਨ ਤਾਰਨ ਨੇ ਕਿਹਾ ਕਿ ਸਭ ਤੋਂ ਅਫਸੋਸਨਾਕ ਗੱਲ ਇਹ ਹੈ ਕਿ ਸਾਡੇ ਸਪੀਕਰ ਸਹਿਬਾਨ ਇਸ ਮਾਮਲੇ ਤੋਂ ਚੁੱਪੀ ਕਿਉਂ ਵੱਟੀ ਹੈ, ਜਦੋਂ ਪੂਰੇ ਪੰਜਾਬ ਵਿੱਚ ਰਾਮਗੜ੍ਹੀਆ ਭਾਈਚਾਰਾ ਪੂਰੇ ਗੁੱਸੇ ਵਿੱਚ ਹੈ ਅਤੇ ਵੱਟਸਐਪ ਤੇ ਅਖਬਾਰਾਂ ਰਾਹੀਂ ਇਸ ਦੀ ਨਿੰਦਿਆ ਕਰ ਰਿਹਾ ਹੈ।ਹੀਰਾ ਸਿੰਘ ਪ੍ਰਧਾਨ ਰਾਮਗੜ੍ਹੀਆ ਨੇ ਕਿਹਾ ਇਸ ਤੋਂ ਪਹਿਲਾਂ ਵੀ ਇੱਕ ਮੰਤਰੀ ਰਾਮਗੜ੍ਹੀਆ ਬਰਾਦਰੀ ਨੂੰ ਗੁੱਲੀਘਾੜਾ ਕਹਿ ਕੇ ਮੁਆਫੀ ਦੀ ਪੁਕਾਰ ਲਾ ਬੈਠਾ ਹੈ।ਜਦ ਕਿ ਹੁਣ ਸੰਧਵਾਂ ਸਾਹਿਬ ਨੂੰ ਗੁੱਲੀਘਾੜਾ ਕਹਿਣ 'ਤੇ ਜਿੱਥੇ ਮੁੱਖ ਮੰਤਰੀ ਚੁੱਪ ਹਨ ਉਥੇ ਸਪੀਕਰ ਸਾਹਿਬ ਦੀ ਚੁੱਪ ਦੀ ਸਮਝ ਨਹੀਂ ਆ ਰਹੀ। ਆਗੂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੂੰ ਤੁਰੰਤ ਬਲਕਾਰ ਸਿੰਘ ਐਮ ਐਲ ਏ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਕੇ ਉਸ ਨੂੰ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਵਿਖਾਉਣਾ ਚਾਹੀਦਾ ਹੈ।ਇਸ ਮੌਕੇ ਰਾਮਗੜ੍ਹੀਆ ਸਿੰਘ ਸਭਾ ਦੇ ਜਨਰਲ ਸਕੱਤਰ ਠੇਕੇਦਾਰ ਅਵਤਾਰ ਸਿੰਘ ਐਦਨ, ਅੰਗਰੇਜ਼ ਸਿੰਘ ਸਤਿਕਰਤਾਰ ਵਾਲੇ, ਹਰਜਿੰਦਰ ਸਿੰਘ ਰਾਜੂ ਜੇ ਬੀ ਵਾਲੇ, ਰਿੱਪੀ ਪਕੇਸਰ ਵਾਲੇ, ਕੁਲਵੰਤ ਸਿੰਘ ਮਾਲੂਵਾਲ, ਠੇਕੇਦਾਰ ਸੁਖਵਿੰਦਰ ਸਿੰਘ ਪੱਪੂ, ਮਨੋਹਰ ਸਿੰਘ ਅਤੇ ਰਾਮਗੜ੍ਹੀਆ ਬੁੰਗਾ ਟਰੱਸਟ ਦੇ ਪ੍ਰਧਾਨ ਹਰਜੀਤ ਸਿੰਘ ਪਨੇਸਰ, ਸੂਰਤਾ ਸਿੰਘ ਪੱਟੀ, ਜਨਰਲ ਸਕੱਤਰ ਇੰਦਰਜੀਤ ਸਿੰਘ, ਅੰਮ੍ਰਿਤਸਰ ਅਤੇ ਹੋਰ ਬਰਾਦਰੀ ਦੇ ਮੈਂਬਰ ਹਾਜ਼ਰ ਸਨ।

# ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਿੱਖ ਐਜੂਕੇਸ਼ਨ ਬੋਰਡ ਦੀ ਸਥਾਪਨਾ ਕਰਨ ਸੰਬੰਧੀ ਪਲੇਠੀ ਇਕੱਤਰਤਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਿੱਖ ਧਰਮ, ਸਭਿਆਚਾਰ ਅਤੇ ਗੁਰਮਤਿ ਸਿੱਖਿਆ ਦੀ ਸੰਭਾਲ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਪਾਸੋਂ ਸਿੱਖ ਐਜੂਕੇਸ਼ਨ ਬੋਰਡ ਬਣਾਉਣ ਪ੍ਰਤੀ ਪ੍ਰਵਾਨਗੀ ਲੈਣ ਉਪਰੰਤ ਇਸ ਸਬੰਧ ਵਿਚ ਗਠਿਤ ਕੀਤੀ ਗਈ ਕਮੇਟੀ ਦੇ ਮੈਂਬਰ ਸਾਹਿਬਾਨ ਵੱਲੋਂ ਅੱਜ ਦੀਵਾਨ ਮੁੱਖ ਦਫ਼ਤਰ ਵਿਖੇ ਸਿੱਖ ਐਜੂਕੇਸ਼ਨ ਬੋਰਡ ਬਣਾਉਣ ਸਬੰਧੀ ਲੋੜੀਂਦੇ ਸਾਧਨਾਂ, ਜ਼ਰੂਰਤਾਂ, ਉਦੇਸ਼ਾਂ, ਟੀਚਿਆਂ, ਪ੍ਰਬੰਧਨ ਸਬੰਧੀ ਆਉਣ ਵਾਲੀਆ ਸਮੱਸਿਆਵਾਂ ਅਤੇ ਇਹਨਾਂ ਦੇ ਹੱਲ ਪ੍ਰਤੀ ਵਿਚਾਰ ਵਿਟਾਂਦਰਾ ਕਰਨ ਹਿੱਤ ਪਲੇਠੀ ਇਕੱਤਰਤਾ ਕੀਤੀ ਗਈ।ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਨੇ ਕਿਹਾ ਕਿ ਕੌਮ ਦੇ ਚੰਗੇ ਭਵਿੱਖ ਲਈ ਸਿੱਖ ਐਜੂਕੇਸ਼ਨ ਬੋਰਡ ਸਥਾਪਿਤ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਦੁਨਿਆਵੀ ਵਿੱਦਿਆ ਹਾਸਲ ਕਰਕੇ ਭਵਿੱਖ ਦੇ ਸੁਨਹਿਰੀ ਉੱਚ ਮੁਕਾਮ ਪ੍ਰਾਪਤ ਕਰ ਰਹੇ ਸਿੱਖ ਬੱਚਿਆਂ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜਾਣੂੰ ਕਰਵਾਉਂਦਿਆਂ ਸਿੱਖ ਮਰਿਆਦਾ, ਸਿੱਖ ਸਿਧਾਂਤਾਂ ਅਤੇ ਸਿੱਖ ਇਤਿਹਾਸ ਨਾਲ ਵੀ ਜੋੜਿਆ ਜਾ ਸਕੇ। ਮੀਟਿੰਗ ਦੌਰਾਨ ਸਿੱਖ ਐਜੂਕੇਸ਼ਨ ਬੋਰਡ ਨੂੰ ਮਿਆਰੀ ਬਣਾਉਣ ਲਈ ਨਵੇਂ ਕੋਰਸ ਸ਼ਾਮਿਲ ਕਰਨ, ਅਧਿਕਾਰਤ ਨੀਤੀ-ਨਿਯਮ ਤਿਆਰ ਕਰਨ, ਇਸ ਦੀ ਐਫੀਲੀਏਸ਼ਨ, ਬਜਟ ਅਤੇ ਹੋਰ ਲੋੜੀਂਦੀਆਂ ਜ਼ਰੂਰਤਾਂ ਬਾਬਤ ਲਿਖਤੀ ਰੂਪ ਵਿਚ ਖਰੜਾ ਤਿਆਰ ਕਰਨ ਦਾ ਫੈਸਲਾ ਲਿਆ ਗਿਆ। ਜਿਸ ਲਈ ਵਿਸ਼ਵ ਪੱਧਰੀ ਵਿੱਦਿਅਕ ਮਾਹਿਰਾਂ, ਵਿਦਵਾਨਾਂ, ਸਿੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਦੀਆਂ ਸੇਵਾਵਾਂ-ਸਹਿਯੋਗ ਲੈਣ ਦਾ ਨਿਰਣਾ ਲਿਆ ਗਿਆ। ਮੀਟਿੰਗ ਦੌਰਾਨ ਸਿੱਖ ਐਜੂਕੇਸ਼ਨ ਬੋਰਡ ਸਥਾਪਿਤ ਕਰਕੇ ਨਵੀਂ ਪੀੜ੍ਹੀ ਨੂੰ ਸਿੱਖ ਸਿਧਾਤਾਂ ਅਤੇ ਆਧੁਨਿਕ ਵਿਗਿਆਨਕ ਤਕਨੀਕਾਂ ਨੂੰ ਜੋੜ ਕੇ ਇਕ ਬੇਹਤਰੀਨ ਸਿੱਖਿਆ ਪ੍ਰਣਾਲੀ ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਕਮੇਟੀ ਦੇ ਕੋਆਰਡੀਨੇਟਰ ਦੀਵਾਨ ਦੇ ਮੀਤ ਪ੍ਰਧਾਨ ਜਗਜੀਤ ਸਿੰਘ ਅਤੇ ਐਡੀ.ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਨੇ ਕਿਹਾ ਕਿ ਸਿੱਖ ਐਜੂਕੇਸ਼ਨ ਬੋਰਡ ਬਣਾਉਣ ਦਾ ਮਨੋਰਥ ਨਸ਼ਾ, ਨੈਤਿਕ ਗਿਰਾਵਟ, ਪੱਛਮੀ ਜੀਵਨ ਸ਼ੈਲੀ ਦੀ ਮਾਰ ਹੇਠ ਆਈ ਨਵੀਂ ਪੀੜ੍ਹੀ ਨੂੰ ਆਧੁਨਿਕ ਤਕਨੀਕੀ ਸਿੱਖਿਆ ਦੇਣ ਦੇ ਨਾਲ-ਨਾਲ ਨੈਤਿਕ ਪੱਖੋਂ ਵੀ ਮਜ਼ਬੂਤ ਬਣਾਉਣਾ ਹੈ। ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਜਗਜੀਤ ਸਿੰਘ, ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਐਡੀ.ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ.ਅਮਰਜੀਤ ਸਿੰਘ ਦੂਆ, ਪ੍ਰੋ. ਵਰਿਆਮ ਸਿੰਘ, ਪ੍ਰੋ. ਭੁਪਿੰਦਰ ਸਿੰਘ, ਪ੍ਰੋ. ਸੂਬਾ ਸਿੰਘ, ਗੁਰਜੋਤ ਸਿੰਘ ਚੰਡੀਗੜ੍ਹ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ ਚਾਵਲਾ, ਪ੍ਰਿੰਸੀਪਲ ਯਸ਼ਪ੍ਰੀਤ ਕੌਰ ਆਦਿ ਹਾਜ਼ਰ ਸਨ।



# ਗੁਰਦੁਆਰਾ ਸਾਹਿਬ ਦੀ ਇਮਾਰਤ ਲਈ ਸੁਸਾਇਟੀ ਵੱਲੋਂ ਮਟੀਰੀਅਲ ਦੀ ਸੇਵਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਬਾਬਾ ਜੀਵਨ ਸਿੰਘ ਸਰਬਸਾਂਝੀ ਸੇਵਾ ਸੁਸਾਇਟੀ ਵੱਲੋਂ ਪਿੰਡ ਚੌਹਾਨ ਦੇ ਗੁਰਦੁਆਰਾ ਬਾਬਾ ਜੀਵਨ ਦੀਆਂ ਇਮਾਰਤਾਂ ਦੀ ਦਿੱਖ ਨੂੰ ਹੋਰ ਸੁੰਦਰ ਬਣਾਉਣ ਲਈ ਇੱਕ ਟਰੱਕ ਰੇਤਾ, ਇੱਕ ਟਰੱਕ ਬੱਜਰੀ ਤੇ ਤਕਰੀਬਨ ਸੌ ਕੁ ਬੋਰੀ ਸੀਮੈਂਟ ਦੀ ਸੇਵਾ ਕੀਤੀ। ਇਸ ਮੌਕੇ ਸੁਸਾਇਟੀ ਦੇ ਆਗੂਆਂ ਭਾਈ ਮਨਜੀਤ ਸਿੰਘ, ਭਾਈ ਹਰਵਿੰਦਰ ਸਿੰਘ ਫ਼ੌਜੀ ਨੰਗਲ ਦਿਆਲ ਸਿੰਘ ਤੇ ਸਾਬਕਾ ਸਰਪੰਚ ਹਰਜੀਤ ਸਿੰਘ ਵਡਾਲਾ ਜੌਹਲ ਤੇ ਉਹਨਾਂ ਦੇ ਸਾਥੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਮੀਂਹ ਪੈਣ ਮੌਕੇ ਗੁਰਦੁਆਰਾ ਸਾਹਿਬ ਵਿਖੇ ਪਾਣੀ ਆ ਜਾਂਦਾ ਸੀ, ਜਿਸ ਕਾਰਨ ਸੰਗਤਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਤੇ ਉਹਨਾਂ ਦੀ ਸੁਸਾਇਟੀ ਨੇ ਤੁਰੰਤ ਹਰਕਤ ਵਿਚ ਆ ਕੇ ਪਿੰਡ ਚੌਹਾਨ ਪਹੁੰਚ ਕੇ ਇਸ ਸਮੱਸਿਆ ਨੂੰ ਵਾਚਦਿਆਂ ਇਹ ਸੇਵਾ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਇੰਦਰਪਾਲ ਸਿੰਘ, ਜਥੇਦਾਰ ਕਰਤਾਰ ਸਿੰਘ, ਕੈਪਟਨ ਨਰਿੰਜਣ ਸਿੰਘ, ਪੰਜਾਬ ਸਿੰਘ ਜੌਹਲ, ਹਰਦੇਵ ਸਿੰਘ ਦੇਬੂ, ਬਾਬਾ ਬਲਵਿੰਦਰ ਸਿੰਘ, ਡਾਕਟਰ ਦਲੇਰ ਸਿੰਘ ਜੌਹਲ, ਅੰਮ੍ਰਿਤਪਾਲ ਸਿੰਘ, ਸੁਖਦੀਪ ਸਿੰਘ, ਦਲਬੀਰ ਸਿੰਘ, ਕਸ਼ਮੀਰ ਸਿੰਘ, ਦਲਜੀਤ ਸਿੰਘ, ਬਲਵਿੰਦਰ ਸਿੰਘ, ਗੁਰਦੀਪ ਸਿੰਘ, ਬੀਬੀ ਰਾਣੀ ਕੌਰ, ਮੰਗਲ ਸਿੰਘ, ਪਾਲ ਸਿੰਘ ਆਦਿ ਨੇ ਬਾਬਾ ਜੀਵਨ ਸਿੰਘ ਸਰਬਸਾਂਝੀ ਸੇਵਾ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

# ਹਰਲੀਨ ਕੌਰ ਤੇ ਰਾਜਵਿੰਦਰ ਸਿੰਘ ਨੇ ਬਜ਼ੁਰਗਾਂ ਦੇ ਵਿਹੜੇ ਮਨਾਇਆ ਜਨਮ ਦਿਨ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਹਰਲੀਨ ਕੌਰ ਤੇ ਰਾਜਵਿੰਦਰ ਸਿੰਘ ਨੇ ਬੀਤੇ ਦਿਨ ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਮਨਾਇਆ ਆਪਣਾ ਜਨਮ ਦਿਨ। ਉਹਨਾਂ ਬਜ਼ੁਰਗਾਂ ਦੇ ਵਿਹੜੇ ਵਿੱਚ ਰਹਿ ਰਹੇ ਬਜ਼ੁਰਗਾਂ ਦੇ ਨਾਲ ਦੁੱਖ ਸਾਂਝੇ ਕੀਤੇ, ਉਹਨਾਂ ਦਾ ਹਾਲ ਚਾਲ ਜਾਣਿਆ ਤੇ ਬਜ਼ੁਰਗਾਂ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ। ਉਹਨਾਂ ਨੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੂੰ ਕਿਹਾ ਕਿ ਤੁਸੀਂ ਜੋ ਇਹ ਮਾਨਵਤਾ ਦੀ ਸੇਵਾ ਕਰ ਰਹੇ ਹੋ ਇਹ ਦੁਨੀਆ ਦੀ ਸਭ ਤੋਂ ਉੱਤਮ ਸੇਵਾ ਹੈ। ਸਾਰਿਆਂ ਨੇ ਮਿਲ ਕੇ ਕੇਕ ਕੱਟਣ ਦੀ ਰਸਮ ਪੂਰੀ ਕੀਤੀ। ਇਸ ਮੌਕੇ ਹਰਲੀਨ ਕੌਰ ਅਤੇ ਰਾਜਵਿੰਦਰ ਸਿੰਘ ਦੇ ਸਮੂਹ ਪਰਵਾਰਕ ਮੈਂਬਰਾਂ ਨੇ ਆਸ਼ਰਮ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਆਸ਼ਰਮ ਪ੍ਰਧਾਨ ਸਤਨਾਮ ਸਿੰਘ ਨੇ ਹਰਲੀਨ ਕੌਰ ਦੇ ਅਤੇ ਉਹਨਾਂ ਦੇ ਪਰਵਾਰਕ ਮੈਂਬਰਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਕਰਨਦੀਪ ਸਿੰਘ ਅਤੇ ਕੋਮਲ ਨੇ ਕਿਹਾ ਕਿ ਬਜ਼ੁਰਗਾਂ ਨੂੰ ਖੁਸ਼ ਦੇਖ ਕੇ ਸਾਨੂੰ ਬਹੁਤ ਖੁਸ਼ੀ ਮਹਿਸੂਸ ਹੋਈ ਹੈ। ਇਸ ਮੌਕੇ ਆਸ਼ਰਮ ਸਮੂਹ ਸਟਾਫ ਸਵੀਤਾ, ਰਾਜ ਰਾਣੀ, ਰੂਪ ਰਾਣੀ, ਕਮਲੇਸ਼ ਕੁਮਾਰੀ, ਪੂਜਾ ਦੇਵੀ, ਵਿਪਨ ਕੁਮਾਰ ਆਦਿ ਮੌਜੂਦ ਸਨ।



# 25 ਵਾਂ ਰਾਸ਼ਟਰੀ ਰੰਗਮੰਚ ਉਤਸਵ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** -ਰਾਸ਼ਟਰਪਤੀ ਐਵਾਰਡ ਨਾਲ ਸਨਮਾਨਿਤ ਸ਼ੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ ਵਿਸ਼ਵ ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਵੱਲੋਂ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਸਹਿਯੋਗ ਨਾਲ 25 ਵਾਂ 10 ਦਿਨਾ ਰਾਸ਼ਟਰੀ ਰੰਗਮੰਚ ਉਤਸਵ ਦੇ ਤੀਜੇ ਦਿਨ ਮੰਚਪ੍ਰੀਤ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਭਾਪਾ ਜੀ ਦਾ ਟਰੰਕ' ਵਿਰਸਾ ਵਿਹਾਰ ਦੇ ਸ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਸਫ਼ਲਤਾਪੂਰਵਕ ਪੇਸ਼ ਕੀਤਾ ਗਿਆ।'ਭਾਪਾ ਜੀ ਦਾ ਟਰੰਕ' ਇੱਕ ਪਰਿਵਾਰਕ ਕਾਮੇਡੀ ਨਾਟਕ ਹੈ।ਨਾਟਕ ਵਿੱਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪਰਵਾਰ ਵਿੱਚ ਜਾਇਦਾਦ ਹੜੱਪਣ ਲਈ ਬੱਚੇ ਕਿਸ ਤਰ੍ਹਾਂ ਦੇ ਚਾਲ-ਚਲਣ ਅਪਨਾਉਂਦੇ ਹਨ। ਕਈ ਸਮਾਜਿਕ ਬੁਰਾਈਆਂ ਨੂੰ ਵੀ ਛੂਹਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਨਾਟਕ ਵਿੱਚ ਮੰਚਪ੍ਰੀਤ, ਕਵਿਤਾ, ਅਗਮਪ੍ਰੀਤ ਸਿੰਘ, ਸਨਪ੍ਰੀਤ ਸਿੰਘ, ਸੁਦਾਸ਼ੂ ਗੌਤਮ, ਮੋਹਿਤ ਕੁਮਾਰ, ਜਗਪ੍ਰੀਤ ਸਿੰਘ ਚੀਮਾ, ਸੋਨੀਆ ਸ਼ੇਰਗਿੱਲ, ਗੁਰਪ੍ਰੀਤ, ਮਹਿਤਾਬ, ਸ਼ੀਲ ਕੁਮਾਰ, ਹਰਮਨ, ਰਜਨੀ ਦੁੱਗਲ, ਸੁਰਿਚੀ, ਓਮ ਕ੍ਰਿਸ਼ਨ ਤਿਵਾਰੀ, ਸੰਨੀ, ਮੋਹਿਤ ਮਹਿਰਾ, ਅਰੁਣਜੀਤ ਸਿੰਘ, ਸੰਦੀਪ ਸਿੰਘ ਆਦਿ ਕਲਾਕਾਰਾਂ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ। ਇਸ ਮੌਕੇ ਕੇਵਲ ਧਾਲੀਵਾਲ, ਡਾ. ਅਰਵਿੰਦਰ ਕੌਰ ਧਾਲੀਵਾਲ, ਭੁਪਿੰਦਰ ਸਿੰਘ ਸੰਧੂ, ਗੁਰਦੇਵ ਸਿੰਘ ਮਹਿਲਾਂਵਾਲਾ, ਭੂਪਿੰਦਰ ਸੰਧੂ, ਦਮਨ ਮਜੀਠੀਆ, ਗੁਰਦੇਵ ਭਰੋਵਾਲ, ਗੁਰਤੇਜ ਮਾਨ ਸਮੇਤ ਨਾਟ ਪ੍ਰੇਮੀ ਹਾਜ਼ਰ ਸਨ।



# ਹਿਮਾਚਲ ਦੇ ਮੁੱਖ ਮੰਤਰੀ ਪੰਜਾਬ ਤੋਂ ਯਾਤਰਾ 'ਤੇ ਗਏ ਨੌਜਵਾਨਾਂ ਦੀ ਸੁਰੱਖਿਆ ਯਕੀਨੀ ਬਣਾਉਣ : ਪ੍ਰੋ. ਖਿਆਲਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਹਿਮਾਚਲ ਪ੍ਰਦੇਸ਼ ਵਿੱਚ ਪੰਜਾਬੀ ਨੌਜਵਾਨਾਂ ਨਾਲ ਸਥਾਨਕ ਲੋਕਾਂ ਅਤੇ ਪੁਲਸ ਵੱਲੋਂ ਕੀਤੀਆਂ ਗਈਆਂ ਵਧੀਕੀਆਂ ਦਾ ਸਖ਼ਤ ਨੋਟਿਸ ਲੈਂਦਿਆਂ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਪੰਜਾਬ ਤੋਂ ਗਏ ਨੌਜਵਾਨਾਂ ਅਤੇ ਸ਼ਰਧਾਲੂਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਮਣੀਕਰਨ ਸਾਹਿਬ ਤੋਂ ਵਾਪਸ ਪਰਤ ਰਹੇ ਪੰਜਾਬੀ ਨੌਜਵਾਨਾਂ ਨੇ ਕਿਸੇ ਕਾਨੂੰਨ ਦੀ ਕੋਈ ਉਲੰਘਣਾ ਕੀਤੀ ਹੈ ਤਾਂ ਉਹਨਾਂ ਖਿਲਾਫ ਪੁਲਸ ਕਾਨੂੰਨੀ ਕਾਰਵਾਈ ਕਰ ਸਕਦੀ ਹੈ ਪਰ ਨਫ਼ਰਤ ਨਾਲ ਭਰੇ ਉਨ੍ਹਾਂ ਲੋਕਾਂ ਨੂੰ ਕੋਈ ਹੱਕ ਨਹੀਂ ਕਿ ਉਹ ਪੁਲਸ ਦੀ ਮੌਜੂਦਗੀ ਵਿੱਚ ਪੰਜਾਬੀ ਨੌਜਵਾਨਾਂ ਉੱਤੇ ਹੱਥ ਚੁੱਕ ਲੈਣ। ਉਨ੍ਹਾਂ ਵਧੀਕੀ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਹਿਮਾਚਲ ਵਿੱਚ ਕਾਂਗਰਸ ਦੀ ਸਰਕਾਰ ਹੈ ਅਤੇ ਕਾਂਗਰਸ ਨੂੰ ਸਿੱਖ ਨੌਜਵਾਨਾਂ ਪ੍ਰਤੀ ਆਪਣੀ ਸੋਚ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ, ਸਿੱਖ ਨੌਜਵਾਨਾਂ ਨਾਲ ਪਹਿਲਾਂ ਦੀ ਤਰ੍ਹਾਂ ਹੁਣ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਹਿਮਾਚਲ ਵਿੱਚ ਪੰਜਾਬੀ ਨੌਜਵਾਨਾਂ ਨਾਲ ਬਦਸਲੂਕੀ ਕੀਤੀ ਗਈ ਹੋਵੇ। ਇਸ ਤੋਂ ਪਹਿਲਾਂ ਵੀ ਮਾਰਚ 2023 ਦੌਰਾਨ ਗੁਰਦੁਆਰਾ ਸ੍ਰੀ ਮਣੀਕਰਨ ਸਾਹਿਬ ਦੀ ਯਾਤਰਾ 'ਤੇ ਗਏ ਪੰਜਾਬੀਆਂ ਨਾਲ ਉੱਥੋਂ ਦੇ ਸਥਾਨਕ ਬੇਲਗਾਮ ਸ਼ਰਾਰਤੀ ਲੋਕਾਂ ਵੱਲੋਂ ਦੁਰਵਿਵਹਾਰ ਕਰਨ ਤੋਂ ਇਲਾਵਾ ਸ਼ਰੇਆਮ ਗੁੰਡਾਗਰਦੀ 'ਤੇ ਉੱਤਰਦਿਆਂ ਪੰਜਾਬੀਆਂ ਦੀਆਂ ਵਾਹਨਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ। ਉਹਨਾਂ ਕਿਹਾ ਕਿ ਜੇਕਰ ਹਿਮਾਚਲ ਵਿੱਚ ਪੰਜਾਬੀਆਂ ਦੀ ਸੁਰੱਖਿਆ ਨੂੰ ਯਕੀਨੀ ਨਾ ਬਣਾਇਆ ਗਿਆ ਤਾਂ ਹਿਮਾਚਲ ਦਾ ਵੱਡਾ ਆਰਥਿਕ ਨੁਕਸਾਨ ਹੋਵੇਗਾ, ਕਿਉਂਕਿ ਹਿਮਾਚਲ ਦੀ ਆਮਦਨ ਦਾ ਵੱਡਾ ਸਰੋਤ ਟੂਰਿਜ਼ਮ ਹੈ। ਪਿਛਲੇ ਸਮੇਂ ਦੌਰਾਨ ਹਿਮਾਚਲ ਵਿੱਚ ਵਾਪਰੀਆਂ ਅਜਿਹੀਆਂ ਮਾੜੀਆਂ ਘਟਨਾਵਾਂ ਕਾਰਨ ਪੰਜਾਬ ਅਤੇ ਦਿੱਲੀ ਦੇ ਲੋਕਾਂ ਨੇ ਹਿਮਾਚਲ ਨੂੰ ਛੱਡ ਕੇ ਜੰਮੂ ਕਸ਼ਮੀਰ ਜਾਂ ਕਿਤੇ ਔਰ ਪਹਾੜੀ ਰਾਜਿਆਂ ਵਿੱਚ ਜਾਣ ਨੂੰ ਪਹਿਲ ਦਿੱਤੀ।ਉਹਨਾਂ ਪੰਜਾਬ ਦੇ ਨੌਜਵਾਨਾਂ ਨੂੰ ਵੀ ਸਲਾਹ ਦਿੱਤੀ ਕਿ ਉਹ ਦੂਜੇ ਸੂਬਿਆਂ ਵਿੱਚ ਜਾ ਕੇ ਉੱਥੋਂ ਦੇ ਸਥਾਨਕ ਲੋਕਾਂ ਦੀਆਂ ਭਾਵਨਾਵਾਂ ਨੂੰ ਵੀ ਸਮਝਣ ਅਤੇ ਕਿਸੇ ਤਰ੍ਹਾਂ ਦਾ ਤਣਾਓ ਪੈਦਾ ਕਰਨ ਦੀ ਥਾਂ ਕਾਨੂੰਨ ਦਾ ਪਾਲਣ ਕਰਨ ।ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਅਤੇ ਸ਼ਰਧਾਲੂਆਂ ਵਿੱਚ ਝੜਪ ਹੋਣੀ ਮਾੜੀ ਗੱਲ ਹੈ, ਪਰ ਕਿਸੇ ਵੀ ਘਟਨਾ ਨੂੰ ਕਿਸੇ ਤਰ੍ਹਾਂ ਵੀ ਫ਼ਿਰਕੂ ਰੰਗਤ ਨਹੀਂ ਦਿੱਤੀ ਜਾਣੀ ਚਾਹੀਦੀ। ਪੰਜਾਬੀ ਭਾਈਚਾਰਕ ਸਾਂਝ ਦੀ ਮੁੱਦਈ ਹਨ ਅਤੇ ਉਨ੍ਹਾਂ ਦੂਜੇ ਸੂਬਿਆਂ ਦੀ ਹਰ ਔਖੇ ਸਮੇਂ ਮਦਦ ਕੀਤੀ ਹੈ।

# ਮੁਲਾਜ਼ਮ/ਪੈਨਸ਼ਨਰ ਰੈਲੀ 'ਚ 25 ਨੂੰ ਵੱਡੀ ਗਿਣਤੀ 'ਚ ਪਹੁੰਚਣਗੇ : ਰਾਣਵਾਂ, ਉੱਪਲ, ਰਾਜਦੀਪ

**ਵੇਰਕਾ (ਰਾਣਾ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਨਾਲ ਸਬੰਧਤ/ਸਹਿਯੋਗੀ ਜਥੇਬੰਦੀਆਂ 25 ਮਾਰਚ ਨੂੰ ਮੋਹਾਲੀ ਪੁੱਜਣਗੀਆਂ।ਇਸ ਸੰਬੰਧ ਵਿੱਚ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਪੰਜਾਬ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਸੂਬਾ ਆਗੂ ਪ੍ਰਭਜੀਤ ਸਿੰਘ ਉੱਪਲ, ਪ੍ਰੈਸ ਸਕੱਤਰ ਰਾਜਦੀਪ ਸਿੰਘ ਹੁਸ਼ਿਆਰਪੁਰ, ਨਿਸ਼ਾਨ ਸਿੰਘ ਗੁਰਦਾਸਪੁਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਦੇ ਮੁਲਾਜ਼ਮ/ਪੈਨਸ਼ਨਰ ਮੰਗਾਂ ਪ੍ਰਤੀ ਅੜੀਅਲ ਰਵੱਈਏ ਵਿਰੁੱਧ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਐਤਕੀ ਬਜਟ ਸੈਸ਼ਨ ਦੌਰਾਨ 25 ਮਾਰਚ ਨੂੰ ਮੋਹਾਲੀ ਵਿਖੇ ਜ਼ਬਰਦਸਤ ਰੈਲੀ ਕਰਕੇ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਨੂੰ ਵੀ ਵੱਡੀ ਗਿਣਤੀ ਸਾਥੀਆਂ ਦਾ ਕੋਟਾ ਲੱਗਿਆ ਹੈ। ਇਸ ਕਰਕੇ ਫੈਡਰੇਸ਼ਨ ਨਾਲ ਸਬੰਧਤ ਮੁਲਾਜ਼ਮ-ਪੈਨਸ਼ਨਰ, ਠੇਕਾ ਅਧਾਰਤ, ਆਊਟ ਸੋਰਸਿੰਗ ਅਤੇ ਆਸ਼ਾ ਵਰਕਰ, ਆਂਗਨਵਾੜੀ, ਮਿੱਡ-ਡੇ-ਮੀਲ ਵਰਕਰ ਆਪੋ ਆਪਣੇ-ਆਪ ਝੰਡੇ ਤੇ ਬੈਨਰ ਲੈ ਕੇ ਇਸ ਰੈਲੀ ਵਿੱਚ ਵੱਡੀ ਗਿਣਤੀ ਨਾਲ ਵਹੀਕਲ ਭਰ ਕੇ ਮੋਹਾਲੀ ਪੁੱਜਣਗੇ। ਤਾਂ ਕਿ ਭਗਵੰਤ ਮਾਨ ਸਰਕਾਰ ਉੱਪਰ ਮੰਗਾਂ ਪ੍ਰਤੀ ਦਬਾਓ ਬਣਾਇਆ ਜਾ ਸਕੇ। ਇਸ ਬਾਰੇ ਜ਼ਿਲ੍ਹਾ ਪੱਧਰ 'ਤੇ ਤਿਆਰੀ ਸਬੰਧੀ ਮੀਟਿੰਗਾਂ ਸ਼ੁਰੂ ਕੀਤੀਆਂ ਗਈਆਂ। ਇਸੇ ਤਰ੍ਹਾਂ 11 ਅਪ੍ਰੈਲ ਨੂੰ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫੈਡਰੇਸ਼ਨ ਦੇ ਸੱਦੇ 'ਤੇ ਜੰਤਰ-ਮੰਤਰ ਨਵੀਂ ਦਿੱਲੀ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਪੰਜਾਬ ਵੱਲੋਂ ਮੁਲਾਜ਼ਮ/ਪੈਨਸ਼ਨਰ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।



# ਨੌਜਵਾਨ ਸ਼ਾਇਰ ਅਮਨ ਚਾਹਲ ਦਾ ਪਲੇਠਾ ਕਾਵਿ ਸੰਗ੍ਰਹਿ 'ਕਿਰਨਾਂ ਦਾ ਕਾਫ਼ਲਾ' ਦਾ ਲੋਕ ਅਰਪਣ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਇਤਿਹਾਸਕ ਕਸਬੇ ਪ੍ਰੀਤਨਗਰ, ਜਿਸ ਨੂੰ 'ਪੰਜਾਬੀ ਲੇਖਕਾਂ ਦਾ ਮੱਕਾ' ਕਿਹਾ ਜਾਂਦਾ ਹੈ, ਵਿਖੇ ਅੱਜ ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਨਾਨਕ ਸਿੰਘ ਨਾਵਲਕਾਰ ਫਾਊਂਡੇਸ਼ਨ ਦੇ ਵਿਹੜੇ ਵਿੱਚ ਪ੍ਰਸਿੱਧ ਪੰਜਾਬੀ ਸਾਹਿਤਕਾਰ ਬਲਬੀਰ ਪਰਵਾਨਾ, ਕਹਾਣੀਕਾਰ ਮੁਖ਼ਤਾਰ ਗਿੱਲ, ਜਸ ਮੰਡ ਪ੍ਰਤੀਨਿਧ ਨਵਾਂ ਜ਼ਮਾਨਾ, ਕੁਲਬੀਰ ਸਿੰਘ ਸੂਰੀ ( ਸਪੁੱਤਰ ਨਾਨਕ ਸਿੰਘ ਨਾਵਲਕਾਰ), ਨਵਜੀਤ ਸਿੰਘ ਮੈਂਬਰ ਫਾਊਂਡੇਸ਼ਨ ਪ੍ਰੀਤ ਨਗਰ, ਅਮਰੀਕ ਖੜਾਲੀਆ ਸਲਾਹਕਾਰ ਗ਼ਦਰ ਦੀ ਪੈੜ, ਸ੍ਰੀਮਤੀ ਕਵਿਤਾ ਵਿਦਰੋਹੀ ਜਨ ਸੰਘਰਸ਼ ਮੰਚ ਹਰਿਆਣਾ, ਮਾਸਟਰ ਕਰਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਮਾਣੋ ਚਾਹਲ, ਪ੍ਰਭਜੀਤ ਚਾਹਲ ਅਤੇ ਕੁਝ ਹੋਰ ਲੇਖਕਾਂ ਰਾਹੀਂ ਨੌਜਵਾਨ ਪੰਜਾਬੀ ਸ਼ਾਇਰ ਅਮਨ ਚਾਹਲ ਦਾ ਪਲੇਠਾ ਕਾਵਿ ਸੰਗ੍ਰਹਿ 'ਕਿਰਨਾਂ ਦਾ ਕਾਫ਼ਲਾ' ਲੋਕ ਅਰਪਿਤ ਕੀਤਾ ਗਿਆ। ਸਮੂਹ ਲੇਖਕਾਂ ਨੇ ਸਾਹਿਤ ਦੇ ਖੇਤਰ ਵਿੱਚ ਪ੍ਰਵੇਸ਼ ਕਰਨ 'ਤੇ ਅਮਨ ਚਾਹਲ ਨੂੰ ਜੀ ਆਇਆਂ ਆਖਿਆ, ਹੌਸਲਾ ਅਫ਼ਜ਼ਾਈ ਲਈ ਵਧਾਈਆਂ ਦਿੱਤੀਆਂ ਅਤੇ ਚੰਗੇਰੇ ਭਵਿੱਖ ਲਈ ਦੁਆਵਾਂ ਕੀਤੀਆਂ। ਅੱਜ ਇੱਥੇ ਸੁਕੀਰਤ ਆਨੰਦ ਦੀ ਅਗਵਾਈ ਹੇਠ ਆਨੰਦ ਜੋੜੀ ਪੁਰਸਕਾਰ ਵਜੋਂ ਲੋਕਾਂ ਨਾਲ ਜੁੜੇ ਮਿਹਨਤੀ ਤੇ ਸਚਾਈ 'ਤੇ ਪਹਿਰਾ ਦੇਣ ਵਾਲੇ ਪੱਤਰਕਾਰ ਹਰਮਨਦੀਪ ਨੂੰ ਅਤੇ ਪਿਛਲੇ ਸਾਲ ਦੀਆਂ ਛਪੀਆਂ ਦਸ ਲੋਕਪ੍ਰਿਆ ਕਹਾਣੀਆਂ ਵਿਚੋਂ ਪਹਿਲੇ ਨੰਬਰ 'ਤੇ ਆਉਣ ਵਾਲੀ ਕਹਾਣੀਕਾਰਾ (ਅੰਬਰ ਹੁਸੈਨੀ) ਨੂੰ ਪੁਰਸਕਾਰ ਦੇਣ ਲਈ ਸਮਾਗਮ ਸੀ।ਇਸ ਸਮਾਗਮ ਵਿੱਚ ਪੰਜਾਬ ਦੇ ਹਰ ਕੋਨੇ ਚੋਂ ਤੇ ਕੁਝ ਵਿਦੇਸ਼ਾਂ ਤੋਂ ਵੀ ਸਾਹਿਤਕਾਰ ਅਤੇ ਪੰਜਾਬੀ ਪਿਆਰੇ ਪਹੁੰਚੇ ਸਨ। ਲੋਕ ਅਰਪਣ ਤੋਂ ਬਾਅਦ ਸਮੂਹ ਸਾਹਿਤਕਾਰ ਸੁਕੀਰਤ ਆਨੰਦ ਦੀ ਅਗਵਾਈ ਹੇਠ ਕੀਤੇ ਗਏ ਪੁਰਸਕਾਰ ਸਮਾਰੋਹ ਵਿਚ ਸ਼ਾਮਲ ਹੋਏ।

# ਤੁਗਲਵਾਲਾ 'ਚ ਨਸ਼ਿਆਂ ਦੀ ਵਿਕਰੀ ਤੇ ਸੇਵਨ 'ਤੇ ਪਾਬੰਦੀ ਦਾ ਮਤਾ ਪਾਸ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਗ੍ਰਾਮ ਪੰਚਾਇਤ ਪਿੰਡ ਤੁਗਲਵਾਲਾ 'ਚ ਸਮੁੱਚੀ ਪੰਚਾਇਤ ਵੱਲੋਂ ਮਤਾ ਪਾਸ ਕਰਦਿਆਂ ਪਿੰਡ ਦੇ ਅੰਦਰ ਕੋਈ ਵੀ ਵਿਅਕਤੀ ਨਸ਼ਾ ਕਰਦਾ ਜਾਂ ਵੇਚਦਾ ਪਾਇਆ ਗਿਆ ਤਾਂ ਉਸ ਦਾ ਪੰਚਾਇਤ ਅਤੇ ਪਿੰਡ ਦਾ ਕੋਈ ਵੀ ਵਿਅਕਤੀ ਸਾਥ ਨਹੀਂ ਦੇਵੇਗਾ। ਇਸ ਸਬੰਧੀ ਪਿੰਡ ਦੀ ਪੰਚਾਇਤ ਨੇ ਦੱਸਿਆ ਕਿ ਗ੍ਰਾਮ ਪੰਚਾਇਤ ਪਿੰਡ ਤੁਗਲਵਾਲ ਵਲੋਂ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 35 ਆਰ ਲਿਖਤ ਅਨੁਸਾਰ ਪਬੰਦੀਆਂ ਲਗਾਉਂਦੀ ਹੈ। ਇਹ ਪਾਬੰਦੀਆਂ ਲਗਾਤਾਰ ਜਾਰੀ ਰਹਿਣਗੀਆਂ। ਪਿੰਡ ਵਿੱਚ ਹਾਨੀਕਾਰਕ ਨਸ਼ਿਆਂ ਦੀ ਵਿਕਰੀ ਅਤੇ ਸੇਵਨ 'ਤੇ ਪਾਬੰਦੀ ਲਗਾਈ ਗਈ । ਪਿੰਡ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਇਹਨਾਂ ਪਬੰਦੀਆਂ ਦੀ ਪਾਲਣਾ ਕੀਤੀ ਜਾਵੇ ਅਤੇ ਇਹਨਾਂ ਪਾਬੰਦੀਆਂ ਲੋਕ ਹਿੱਤ ਵਿੱਚ ਹਨ । ਇਹਨਾਂ ਪਾਬੰਦੀਆਂ ਨੂੰ ਲਾਗੂ ਕਰਨ ਵਿੱਚ ਸਹਿਯੋਗ ਦਿੱਤਾ ਜਾਵੇ। ਜੇਕਰ ਕਿਸੇ ਵਿਅਕਤੀ ਵੱਲੋਂ ਇਹਨਾਂ ਹੁਕਮਾਂ ਦੀ ਉਲੰਘਣਾ ਕਰਕੇ ਨਸ਼ਾ ਕਰਦਾ ਜਾਂ ਵੇਚਦਾ ਹੈ ਤਾਂ ਪੰਚਾਇਤ ਵੱਲੋਂ ਉਸ ਦੇ ਮਗਰ ਕੋਈ ਨਹੀਂ ਜਾਵੇਗਾ ਨਾਲ ਕਾਨੂੰਨ ਅਨੁਸਾਰ ਡੰਡ ਜੁਰਮਾਨਾ ਵੀ ਲਗਾਇਆ ਜਾਵੇਗਾ ਅਤੇ ਪਿੰਡ ਦੇ ਵਿੱਚ ਨਸਾ ਵੇਚਣ ਵਾਲਿਆਂ ਅਤੇ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਨਾ ਹੀ ਕਿਸੇ ਦਾ ਸਾਥ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਪੰਚਾਇਤ ਨੇ ਫੈਸਲਾ ਲਿਆ ਹੈ ਕਿ ਪਿੰਡ 'ਚ ਕੋਈ ਵੀ ਵਿਅਕਤੀ ਨਸ਼ਾ ਨਹੀਂ ਕਰੇਗਾ। ਇਸ ਮੌਕੇ ਸਮੁੱਚੀ ਪੰਚਾਇਤ ਨੇ ਸਥਾਨਕ ਪੁਲਸ ਨੂੰ ਮਤਾ ਪਾ ਕੇ ਮੰਗ ਪੱਤਰ ਦਿੱਤਾ ਤੇ ਕਿਹਾ ਕਿ ਪੁਲਸ ਦਾ ਪੂਰਾ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਮਨਜਿੰਦਰਪਾਲ ਸਿੰਘ ਰਿਆੜ, ਸਰਕਲ ਪ੍ਰਧਾਨ ਗੁਰਅੰਮ੍ਰਿਤਪਾਲ ਸਿੰਘ, ਪੰਚ ਕਰਨਬੀਰਰ ਸਿੰਘ ਰਿਆੜ, ਸਮਾਜ ਸੇਵਕ ਸਵਜੀਤ ਸਿੰਘ ਰਿਆੜ, ਮੈਂਬਰ ਰਣਬੀਰ ਸਿੰਘ ਰਾਣਾ, ਮੈਂਬਰ ਜੱਗਾ, ਨਵਤੇਜ ਸਿੰਘ ਫੌਜੀ, ਸੁਰਿੰਦਰ ਸਿੰਘ ਨਮਾਂ ਰਿਆੜ, ਪੰਚ ਬਾਬਾ ਨਿਸਾਨ ਸਿੰਘ, ਮੇਜਰ ਸਿੰਘ, ਠੇਕੇਦਾਰ ਸਿੰਦਰ ਸਿੰਘ, ਠੇਕੇਦਾਰ ਸੁਰਜੀਤ ਸਿੰਘ ਗਿੱਲੋ, ਸਤਨਾਮ ਸਿੰਘ ਕਾਲਾ, ਰਮਿੰਦਰ ਸਿੰਘ ਫੌਜੀ , ਆਦਿ ਹਾਜ਼ਰ ਸਨ।

# ਦੋ ਨਸ਼ਾ ਤਸਕਰ ਚੜ੍ਹੇ ਪੁਲਸ ਅੜਿੱਕੇ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਸਿਟੀ ਗੁਰਦਾਸਪੁਰ ਦੇ ਐਸ.ਆਈ. ਬਨਾਰਸੀ ਦਾਸ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨਜ਼ਦੀਕ ਗਾਂਧੀ ਸਕੂਲ ਮੰਡੀ ਚੌਕ ਗੁਰਦਾਸਪੁਰ ਤੋਂ ਚਾਂਦ ਮਸੀਹ ਪੁੱਤਰ ਰੋਬਿਨ ਮਸੀਹ ਵਾਸੀ ਗੁਰਦਾਸਪੁਰ ਜੋ ਸਾਹਮਣੇ ਤੋਂ ਪੈਦਲ ਆ ਰਿਹਾ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 26 ਨਸ਼ੀਲੇ ਜਾਪਦੇ ਕੈਪਸੂਲ ਰੰਗ ਲਾਲ ਬਿਨਾਂ ਮਾਰਕਾ ਬਰਾਮਦ ਹੋਏ। ਇਸੇ ਤਰ੍ਹਾਂ ਥਾਣਾ ਕਾਹਨੂੰਵਾਨ ਪੁਲਸ ਦੇ ਏ.ਐਸ.ਆਈ. ਰਛਪਾਲ ਸਿੰਘ ਨੇ ਸਮੇਤ ਪੁਲਸ ਪਾਰਟੀ ਦਾਣਾ ਮੰਡੀ ਮੋੜ ਕਾਹਨੂੰਵਾਂਨ ਤੋਂ ਗੁਰਪ੍ਰੀਤ ਸਿੰਘ ਪੁੱਤਰ ਰੂਪ ਸਿੰਘ ਵਾਸੀ ਅਲਾਵਲਪੁਰ ਥਾਣਾ ਤਿੱਬੜ ਜੋ ਸਾਹਮਣੇ ਤੋਂ ਪੈਦਲ ਤੁਰਦਾ ਆ ਰਿਹਾ ਸੀ, ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਵਲੋਂ ਜ਼ਮੀਨ 'ਤੇ ਸੁੱਟੇ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 4 ਗਰਾਮ ਹੈਰੋਇਨ ਬਰਾਮਦ ਹੋਈ ਹੈ। ਪੁਲਸ ਨੇ ਦੋਵਾਂ ਮਾਮਲਿਆਂ ਵਿਚ ਨਸ਼ਾ ਤਸਕਰਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਪ੍ਰਸ਼ਾਸਨ ਹੋਲੀ ਸਿਟੀ ਦੇ ਬਾਹਰ ਸਥਿਤ ਗੰਦੇ ਨਾਲੇ ਨੂੰ ਢਕਣ ਦਾ ਪ੍ਰਬੰਧ ਕਰੇ : ਸੰਜੇ ਮਲਿਕ

**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਨਾਰਥ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਸਹਾਇਕ ਗਵਰਨਰ ਹੋਲੀ ਸਿਟੀ ਟੀ ਟੇਬਲ ਐਸੋਸੀਏਸ਼ਨ ਦੇ ਸਕੱਤਰ ਸਮਾਜ ਸੇਵਕ ਸੰਜੇ ਮਲਿਕ ਨੇ ਪੰਜਾਬ ਦੇ ਮੁੱਖ ਮੰਤਰੀ ਅਤੇ ਅੰਮ੍ਰਿਤਸਰ ਨਗਰ ਨਿਗਮ ਦੇ ਨਵੇਂ ਬਣੇ ਮੇਅਰ ਮੋਤੀ ਭਾਟੀਆ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਅਤੇ ਖੇਤਰ ਦੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ, ਅੰਮ੍ਰਿਤਸਰ ਲੋਕ ਸਭਾ ਦੇ ਸਾਂਸਦ ਗੁਰਜੀਤ ਸਿੰਘ ਔਜਲਾ ਆਦਿ ਨੂੰ ਨਿਵੇਦਨ ਕੀਤਾ ਹੈ ਕਿ ਹੋਲੀ ਸਿਟੀ ਅੰਮ੍ਰਿਤਸਰ ਦੀ ਸਭ ਤੋਂ ਮਹੱਤਵਪੂਰਨ ਪੌਸ਼ ਕਾਲੋਨੀ ਬਣ ਚੁੱਕੀ ਹੈ, ਇਸ ਕਾਲੋਨੀ ਵਿੱਚ ਨਗਰ ਦੇ ਕਈ ਜ਼ਿੰਮੇਦਾਰ ਨਾਗਰਿਕ, ਉਦਯੋਗਪਤੀ, ਵਪਾਰੀ ਰਹਿੰਦੇ ਹਨ ਜਿਨ੍ਹਾਂ ਨੇ ਕਰੋੜਾਂ ਰੁਪਏ ਖਰਚ ਕਰਕੇ ਇਸ ਵੀਰਾਨ ਖੇਤਰ ਨੂੰ ਇੱਕ ਮਹੱਤਵਪੂਰਨ ਖੇਤਰ ਬਣਾਉਣ ਵਿੱਚ ਖਾਸ ਭੂਮਿਕਾ ਨਿਭਾਈ ਹੈ ਪਰ ਵਿਡੰਬਨਾ ਇਹ ਹੈ ਕਿ ਨਗਰ ਦੀ ਇੰਨੀ ਮਹੱਤਵਪੂਰਨ ਕਾਲੋਨੀ ਦੇ ਬਾਹਰ ਤੋਂ ਗੁਜ਼ਰਨ ਵਾਲੇ ਗੰਦੇ ਨਾਲੇ ਨੂੰ ਢਕਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ, ਜਿਸ ਨਾਲ ਗੰਦੇ ਨਾਲੇ ਦੀ ਬਦਬੂ ਆਸ ਪਾਸ ਦੇ ਘਰਾਂ ਵਿੱਚ ਆਉਂਦੀ ਹੈ। ਉਨ੍ਹਾਂ ਕਿਹਾ ਕਿ ਹੋਲੀ ਸਿਟੀ ਟੀ ਟੇਬਲ ਐਸੋਸੀਏਸ਼ਨ ਵੱਲੋਂ ਸਾਰੇ ਅਹੁਦੇਦਾਰਾਂ ਅਤੇ ਰਾਜਸੀ ਨੇਤਾਵਾਂ ਨੂੰ ਨਿਵੇਦਨ ਕੀਤਾ ਜਾ ਰਿਹਾ ਹੈ ਕਿ ਇੰਨੀ ਜ਼ਿਆਦਾ ਮਹੱਤਵਪੂਰਨ ਅਬਾਦੀ ਦੇ ਬਾਹਰ ਤੋਂ ਗੁਜ਼ਰਨ ਵਾਲੇ ਗੰਦੇ ਨਾਲੇ ਨੂੰ ਢਕਣ ਦਾ ਪ੍ਰਬੰਧ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ। ਇਸ ਮੌਕੇ ਸੰਜੇ ਮਲਿਕ ਦੇ ਨਾਲ ਹੋਲੀ ਸਿਟੀ ਟੀ ਟੇਬਲ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਬਹਿਲ, ਚੇਅਰਮੈਨ ਗੁਰਚਰਨ ਸਿੰਘ ਬਜਾਜ, ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਐਸੋਸੀਏਸ਼ਨ ਦੇ ਮੈਂਬਰ ਰਮਿੰਦਰ ਸਿੰਘ ਚਾਵਲਾ, ਪ੍ਰਾਣ ਅਗਰਵਾਲ, ਅਮਿਤ ਵਿਆਸ, ਰਜਿੰਦਰ ਗੰਭੀਰ, ਚੰਦਰ ਸ਼ਰਮਾ, ਵਰਿੰਦਰ ਮਲਿਕ, ਐਸ.ਕੇ ਲੂਥਰਾ, ਦੀਪਕ ਕਾਲਰਾ, ਵਿਪਨ ਕਪੂਰ, ਐਡਵੋਕੇਟ ਜਸਵਿੰਦਰ ਭੱਲਾ, ਐਡਵੋਕੇਟ ਰਮਨ ਭਾਟੀਆ, ਜਗਜੀਤ ਸਿੰਘ, ਜਸਵਿੰਦਰ ਅਰੋੜਾ, ਰਾਜ ਕੁਮਾਰ ਸ਼ਰਮਾ, ਅਨਿਲ ਚੋਪੜਾ, ਕੈਲਾਸ਼ ਬੰਸਲ ਆਦਿ ਵੀ ਮੌਜੂਦ ਸਨ।



# ਇਕ ਹੋਰ ਪੰਚਾਇਤ ਨੇ ਕਾਂਗਰਸ ਨੂੰ ਕਿਹਾ ਅਲਵਿਦਾ, 'ਆਪ' 'ਚ ਹੋਈ ਸ਼ਾਮਲ



**ਪਠਾਨਕੋਟ, (ਦਵਿੰਦਰ ਸਿੰਘ)**- ਜ਼ਿਲ੍ਹਾ ਪ੍ਰੀਸ਼ਦ ਚੋਣਾਂ ਤੋਂ ਪਹਿਲਾਂ ਹੀ ਲੋਕਾਂ ਦੀ ਸੋਚ ਬਦਲ ਰਹੀ ਹੈ ਅਤੇ ਵਿਧਾਨ ਸਭਾ ਹਲਕਾ ਭੋਆ ਦੀਆਂ ਪੰਚਾਇਤਾਂ ਕਾਂਗਰਸ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੀਆ ਹਨ। ਪਿਛਲੇ ਦਿਨ ਜਿੱਥੇ ਪਿੰਡ ਹੈਬੋ, ਸੈਦੋਵਾਲ ਅਤੇ ਚੋਹਾਨਾਂ ਦੀ ਪੰਚਾਇਤ ਆਪਣੇ ਪੰਚਾਇਤ ਮੈਂਬਰਾਂ ਅਤੇ ਕਾਰਜਕਰਤਾਵਾਂ ਦੇ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਈਆਂ ਸਨ, ਅੱਜ ਇੱਕ ਵਾਰ ਫਿਰ ਤੋਂ ਵਿਧਾਨ ਸਭਾ ਹਲਕਾ ਭੋਆ ਦੀ ਪਿੰਡ ਗੁਲਪੁਰ ਸਿੰਬਲੀ ਦੀ ਪੰਚਾਇਤ ਆਪਣੇ ਪੰਚਾਇਤ ਮੈਂਬਰਾਂ ਦੇ ਨਾਲ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਕਾਰਜਾਂ ਤੋਂ ਖੁਸ਼ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਪਿੰਡ ਕਟਾਰੂਚੱਕ ਵਿਖੇ ਪਿੰਡ ਗੁਲਪੁਰ ਸਿੰਬਲੀ ਦੀ ਪੰਚਾਇਤ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਨ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ। ਅੱਜ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਗੁਲਪੁਰ ਸਿੰਬਲੀ ਜਿਸ ਵਿੱਚ ਸਰਪੰਚ ਸੋਮਾ ਦੇਵੀ, ਪੰਚਾਇਤ ਮੈਂਬਰ ਪਰਮਜੀਤ ਕੌਰ, ਮੀਨਾ ਕੁਮਾਰੀ, ਜਗਦੀਸ਼, ਅੰਮ੍ਰਿਤਾ ਅਤੇ ਮੈਂਬਰ ਪੰਚਾਇਤ ਸਲਮਾ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਦਾ ਪੱਲਾ ਫੜ ਲਿਆ। ਇਸ ਮੌਕੇ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਯੋਗ ਅਗਵਾਈ ਅੰਦਰ ਪੂਰੇ ਪੰਜਾਬ ਵਿੱਚ ਹਰੇਕ ਵਰਗ ਦੀਆਂ ਬੁਨਿਆਦੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਲੋਕ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਆਪ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਕਾਰਜਕਰਤਾ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ।

# ਕੀਰਤਨ ਦਰਬਾਰ ਸੁਸਾਇਟੀ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ



**ਪੱਟੀ (ਬਲਦੇਵ ਸਿੰਘ ਸੰਧੂ)**- ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਰਜਿ ਪੱਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਮਹੀਨਾਵਾਰ ਲੋੜਵੰਦ ਪਰਵਾਰਾਂ ਅਤੇ ਵਿਧਵਾ ਔਰਤਾਂ ਨੂੰ ਰਾਸ਼ਨ ਦੀ ਸੇਵਾ ਗੁਰਦੁਆਰਾ ਬੀਬੀ ਰਜਨੀ ਜੀ ਪੱਟੀ ਵਿਖੇ ਕੀਤੀ ਗਈ। ਬਾਬਾ ਦੀਪ ਸਿੰਘ ਜੀ ਦੀ ਕਿਰਪਾ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹਰ ਮਹੀਨੇ ਸੰਗਤ ਦੇ ਉਦਮ ਨਾਲ ਇਹ ਸੇਵਾਵਾਂ ਚੱਲ ਰਹੀਆਂ ਹਨ। ਰਾਸ਼ਨ ਦੇਣ ਦੀ ਅਰੰਭਤਾ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਵੱਲੋਂ ਅਰਦਾਸ ਬੇਨਤੀ ਕੀਤੀ ਗਈ। ਇਸ ਮਹੀਨੇ ਦੀ ਰਾਸ਼ਨ ਦੀ ਸੇਵਾ ਹੋਲਾ ਮਹੱਲਾ ਦਿਵਸ ਨੂੰ ਸਮਰਪਤ ਹੈ।ਇਹ ਜਾਣਕਾਰੀ ਪ੍ਰਧਾਨ ਕੁਲਵਿੰਦਰ ਸਿੰਘ ਬੱਬੂ ਅਤੇ ਸਕੱਤਰ ਜੋਗਾ ਸਿੰਘ ਵੱਲੋਂ ਦਿੱਤੀ ਗਈ। ਇਸ ਮੌਕੇ ਪ੍ਰਧਾਨ ਗੁਰਦੁਆਰਾ ਬੀਬੀ ਰਜਨੀ ਜੀ ਬਲਬੀਰ ਸਿੰਘ ਲੁਹਾਰੀਆ, ਅਵਤਾਰ ਸਿੰਘ ਸੇਵਾ ਸਿੰਘ ਦੀ ਹੱਟੀ, ਭਾਈ ਕੰਵਲਜੀਤ ਸਿੰਘ ਰਾਗੀ ਜਥਾ ਪੱਟੀ, ਅਮਰੀਕ ਸਿੰਘ ਜੇ ਈ, ਰਜਵੰਤ ਸਿੰਘ ਜੇ ਈ, ਸੁਰਜੀਤ ਸਿੰਘ ਪ੍ਰਧਾਨ, ਜਸਪਾਲ ਸਿੰਘ ਮੈਡੀਕਲ ਸਟੋਰ ਵਾਲੇ, ਮਨਕੀਰਤ ਸਿੰਘ ਕੈਨੇਡਾ, ਡਾ. ਸਰਵਪ੍ਰੀਤ ਸਿੰਘ, ਅੰਮ੍ਰਿਤ ਸਿੰਘ ਪੁੱਤਰ ਇਕਬਾਲ ਸਿੰਘ ਜੌਲੀ, ਸੁਖਚੈਨ ਸਿੰਘ ਰਾਜੂ ਕਲਾਥ ਹਾਊਸ ਵਾਲੇ, ਪ੍ਰਭਜੀਤ ਸਿੰਘ, ਨਰਿੰਦਰ ਸਿੰਘ, ਮਾਸਟਰ ਸਰਬਜੀਤ ਸਿੰਘ, ਮਾਸਟਰ ਗੁਰਦੇਵ ਸਿੰਘ ਲੁਹਾਰੀਆ, ਸਤਨਾਮ ਸਿੰਘ ਸਿੱਧੂ, ਮਾਸਟਰ ਅਰਸਦੀਪ ਸਿੰਘ, ਮਾਸਟਰ ਬਿਕਰਮਜੀਤ ਸਿੰਘ, ਮਾਸਟਰ ਅਮਨਦੀਪ ਸਿੰਘ ਕਰੀਰ, ਸਰਦਾਰ ਗੁਰਸੇਵਕ ਸਿੰਘ ਪਟਵਾਰੀ,ਅਵਤਾਰ ਸਿੰਘ ਫੋਜੀ ਚੀਮਾ,ਮੈਡਮ ਸ਼ਮਿੰਦਰ ਕੌਰ, ਪਰਮਜੀਤ ਸਿੰਘ ਬੈਂਕ ਵਾਲੇ, ਨਿਰਮਲ ਸਿੰਘ ਕਿਰਪਾਨਾਂ ਵਾਲੇ, ਗੁਰਦੇਵ ਸਿੰਘ ਲੁਹਾਰੀਆ, ਡੀ ਐਸ ਪੀ, ਬਲਰਾਜ ਸਿੰਘ ਖਹਿਰਾ, ਬਲਜਿੰਦਰ ਸਿੰਘ ਬੀ ਟੀ, ਸੰਦੀਪ ਸਿੰਘ ਨਗਰ ਕੌਂਸਲ, ਜਗਦੀਪ ਸਿੰਘ ਪ੍ਰਿੰਸ, ਜੋਬਨਜੀਤ ਸਿੰਘ ਪਟਿਆਲਾ, ਜਸ਼ਨਪ੍ਰੀਤ ਸਿੰਘ ਪਟਿਆਲਾ, ਅਮਨ ਕਲਸੀ ਕੋਸਮੈਟਿਕ ਸੈਂਟਰ, ਪ੍ਰਭਜੋਤ ਸਿੰਘ, ਇੰਸਪੈਕਟਰ ਦਰਸ਼ਨ ਸਿੰਘ, ਹਰਚਰਨ ਸਿੰਘ ਵਿਰਦੀ, ਡਾ. ਗੁਰਮੇਜ ਸਿੰਘ, ਜਗਤਾਰ ਸਿੰਘ ਮੁੱਕਰ, ਮਾਸਟਰ ਗੁਰਦੇਵ ਸਿੰਘ, ਗੁਰਦਿਆਲ ਸਿੰਘ, ਅਜੇਪਾਲ ਸਿੰਘ, ਹਰਵੇਲ ਸਿੰਘ ਕੈਰੋਂ,ਪਿੰਟੂ ਕਰਿਆਨਾ ਸਟੋਰ, ਮਹਿਲ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਬੁੱਧਵਾਰ, 19 ਮਾਰਚ 2025

# ਸਕੂਲਾਂ ਦੀ ਚਿੰਤਾ ਨਹੀਂ

*ਕੇਂਦਰੀ ਸਿੱਖਿਆ ਰਾਜ ਮੰਤਰੀ ਜਯੰਤ ਚੌਧਰੀ ਨੇ 'ਯੂਨੀਫਾਈਡ ਡਿਸਟ੍ਰਿਕਟ ਇਨਫਰਮੇਸ਼ਨ ਸਿਸਟਮ ਫਾਰ ਐਜੂਕੇਸ਼ਨ ਪਲੱਸ' (ਯੂ-ਡੀ ਆਈ ਐੱਸ ਈ ਪਲੱਸ) ਦੇ ਅੰਕੜਿਆਂ ਦੇ ਹਵਾਲੇ ਨਾਲ ਪਿਛਲੇ ਦਿਨੀਂ ਰਾਜ ਸਭਾ ਨੂੰ ਦੱਸਿਆ ਕਿ 2018-19 ਤੇ 2023-24 ਦਰਮਿਆਨ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣ ਵਾਲਿਆਂ ਦੀ ਗਿਣਤੀ 26.03 ਕਰੋੜ ਤੋਂ ਘਟ ਕੇ 24.8 ਕਰੋੜ ਹੋ ਗਈ। ਉਨ੍ਹਾ ਇਹ ਜਾਣਕਾਰੀ ਕਾਂਗਰਸ ਦੇ ਮੈਂਬਰ ਪ੍ਰਮੋਦ ਤਿਵਾੜੀ ਦੇ ਲਿਖਤੀ ਸਵਾਲ ਦੇ ਜਵਾਬ ਵਿੱਚ ਦਿੱਤੀ, ਜਿਨ੍ਹਾ ਪੁੱਛਿਆ ਸੀ ਕਿ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣ ਵਾਲਿਆਂ ਦੀ ਗਿਣਤੀ ਘਟ ਕਿਉਂ ਰਹੀ ਹੈ? ਚੌਧਰੀ ਨੇ ਇਹ ਵੀ ਦੱਸਿਆ ਕਿ 2023-24 ਵਿੱਚ ਇਸ ਤੋਂ ਪਿਛਲੇ ਸਾਲ ਨਾਲੋਂ 37 ਲੱਖ ਘੱਟ ਬੱਚੇ ਦਾਖਲ ਹੋਏ। ਚੌਧਰੀ ਨੇ ਇਸ ਦੇ ਨੌਂ ਸੰਭਾਵਤ ਕਾਰਨ ਗਿਣਾਏ। ਇਨ੍ਹਾਂ ਵਿੱਚ ਪ੍ਰਮੁੱਖ ਹਨ : ਸਕੂਲੀ ਵਿਦਿਆਰਥੀਆਂ ਨੂੰ ਘੱਟ ਘਰੇਲੂ ਆਮਦਨ ਕਾਰਨ ਕੰਮ ਕਰਨਾ ਪੈ ਰਿਹਾ ਹੈ, ਪੜ੍ਹਨ ਵਿੱਚ ਦਿਲਚਸਪੀ ਨਹੀਂ ਹੁੰਦੀ, ਪੜ੍ਹਨ ਵਿੱਚ ਔਖਿਆਈ, ਕਿਸੇ ਕਿਸਮ ਦੀ ਅਪਾਹਜਤਾ, ਮਾੜੀ ਸਿਹਤ, ਮਾਪਿਆਂ ਵੱਲੋਂ ਪੜ੍ਹਾਉਣਾ ਜ਼ਰੂਰੀ ਨਾ ਸਮਝਣਾ, ਮੁਕਾਬਲੇ ਦੇ ਇਮਤਿਹਾਨਾਂ ਦੀ ਤਿਆਰੀ ਨਾ ਕਰ ਪਾਉਣਾ ਅਤੇ ਵਿਆਹ ਆਦਿ।*

*ਰਿਟਾਇਰਡ ਕੇਂਦਰੀ ਅਧਿਕਾਰੀ ਰੋਹਤਾਸ ਭੰਖੜ ਦਾ ਕਹਿਣਾ ਹੈ ਕਿ ਮੰਤਰੀ ਵੱਲੋਂ ਗਿਣਾਏ ਕਾਰਨ ਸਬੂਤਾਂ 'ਤੇ ਆਧਾਰਤ ਨਹੀਂ ਜਾਪਦੇ ਅਤੇ ਕਾਇਲ ਕਰਨ ਵਾਲੇ ਨਹੀਂ। ਕਿਸੇ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਸਕੂਲਿੰਗ ਮੁਕੰਮਲ ਕਰਨ ਤੋਂ ਬਿਨਾਂ ਸੰਭਵ ਹੀ ਨਹੀਂ। ਸੋ, ਇਹ ਕਾਰਨ ਨਹੀਂ ਹੋ ਸਕਦਾ। ਜਿਸ ਯੂ-ਡੀ ਆਈ ਐੱਸ ਈ ਪਲੱਸ ਵੱਲੋਂ ਇਕੱਠੇ ਕੀਤੇ ਅੰਕੜਿਆਂ ਦੀ ਮੰਤਰੀ ਨੇ ਗੱਲ ਕੀਤੀ ਹੈ, ਉਹ ਸਕੂਲ ਵਾਲੇ ਵਾਲੰਟਰੀ ਅਪਲੋਡ ਕਰਦੇ ਹਨ। 2017-18 ਤੱਕ ਇਸ ਸੰਸਥਾ ਦੇ ਅੰਕੜੇ ਨੈਸ਼ਨਲ ਇੰਸਟੀਚਿਊਟ ਆਫ ਐਜੂਕੇਸ਼ਨਲ ਪਲੈਨਿੰਗ ਐਂਡ ਐਡਮਨਿਸਟ੍ਰੇਸ਼ਨ (ਐੱਨ ਆਈ ਈ ਪੀ ਏ) ਵੱਲੋਂ ਪ੍ਰਕਾਸ਼ਤ ਕੀਤੇ ਜਾਂਦੇ ਸਨ। ਉਸ ਤੋਂ ਬਾਅਦ ਵੇਲੇ ਦੇ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰਾਲੇ, ਜਿਸ ਨੂੰ ਅੱਜਕੱਲ੍ਹ ਸਿੱਖਿਆ ਮੰਤਰਾਲਾ ਕਹਿੰਦੇ ਹਨ, ਨੇ 2018-19 ਵਿੱਚ ਇਹ ਜ਼ਿੰਮੇਵਾਰੀ ਖੁਦ ਲੈ ਲਈ। ਐੱਨ ਆਈ ਈ ਪੀ ਏ ਵੱਲੋਂ ਹਰੇਕ ਸਕੂਲ ਤੋਂ ਆਨਲਾਈਨ ਤੇ ਆਫਲਾਈਨ ਅੰਕੜੇ ਇਕੱਠੇ ਕੀਤੇ ਜਾਂਦੇ ਸਨ। ਫਿਰ ਸਰਕਾਰ ਨੇ ਸਕੂਲਾਂ ਨੂੰ ਕਹਿ ਦਿੱਤਾ ਕਿ ਉਹ ਆਨਲਾਈਨ ਡਾਟਾ ਅਪਲੋਡ ਕਰਨ। ਯੂ-ਡੀ ਆਈ ਐੱਸ ਈ ਪਲੱਸ ਦੀ 2023-24 ਦੀ ਰਿਪੋਰਟ ਮੁਤਾਬਕ ਕਰੀਬ 46 ਫੀਸਦੀ ਸਕੂਲਾਂ ਕੋਲ ਇੰਟਰਨੈੱਟ ਦੀ ਸਹੂਲਤ ਹੀ ਨਹੀਂ। ਐੱਨ ਆਈ ਈ ਪੀ ਏ ਵੱਲੋਂ ਆਨਲਾਈਨ ਤੇ ਮੈਨੂਅਲੀ ਅੰਕੜੇ ਇਕੱਠੇ ਕੀਤੇ ਜਾਂਦੇ ਸਨ ਤੇ ਤਸਦੀਕ ਕਰਨ ਲਈ ਰਿਸੋਰਸ ਪਰਸਨ ਨੂੰ ਕੁਝ ਸਕੂਲਾਂ ਵਿੱਚ ਘੱਲਿਆ ਜਾਂਦਾ ਸੀ। ਜਦੋਂ ਸਰਕਾਰ ਨੇ ਇਹ ਕੰਮ ਆਪਣੇ ਹੱਥਾਂ ਵਿੱਚ ਲਿਆ, ਉਦੋਂ ਤੋਂ ਤਸਦੀਕ ਕਰਨ ਦਾ ਕੰਮ ਬੰਦ ਹੋ ਗਿਆ। ਜਿਨ੍ਹਾਂ 46 ਫੀਸਦੀ ਸਕੂਲਾਂ ਨੇ ਅੰਕੜੇ ਨਹੀਂ ਦਿੱਤੇ, ਉਸ ਬਾਰੇ ਸਰਕਾਰ ਕੋਲ ਕੀ ਜਵਾਬ ਹੈ। ਕੇਂਦਰ ਸਰਕਾਰ ਨੇ 2022-23 ਤੋਂ ਨਵੀਂ ਸਿੱਖਿਆ ਨੀਤੀ ਲਾਗੂ ਕਰ ਦਿੱਤੀ ਹੈ, ਪਰ ਉਸ ਨੂੰ ਇਹ ਗਿਆਨ ਹੀ ਨਹੀਂ ਕਿ ਵਿਦਿਆਰਥੀਆਂ ਦੀ ਗਿਣਤੀ ਦਾ ਹਿਸਾਬ ਕਿਵੇਂ ਰੱਖਣਾ ਹੈ। ਉਹ ਰਾਜਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨ੍ਹਾਂ ਅੰਕੜਿਆਂ ਦੇ ਹਿਸਾਬ ਨਾਲ ਹੀ ਦੇਵੇਗੀ ਤੇ ਬਾਕੀ ਪੈਸੇ ਰਾਜਾਂ ਨੂੰ ਖਰਚਣੇ ਪੈਣਗੇ, ਜਿਨ੍ਹਾਂ ਦਾ ਹੱਥ ਪਹਿਲਾਂ ਹੀ ਤੰਗ ਹੈ।*

## ਪਾਠਕ-ਸੱਥ

### ਮਿੱਟੀ ਦੀ ਖਰਾਬੀ

ਮਿੱਟੀ ਕਿਸਾਨੀ ਅਤੇ ਵਾਤਾਵਰਣ ਲਈ ਇੱਕ ਮਹੱਤਵਪੂਰਨ ਸਰੋਤ ਹੈ। ਪਰ ਅੱਜਕੱਲ੍ਹ ਮਿੱਟੀ ਦੀ ਗੁਣਵੱਤਾ ਖਰਾਬ ਹੋ ਰਹੀ ਹੈ, ਜਿਸ ਨੂੰ 'ਮਿੱਟੀ ਦੀ ਖਰਾਬੀ' ਕਿਹਾ ਜਾਂਦਾ ਹੈ। ਇਹ ਸਮੱਸਿਆ ਕਿਸਾਨੀ, ਆਬੋ-ਹਵਾ ਅਤੇ ਜੀਵਨ ਚੱਕਰ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਦੇ ਕਈ ਕਾਰਨ ਹਨ ਜਿਵੇਂ ਵਧਦਾ ਰਸਾਇਣਿਕ ਉਦਯੋਗ , ਜੰਗਲਾਂ ਦੀ ਕਟਾਈ , ਵਾਤਾਵਰਣਕ ਪ੍ਰਦੂਸ਼ਣ , ਅਣ-ਟਿਕਾਊ ਖੇਤੀ ਪ੍ਰਣਾਲੀ ਅਤੇ ਹੋਰ ਵੀ ਕਈ ਕਾਰਨ ਹਨ।

ਮਿੱਟੀ ਦੀ ਖਰਾਬੀ ਇੱਕ ਵਿਸ਼ਵ ਪੱਧਰੀ ਸਮੱਸਿਆ ਹੈ, ਜਿਸ ਨਾਲ ਭਵਿੱਖ ਦੀ ਖੇਤੀ ਅਤੇ ਵਾਤਾਵਰਣ ਨੂੰ ਸੰਕਟ ਹੋ ਸਕਦਾ ਹੈ। ਜੇਕਰ ਅਸੀਂ ਸਮੇਂ ਸਿਰ ਢੁਕਵੇਂ ਕਦਮ ਨਹੀਂ ਚੁੱਕੇ, ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਸਕਦੀ ਹੈ। ਇਸ ਨੂੰ ਰੋਕਣ ਲਈ ਵੱਧ ਤੋਂ ਵੱਧ ਰੁੱਖ ਲਗਾਉਣਾ, ਜੈਵਿਕ ਖੇਤੀ ਕਰਨੀ, ਕਚਰੇ ਦਾ ਸਹੀ ਤਰੀਕੇ ਨਾਲ ਨਿਪਟਾਰਾ ਕਰਨਾ ਵਰਗੇ ਕੁਝ ਕਦਮ ਚੁੱਕਣ ਦੀ ਅਜੋਕੇ ਸਮੇਂ ਵਿੱਚ ਲੋੜ ਹੈ। ਇਨ੍ਹਾਂ ਨਾਲ ਅਸੀਂ ਮਿੱਟੀ ਦੀ ਖਰਾਬੀ ਨੂੰ ਰੋਕ ਸਕਦੇ ਹਾਂ ਅਤੇ ਭਵਿੱਖ ਦੀ ਪੀੜ੍ਹੀ ਲਈ ਇੱਕ ਚੰਗਾ ਵਾਤਾਵਰਣ ਬਚਾ ਸਕਦੇ ਹਾਂ।

**-ਸ਼ਿਵਮ, ਸਾਹਨੇਵਾਲ**

### ਪਾਣੀ ਦੀ ਘਾਟ ਅਤੇ ਪੰਜਾਬ

ਪੰਜਾਬ, ਜੋ ਇੱਕ ਖੇਤੀ ਪ੍ਰਧਾਨ ਰਾਜ ਹੈ, ਅੱਜ ਪਾਣੀ ਦੀ ਘਾਟ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਹਰੇਕ ਸਾਲ ਜ਼ਮੀਨੀ ਪਾਣੀ ਘੱਟ ਹੁੰਦਾ ਜਾ ਰਿਹਾ ਹੈ , ਜਿਸ ਦਾ ਮੁੱਖ ਕਾਰਨ ਬੇਹਿਸਾਬ ਟਿਊਬਵੈੱਲ ਰਾਹੀਂ ਪਾਣੀ ਦੀ ਖਪਤ ਹੈ। ਰਿਪੋਰਟਾਂ ਅਨੁਸਾਰ ਪੰਜਾਬ ਦੇ 80% ਹਿੱਸਿਆਂ 'ਚ ਜ਼ਮੀਨੀ ਪਾਣੀ ਖਤਮ ਹੋਣ ਦੀ ਕਗਾਰ 'ਤੇ ਹੈ। ਭਾਵੇਂ ਸਰਕਾਰ ਵੱਲੋਂ ਮੀਂਹ ਦੇ ਪਾਣੀ ਨੂੰ ਸੰਜੋਣ, ਡ੍ਰਿਪ ਸਿੰਚਾਈ ਤੇ ਵਾਟਰ ਕਨਜ਼ਰਵੇਸਨ ਵਰਗੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਪਰ ਅਜੇ ਵੀ ਲੋਕਾਂ ਵਿੱਚ ਇਸ ਬਾਰੇ ਜਾਗਰੂਕਤਾ ਦੀ ਘਾਟ ਹੈ। ਜੇਕਰ ਪੰਜਾਬ 'ਚ ਪਾਣੀ ਦੀ ਸਮੱਸਿਆ ਨੂੰ ਹੱਲ ਨਾ ਕੀਤਾ ਗਿਆ, ਤਾਂ ਅਗਲੇ ਦਹਾਕਿਆਂ 'ਚ ਇਹ ਖੇਤੀ ਅਤੇ ਆਬਾਦੀ ਦੋਵਾਂ ਲਈ ਖਤਰਨਾਕ ਹੋ ਸਕਦੀ ਹੈ। ਇਸ ਨੂੰ ਰੋਕਣ ਲਈ ਸਾਨੂੰ ਬੇਵਜ੍ਹਾ ਪਾਣੀ ਦੀ ਬਰਬਾਦੀ ਨੂੰ ਘੱਟ ਕਰਨਾ ਹੋਵੇਗਾ ਅਤੇ ਵਿਕਲਪਿਕ ਖੇਤੀ ਵਿਧੀਆਂ ਵਰਤਣੀਆਂ ਪੈਣਗੀਆਂ, ਜਿਵੇਂ ਕਿ ਮੀਂਹ ਦੇ ਪਾਣੀ ਨੂੰ ਸੰਜੋਣ, ਘੱਟ ਪਾਣੀ ਵਾਲੀਆਂ ਫਸਲਾਂ ਨੂੰ ਤਰਜੀਹ ਦੇਣਾ ਅਤੇ ਮਿੱਟੀ ਦੀ ਨਮੀ ਸੰਭਾਲਣ ਵਾਲੀਆਂ ਤਕਨੀਕਾਂ ਵਰਤਣੀਆਂ। ਨੌਜਵਾਨ ਪੀੜ੍ਹੀ ਨੂੰ ਵੀ ਪਾਣੀ ਬਚਾਉਣ ਦੀਆਂ ਵੱਖ-ਵੱਖ ਤਕਨੀਕਾਂ ਬਾਰੇ ਸਿੱਖਿਆ ਦੇਣੀ ਚਾਹੀਦੀ ਹੈ, ਤਾਂ ਜੋ ਭਵਿੱਖ ਦੀਆਂ ਪੀੜ੍ਹੀਆਂ ਲਈ ਇਹ ਕੀਮਤੀ ਸਰੋਤ ਬਚਿਆ ਰਹੇ।

**-ਅਮਨਦੀਪ ਕੌਰ, ਸੰਗਰੂਰ।**

# ਆਦਿਵਾਸੀਆਂ ਦੇ ਕਤਲੇਆਮ ਨਾਲ ਖਤਮ ਨਹੀਂ ਹੋਵੇਗਾ ਨਕਸਲਵਾਦ

**ਸੁਮੀਤ ਸਿੰਘ**

ਪਿਛਲੇ ਕੁੱਝ ਮਹੀਨਿਆਂ ਤੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ 31 ਮਾਰਚ 2026 ਤੱਕ ਆਦਿਵਾਸੀ ਬਹੁਗਿਣਤੀ ਵਾਲੇ ਸੂਬਿਆਂ ਦੇ ਇਲਾਕਿਆਂ ਵਿੱਚੋਂ ਨਕਸਲਵਾਦ ਜੜ੍ਹੋਂ ਖ਼ਤਮ ਕਰਨ ਦੇ ਲਗਾਤਾਰ ਐਲਾਨ ਕੀਤੇ ਜਾ ਰਹੇ ਹਨ। ਮੋਦੀ ਹਕੂਮਤ ਵੱਲੋਂ ਹਿੰਦੂਤਵ ਦੇ ਸਾਮਰਾਜੀ ਏਜੰਡੇ ਹੇਠ ਅਜਿਹੇ ਤਾਨਾਸ਼ਾਹੀ ਐਲਾਨ ਇਕ ਤਰਾਂ ਨਾਲ ਆਦਿਵਾਸੀਆਂ ਦੀ ਨਸਲਕੁਸ਼ੀ ਕਰਨ ਦੀ ਸਿੱਧੀ ਧਮਕੀ ਹੈ ਅਤੇ ਆਪਣੇ ਆਪ ਵਿੱਚ ਹੀ ਗ਼ੈਰ-ਸੰਵਿਧਾਨਿਕ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੀ ਸਿੱਧੀ ਉਲੰਘਣਾ ਹੈ। ਉਸ ਤੋਂ ਵੀ ਵੱਧ ਸ਼ਰਮਨਾਕ ਇਹ ਹੈ ਕਿ ਦੇਸ਼ ਦੀ ਸੁਪਰੀਮ ਕੋਰਟ, ਕੌਮੀ ਸਿਆਸੀ ਪਾਰਟੀਆਂ ਅਤੇ ਕੌਮੀ ਮੀਡੀਆ ਮਨੁੱਖੀ ਕਤਲੇਆਮ ਦੇ ਅਜਿਹੇ ਫਾਸ਼ੀਵਾਦੀ ਐਲਾਨ ਦਾ ਸਖ਼ਤ ਵਿਰੋਧ ਕਰਨ ਦੀ ਬਜਾਏ ਮੂਕ-ਦਰਸ਼ਕ ਬਣ ਕੇ ਵੱਡੇ ਕਾਰਪੋਰੇਟ ਘਰਾਣਿਆਂ ਅਤੇ ਮੋਦੀ ਹਕੂਮਤ ਦੇ ਪੱਖ ਵਿੱਚ ਭੁਗਤ ਰਹੇ ਹਨ।

ਇਸੇ ਸਾਮਰਾਜ ਪੱਖੀ ਨੀਤੀ ਤਹਿਤ ਮੋਦੀ ਹਕੂਮਤ ਵੱਲੋਂ ਛੱਤੀਸਗੜ੍ਹ ਵਿੱਚ 'ਓਪਰੇਸ਼ਨ ਕਗਾਰ' ਅਤੇ ਝਾਰਖੰਡ ਵਿੱਚ 'ਓਪਰੇਸ਼ਨ ਕਲੀਨ' ਤਹਿਤ ਨਕਸਲਵਾਦ ਨੂੰ ਖਤਮ ਕਰਨ ਦੀ ਆੜ ਹੇਠ ਆਪਣੇ ਹੀ ਦੇਸ਼ ਦੇ ਨਾਗਰਿਕ ਆਦਿਵਾਸੀਆਂ ਵਿਰੁੱਧ ਇਕ ਤਰ੍ਹਾਂ ਨਾਲ ਜੰਗ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਉਥੋਂ ਖਦੇੜਨ ਲਈ ਆਦਿਵਾਸੀ ਇਲਾਕਿਆਂ ਨੂੰ ਫੌਜੀ ਛਾਉਣੀਆਂ ਵਿੱਚ ਬਦਲਿਆ ਜਾ ਰਿਹਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਪੁਲਸ ਮੁਕਾਬਲਿਆਂ ਵਿੱਚ ਨਕਸਲੀਆਂ ਦੀ ਆੜ ਹੇਠ ਨਿਰਦੋਸ਼ ਆਦਿਵਾਸੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 9 ਫਰਵਰੀ ਨੂੰ ਛੱਤੀਸਗੜ੍ਹ ਵਿੱਚ 31 ਆਦਿਵਾਸੀਆਂ, ਜਿਨ੍ਹਾਂ ਵਿੱਚ 11 ਔਰਤਾਂ ਸਨ, ਨੂੰ ਨਕਸਲੀ ਗਰਦਾਨ ਕੇ ਮਾਰ ਦੇਣਾ ਇਸ ਵਹਿਸ਼ੀ ਜਬਰ ਦੀ ਸ਼ਰਮਨਾਕ ਮਿਸਾਲ ਹੈ। ਇਸ ਲਈ ਆਉਣ ਵਾਲੇ ਸਮੇਂ ਵਿੱਚ ਹਕੂਮਤਾਂ ਵੱਲੋਂ ਆਦਿਵਾਸੀਆਂ ਦੇ ਕਤਲ ਅਤੇ ਝੂਠੇ ਕੇਸਾਂ ਹੇਠ ਜੇਲ੍ਹੀਂ ਡੱਕਣ ਦਾ ਜਬਰ ਹੋਰ ਵੀ ਵੱਧ ਤਿੱਖੇ ਰੂਪ ਵਿੱਚ ਅਤੇ ਤੇਜ਼ ਹੋਣ ਦੀ ਸੰਭਾਵਨਾ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਕੇਂਦਰ ਤੇ ਰਾਜ ਸਰਕਾਰਾਂ ਨੇ ਸਾਮਰਾਜ ਪੱਖੀ ਤਾਕਤਾਂ ਦੇ ਹੱਕ ਵਿੱਚ ਭੁਗਤਦੇ ਹੋਏ ਆਦਿਵਾਸੀ ਇਲਾਕਿਆਂ ਵਿੱਚ ਵਿਕਾਸ ਪ੍ਰੋਜੈਕਟ ਸਥਾਪਤ ਕਰਨ ਦੀ ਆੜ ਹੇਠ ਬਹੁ-ਕੌਮੀ ਕੰਪਨੀਆਂ ਅਤੇ ਆਪਣੇ ਮੁਨਾਫ਼ਾਖੋਰ ਕਾਰਪੋਰੇਟ ਭਾਈਵਾਲਾਂ ਨਾਲ ਅਜਿਹੇ ਲੋਕ ਵਿਰੋਧੀ ਸਮਝੌਤੇ ਕੀਤੇ ਹਨ, ਜਿਨ੍ਹਾਂ ਤਹਿਤ ਛੱਤੀਸਗੜ੍ਹ, ਝਾਰਖੰਡ, ਉੜੀਸਾ, ਬਿਹਾਰ, ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਤਿਲੰਗਾਨਾ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਆਦਿ ਸੂਬਿਆਂ ਦੇ ਕਬਾਇਲੀ ਤੇ ਆਦਿਵਾਸੀ ਇਲਾਕਿਆਂ ਵਿਚਲੇ ਜੰਗਲ,ਜਲ, ਜ਼ਮੀਨ, ਪਹਾੜ ਅਤੇ ਕੋਲੇ ਦੀਆਂ ਖਾਣਾਂ ਸਮੇਤ ਕੁਦਰਤੀ ਖਣਿਜ ਪਦਾਰਥਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਅਸਲੀਅਤ ਇਹ ਹੈ ਕਿ ਅਜਿਹੇ ਵਿਕਾਸ ਪ੍ਰੋਜੈਕਟਾਂ ਦਾ ਆਦਿਵਾਸੀਆਂ ਦੇ ਵਿਕਾਸ ਅਤੇ ਖੁਸ਼ਹਾਲੀ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਕਈ ਸਦੀਆਂ ਤੋਂ ਇਨ੍ਹਾਂ ਇਲਾਕਿਆਂ ਵਿੱਚ ਜਲ, ਜੰਗਲ, ਜ਼ਮੀਨ ਦੇ ਕੁਦਰਤੀ ਸੋਮਿਆਂ ਅਤੇ ਖਣਿਜ ਪਦਾਰਥਾਂ ਦੇ ਆਸਰੇ ਆਪਣਾ ਜੀਵਨ ਨਿਰਬਾਹ ਕਰਨ ਵਾਲੇ ਗਰੀਬ ਆਦਿਵਾਸੀ ਅਤੇ ਕਬਾਇਲੀ ਲੋਕ ਅਜਿਹੇ ਲੋਕ ਮਾਰੂ ਸਮਝੌਤਿਆਂ ਦਾ ਜਮਹੂਰੀ ਢੰਗਾਂ ਨਾਲ ਜ਼ੋਰਦਾਰ ਵਿਰੋਧ ਕਰਦੇ ਆ ਰਹੇ ਹਨ, ਪਰ ਉਨ੍ਹਾਂ ਦੇ ਸ਼ਾਂਤਮਈ ਰੋਸ ਪ੍ਰਦਰਸ਼ਨਾਂ ਨੂੰ ਗੋਲੀ ਦੇ ਜ਼ੋਰ ਨਾਲ ਦਬਾਇਆ ਜਾ ਰਿਹਾ ਹੈ। ਇਸ ਹਕੂਮਤੀ ਜਬਰ ਦਾ ਪਿਛਲੇ ਕਈ ਸਾਲਾਂ ਤੋਂ ਪੱਕੇ ਮੋਰਚੇ ਲਾ ਕੇ ਲਗਾਤਾਰ ਵਿਰੋਧ ਕਰ ਰਹੇ ਆਦਿਵਾਸੀ ਲੋਕਾਂਦੇ ਸੰਗਠਨ ਮੂਲਵਾਸੀ ਬਚਾਓ ਮੰਚ ਉਤੇ ਪਾਬੰਦੀ ਲਾ ਕੇ ਇਸ ਦੇ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਜੇਲ੍ਹਾਂ ਵਿੱਚ ਨਜ਼ਰਬੰਦ ਕੀਤਾ ਜਾ ਰਿਹਾ ਹੈ। ਆਦਿਵਾਸੀ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਮੁੜ-ਵਸੇਬਾ ਦੇ ਨਾਂਅ ਹੇਠ ਜ਼ਿਲ੍ਹਾ ਰਿਜ਼ਰਵ ਗਾਰਡ ਅਤੇ ਕੇਂਦਰੀ ਸੁਰੱਖਿਆ ਬਲਾਂ ਵਿੱਚ ਕੱਚੇ ਭਰਤੀ ਕਰਕੇ ਉਨ੍ਹਾਂ ਨੂੰ ਭਰਾ ਮਾਰੂ ਜੰਗ ਹੇਠ ਆਦਿਵਾਸੀਆਂ ਦੇ ਵਿਰੁੱਧ ਹੀ ਇਸਤੇਮਾਲ ਕੀਤਾ ਜਾ ਰਿਹਾ ਹੈ।

ਭਾਰਤੀ ਸੰਵਿਧਾਨ ਦੀ ਪੰਜਵੀਂ ਸੂਚੀ ਵਿੱਚ ਆਦਿਵਾਸੀਆਂ,ਜਨ-ਜਾਤੀਆਂ ਦੀ ਆਜ਼ਾਦਾਨਾ ਜ਼ਿੰਦਗੀ ਦੀ ਸੁਰੱਖਿਆ ਦੀ ਕਾਨੂੰਨੀ ਵਿਵਸਥਾ ਕੀਤੀ ਗਈ ਹੈ ਅਤੇ ਇਸੇ ਵਿਵਸਥਾ ਹੇਠ ਸਦੀਆਂ ਤੋਂ ਰਹਿ ਰਹੇ ਆਦਿਵਾਸੀ ਲੋਕਾਂ ਨੂੰ ਇਨ੍ਹਾਂ ਇਲਾਕਿਆਂ ਦੇ ਕੁਦਰਤੀ ਵਸੀਲਿਆਂ ਉੱਤੇ ਕੁਦਰਤੀ ਅਤੇ ਜਨਮ ਸਿੱਧ ਅਧਿਕਾਰ ਹਾਸਿਲ ਹੈ। ਇਨ੍ਹਾਂ ਕਾਨੂੰਨਾਂ ਅਨੁਸਾਰ ਆਦਿਵਾਸੀ ਇਲਾਕਿਆਂ ਵਿਚਲੀ ਕੋਈ ਵੀ ਜ਼ਮੀਨ ਲੈਣ ਤੋਂ ਪਹਿਲਾਂ ਸਰਕਾਰਾਂ ਨੂੰ ਗ੍ਰਾਮ ਸਭਾ ਅਤੇ ਆਦਿਵਾਸੀਆਂ ਦੀ ਸਹਿਮਤੀ ਲੈਣੀ ਲਾਜ਼ਮੀ ਹੈ, ਪਰ ਸੰਬੰਧਤ ਸੂਬਾ ਸਰਕਾਰਾਂ ਵੱਲੋਂ ਇਸ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ ਅਤੇ ਗੋਲੀ ਦੀ ਦਹਿਸ਼ਤ ਹੇਠ ਗ੍ਰਾਮ ਸਭਾਵਾਂ ਦੇ ਜਾਅਲੀ ਮਤੇ ਪਵਾ ਕੇ ਜ਼ਮੀਨਾਂ ਉੱਤੇ ਜ਼ਬਰਦਸਤੀ ਕਬਜ਼ੇ ਕੀਤੇ ਜਾ ਰਹੇ ਹਨ। ਸੂਬਾਈ ਪੁਲਸ ਅਤੇ ਨੀਮ ਫੌਜੀ ਬਲਾਂ ਵੱਲੋਂ ਪਿੰਡ ਅਤੇ ਜੰਗਲ ਜ਼ਬਰਦਸਤੀ ਖਾਲੀ ਕਰਵਾਉਣ ਲਈ ਬੀਤੇ ਸਾਲਾਂ ਵਿੱਚ ਓਪਰੇਸ਼ਨ ਗਰੀਨ ਹੰਟ ਤਹਿਤ ਉਥੇ ਵੱਡੇ ਪੱਧਰ 'ਤੇ ਸਾੜ-ਫੂਕ, ਲੁੱਟ-ਮਾਰ ਅਤੇ ਕਤਲੋਗਾਰਤ ਕਰਕੇ 650 ਤੋਂ ਵੱਧ ਪਿੰਡਾਂ ਨੂੰ ਉਜਾੜ ਕੇ ਲੱਖਾਂ ਆਦਿਵਾਸੀਆਂ ਤੇ ਦਲਿਤਾਂ ਨੂੰ ਬੇਘਰ ਕੀਤਾ ਗਿਆ ਹੈ।

ਇਸੇ ਜਬਰ ਹੇਠ ਸੁਰੱਖਿਆ ਬਲਾਂ ਵੱਲੋਂ ਸੰਨ 2024 ਵਿੱਚ 229 ਕਥਿਤ ਮਾਓਵਾਦੀਆਂ ਨੂੰ ਪੁਲਸ ਮੁਕਾਬਲਿਆਂ ਵਿੱਚ ਮਾਰਿਆ ਗਿਆ ਹੈ। ਜਮਹੂਰੀ ਅਧਿਕਾਰ ਸੰਗਠਨਾਂ ਵੱਲੋਂ ਜ਼ੋਰਦਾਰ ਮੰਗ ਕਰਨ ਦੇ ਬਾਵਜੂਦ ਅੱਜ ਤੱਕ ਕਿਸੇ ਵੀ ਪੁਲਿਸ ਮੁਕਾਬਲੇ ਦੀ ਕੋਈ ਨਿਰਪੱਖ ਨਿਆਂਇਕ ਜਾਂਚ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਜਾਂਚ ਰਿਪੋਰਟ ਜਨਤਕ ਕੀਤੀ ਗਈ ਹੈ, ਦੋਸ਼ੀਆਂ ਨੂੰ ਸਜ਼ਾ ਦੇਣੀ ਤਾਂ ਬਹੁਤ ਦੂਰ ਦੀ ਗੱਲ ਹੈ। ਪੱਤਰਕਾਰਾਂ ਅਤੇ ਜਮਹੂਰੀ ਅਧਿਕਾਰ ਸੰਗਠਨਾਂ ਨੂੰ ਇਨ੍ਹਾਂ ਕਥਿਤ ਪੁਲਸ ਮੁਕਾਬਲਿਆਂ ਦੀ ਜਾਂਚ-ਪੜਤਾਲ ਕਰਨ ਅਤੇ ਆਦਿਵਾਸੀ ਇਲਾਕਿਆਂ ਵਿੱਚ ਜਾਣ ਉੱਤੇ ਅਣਐਲਾਨੀ ਪਾਬੰਦੀ ਲਾਈ ਗਈ ਹੈ। ਇਹ ਜਮਹੂਰੀਅਤ ਨਹੀਂ, ਬਲਕਿ ਤਾਨਾਸ਼ਾਹੀ ਹੈ।

ਸਥਿਤੀ ਦਾ ਸਭ ਤੋਂ ਵੱਧ ਅਫ਼ਸੋਸਨਾਕ ਅਤੇ ਸ਼ਰਮਨਾਕ ਪਹਿਲੂ ਇਹ ਹੈ ਕਿ ਪੁਲਸ ਅਤੇ ਨੀਮ ਫੌਜੀ ਬਲਾਂ ਵੱਲੋਂ ਕੀਤੇ ਜਾ ਰਹੇ ਘੋਰ ਅੱਤਿਆਚਾਰਾਂ ਅਤੇ ਲੋਕ ਮਾਰੂ ਸਮਝੌਤਿਆਂ ਦਾ ਵਿਰੋਧ ਕਰਨ ਦੀ ਬਜਾਏ ਪ੍ਰਿੰਟ ਅਤੇ ਬਿਜਲਈ ਮੀਡੀਏ ਦਾ ਇੱਕ ਵੱਡਾ ਹਿੱਸਾ ਹਾਕਮ ਜਮਾਤਾਂ ਅਤੇ ਕਾਰਪੋਰੇਟ ਸੈਕਟਰ ਦੇ ਹੱਕ ਵਿੱਚ ਭੁਗਤਦਾ ਹੋਇਆ ਸਿਰਫ ਇਕਪਾਸੜ ਰਿਪੋਰਟ ਪੇਸ਼ ਕਰ ਰਿਹਾ ਹੈ ਅਤੇ ਨਿਹੱਥੇ ਤੇ ਨਿਰਦੋਸ਼ ਆਦਿਵਾਸੀਆਂ ਨੂੰ ਹੀ ਮਾਓਵਾਦੀ ਬਣਾ ਕੇ ਆਮ ਜਨਤਾ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਝੂਠਾ ਦਾਅਵਾ ਕਰਨ ਵਾਲੀ ਭਾਰਤ ਹਕੂਮਤ ਵੱਲੋਂ ਜੰਮੂ ਕਸ਼ਮੀਰ, ਮਨੀਪੁਰ, ਉੱਤਰ ਪੂਰਬੀ ਰਾਜਾਂ ਸਮੇਤ ਆਦਿਵਾਸੀ ਬਹੁ-ਗਿਣਤੀ ਵਾਲੇ ਸੂਬਿਆਂ ਵਿੱਚ ਘੱਟ ਗਿਣਤੀਆਂ ਨੂੰ ਸਬਕ ਸਿਖਾਉਣ ਲਈ ਅਫਸਪਾ ਅਤੇ ਯੂ ਏ ਪੀ ਏ ਵਰਗੇ ਬਸਤੀਵਾਦੀ ਕਾਨੂੰਨਾਂ ਰਾਹੀਂ ਜਮਹੂਰੀ ਹੱਕਾਂ ਦਾ ਵੱਡੇ ਪੱਧਰ 'ਤੇ ਘਾਣ ਕੀਤਾ ਜਾ ਰਿਹਾ ਹੈ ਅਤੇ ਵਿਰੋਧ ਕਰਨ ਵਾਲਿਆਂ ਨੂੰ ਗੋਲੀਆਂ ਮਾਰ ਕੇ ਕਤਲ ਕੀਤਾ ਜਾ ਰਿਹਾ ਹੈ। ਸਭ ਤੋਂ ਵੱਧ ਅਫ਼ਸੋਸਨਾਕ ਹੈ ਕਿ ਮੁੱਖ ਧਾਰਾ ਦੇ ਮੀਡੀਏ ਵੱਲੋਂ ਇਸ ਅਣਮਨੁੱਖੀ ਜਬਰ ਨੂੰ ਦੇਸ਼ ਦੀ ਜਨਤਾ, ਦੁਨੀਆ ਦੇ ਦੇਸ਼ਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਤੋਂ ਛੁਪਾਇਆ ਜਾ ਰਿਹਾ ਹੈ।

ਪਿਛਲੇ ਕਈ ਸਾਲਾਂ ਤੋਂ ਦੇਸ਼ ਦੇ ਨਾਮਵਰ ਬੁੱਧੀਜੀਵੀਆਂ, ਸੇਵਾ ਮੁਕਤ ਜੱਜਾਂ, ਮਨੁੱਖੀ ਅਧਿਕਾਰ ਸੰਗਠਨਾਂ, ਸਮਾਜਿਕ ਕਾਰਕੁਨਾਂ ਅਤੇ ਸਮਾਜ ਸ਼ਾਸਤਰੀਆਂ ਵੱਲੋਂ ਸਰਕਾਰਾਂ ਅਤੇ ਨਕਸਲੀ ਗਰੁੱਪਾਂ ਨੂੰ ਆਪਸੀ ਜੰਗ ਬੰਦ ਕਰਕੇ ਗੱਲਬਾਤ ਕਰਨ ਦੀਆਂ ਜ਼ੋਰਦਾਰ ਅਪੀਲਾਂ ਕੀਤੀਆਂ ਜਾ ਰਹੀਆਂ ਹਨ, ਪਰ ਅਫ਼ਸੋਸ ਹੈ ਕਿ ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਕੋਈ ਹਾਂ-ਪੱਖੀ ਕਾਰਵਾਈ ਕਰਨ ਦੀ ਥਾਂ ਉਲਟਾ ਅਜਿਹੇ ਬੁੱਧੀਜੀਵੀ ਵਰਗ ਨੂੰ ਹੀ 'ਅਰਬਨ ਨਕਸਲ' ਅਤੇ ਦੇਸ਼ ਧ੍ਰੋਹੀ ਗਰਦਾਨਿਆ ਜਾ ਰਿਹਾ ਹੈ। ਇਹੀ ਵਜ੍ਹਾ ਹੈ ਕਿ ਨਕਸਲ ਪ੍ਰਭਾਵਿਤ ਸੂਬਿਆਂ ਦੇ ਇਲਾਕਿਆਂ ਵਿੱਚ ਕੇਂਦਰੀ ਸੁਰੱਖਿਆ ਬਲਾਂ ਅਤੇ ਪੁਲਿਸ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਖਿਲਾਫ਼ ਜਮਹੂਰੀ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰਾਂ,ਵਕੀਲਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਤੱਥ ਖੋਜ ਰਿਪੋਰਟਿੰਗ ਕਰਨ ਉੱਤੇ ਅਣਐਲਾਨੀ ਪਾਬੰਦੀ ਲਾਈ ਗਈ ਹੈ। ਉਨ੍ਹਾਂ ਨੂੰ ਯੂ ਏ ਪੀ ਏ ਦੇ ਝੂਠੇ ਕੇਸਾਂ ਵਿੱਚ ਫਸਾ ਕੇ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ, ਤਾਂ ਕਿ ਉਹ ਪੀੜਤ ਆਦਿਵਾਸੀਆਂ ਦੀ ਕਾਨੂੰਨੀ ਤੇ ਨੈਤਿਕ ਮਦਦ ਨਾ ਕਰ ਸਕਣ। ਭੀਮਾ ਕੋਰੇਗਾਓਂ ਕਥਿਤ ਹਿੰਸਾ ਕੇਸ ਵਿੱਚ ਪਿਛਲੇ ਛੇ ਸਾਲਾਂ ਤੋਂ ਯੂ ਏ ਪੀ ਏ ਤਹਿਤ ਨਾਮਵਰ ਪੱਤਰਕਾਰਾਂ, ਵਕੀਲਾਂ ਅਤੇ ਸਮਾਜਿਕ ਕਾਰਕੁਨਾਂ ਦੀ ਬਿਨਾਂ ਕਿਸੇ ਸਬੂਤ ਅਤੇ ਸੁਣਵਾਈ ਦੇ ਜੇਲ੍ਹਾਂ ਵਿੱਚ ਨਜ਼ਰਬੰਦੀ ਇਸ ਹਕੂਮਤੀ ਜਬਰ ਦੀ ਸਪੱਸ਼ਟ ਮਿਸਾਲ ਹੈ

ਪ੍ਰਧਾਨ ਮੰਤਰੀ ਦੇ ਮੁੱਖ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਤਾਂ ਸਿਵਲ ਸੋਸਾਇਟੀ ਦੇ ਅਜਿਹੇ ਬੁੱਧੀਜੀਵੀਆਂ ਨੂੰ ਦੇਸ਼ ਲਈ ਖ਼ਤਰਨਾਕ ਦੱਸਦਿਆਂ ਭਵਿੱਖ ਵਿੱਚ ਇਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਸੰਕੇਤ ਵੀ ਦਿੱਤੇ ਹਨ, ਜੋ ਕਿ ਭਾਰਤੀ ਸੰਵਿਧਾਨ ਦੀ ਧਾਰਾ 19 (ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦਾ ਹੱਕ) ਅਤੇ ਧਾਰਾ 21 ( ਨਿੱਜੀ ਆਜ਼ਾਦੀ ਅਤੇ ਜਿਊਣ ਦਾ ਅਧਿਕਾਰ) ਦੀ ਸਿੱਧੀ ਉਲੰਘਣਾ ਹੈ।

ਕੇਂਦਰੀ ਹਕੂਮਤ ਅਤੇ ਸੰਬੰਧਤ ਰਾਜ ਸਰਕਾਰਾਂ ਨੂੰ ਆਪਣੇ ਹੀ ਨਾਗਰਿਕ ਆਦਿਵਾਸੀਆਂ ਅਤੇ ਨਕਸਲਵਾਦੀਆਂ ਦੇ ਵਿਰੁੱਧ ਵਿੱਢੀ ਖੂਨੀ ਜੰਗ ਨੂੰ ਬੰਦ ਕਰਕੇ ਇਸ ਅਹਿਮ ਸਮੱਸਿਆ ਦੇ ਲੋਕ ਪੱਖੀ ਸਿਆਸੀ, ਆਰਥਿਕ ਅਤੇ ਸਦੀਵੀਂ ਹੱਲ ਲਈ ਪਾਕ ਸਾਫ ਨੀਅਤ ਨਾਲ ਗੱਲਬਾਤ ਦਾ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਹੈ। ਗੱਲਬਾਤ ਦੇ ਸਾਜ਼ਗਾਰ ਮਾਹੌਲ ਲਈ ਜਿੱਥੇ ਆਦਿਵਾਸੀ ਇਲਾਕਿਆਂ ਅੰਦਰ ਆਮ ਲੋਕਾਂ ਦਾ ਖੂਨ ਖ਼ਰਾਬਾ ਅਤੇ ਉਜਾੜਾ ਬੰਦ ਕਰਕੇ ਮੁਨਾਫ਼ਾਖੋਰ ਕਾਰਪੋਰੇਟ ਅਦਾਰਿਆਂ ਨਾਲ ਕੀਤੇ ਲੋਕ ਵਿਰੋਧੀ ਸਮਝੌਤੇ ਰੱਦ ਕੀਤੇ ਜਾਣ, ਉੱਥੇ ਹੀ ਜਲ, ਜੰਗਲ, ਜ਼ਮੀਨ ਅਤੇ ਕੁਦਰਤੀ ਸੋਮਿਆਂ ਉੱਤੇ ਆਦਿਵਾਸੀਆਂ ਦੇ ਕੁਦਰਤੀ ਹੱਕ ਨੂੰ ਮਾਨਤਾ ਦੇ ਕੇ ਸਾਰੇ ਇਲਾਕਿਆਂ 'ਚੋਂ ਸੁਰੱਖਿਆ ਕੈਂਪ ਖ਼ਤਮ ਕਰਕੇ ਸਾਰੇ ਪੁਲਸ ਅਤੇ ਕੇਂਦਰੀ ਸੁਰੱਖਿਆ ਬਲ ਵਾਪਸ ਬੁਲਾਏ ਜਾਣ।

ਆਦਿਵਾਸੀਆਂ ਦੇ ਅੰਨ੍ਹੇ ਕਤਲੇਆਮ ਅਤੇ ਉਜਾੜੇ ਵਿਰੁੱਧ ਅਤੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਪੈਂਤੜੇ ਤੋਂ ਮੁਲਕ ਦੀਆਂ ਸਮੂਹ ਲੋਕ-ਪੱਖੀ, ਖੱਬੇ-ਪੱਖੀ, ਅਗਾਂਹਵਧੂ ਜਮਹੂਰੀ, ਧਰਮ ਨਿਰਪੱਖ ਸਿਆਸੀ ਪਾਰਟੀਆਂ ਅਤੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਦਲਿਤਾਂ, ਔਰਤਾਂ, ਪਛੜੇ ਵਰਗਾਂ, ਵਿਦਿਆਰਥੀਆਂ, ਨੌਜਵਾਨਾਂ, ਤਰਕਸ਼ੀਲਾਂ, ਲੇਖਕਾਂ, ਮਨੁੱਖੀ ਅਧਿਕਾਰਾਂ, ਰੰਗਕਰਮੀਆਂ ਅਤੇ ਬੁੱਧੀਜੀਵੀ ਵਰਗ ਨਾਲ ਸੰਬੰਧਿਤ ਜਨਤਕ, ਸਮਾਜਿਕ, ਸਾਹਿਤਕ ਜਥੇਬੰਦੀਆਂ ਸਮੇਤ ਹਰ ਵਰਗ ਦੇ ਆਮ ਲੋਕਾਂ ਤੱਕ ਜਮਾਤੀ ਪੱਧਰ ਤੇ ਪਹੁੰਚ ਕਰਕੇ ਆਦਿਵਾਸੀਆਂ ਲਈ ਸਥਾਨਕ ਅਤੇ ਕੌਮੀ ਪੱਧਰ 'ਤੇ ਜਥੇਬੰਦਕ ਹਮਾਇਤ ਜੁਟਾਉਣ ਦੀ ਜਨਤਕ ਲਹਿਰ ਚਲਾਉਣੀ ਚਾਹੀਦੀ ਹੈ ਅਤੇ ਮੋਦੀ ਹਕੂਮਤ ਦੇ ਆਦਿਵਾਸੀ ਵਿਰੋਧੀ ਏਜੰਡੇ ਦਾ ਪਰਦਾ ਫਾਸ਼ ਕਰਨਾ ਚਾਹੀਦਾ ਹੈ।

ਇਸ ਸਬੰਧੀ ਦੇਸ਼ ਦੇ ਸਮੂਹ ਖੱਬੇ ਪੱਖੀ ਸੰਗਠਨਾਂ ਨੂੰ ਸਾਰੇ ਮਤਭੇਦ ਅਤੇ ਵਖਰੇਵੇਂ ਖ਼ਤਮ ਕਰਕੇ ਇਕ ਝੰਡੇ ਹੇਠ ਆਪਣੇ ਦੁਸ਼ਮਣ ਵਿਰੁੱਧ ਇਕਜੁੱਟ ਹੋਣ ਅਤੇ ਆਦਿਵਾਸੀਆਂ, ਦਲਿਤਾਂ, ਪਿਛੜੇ ਵਰਗਾਂ, ਕਿਸਾਨਾਂ, ਮਜ਼ਦੂਰਾਂ ਅਤੇ ਘੱਟ ਗਿਣਤੀਆਂ ਦੇ ਹੱਕ ਵਿੱਚ ਇਤਿਹਾਸਿਕ ਕਿਸਾਨ ਅੰਦੋਲਨ ਵਾਂਗ ਇਕ ਦੇਸ਼-ਵਿਆਪੀ ਵਿਸ਼ਾਲ ਅੰਦੋਲਨ ਕਰਨ ਦੀ ਲੋੜ ਹੈ।

**# ਸੰਪਰਕ : 76960-30173**

# ਆਓ, ਸੁੱਖ-ਸ਼ਾਂਤੀ ਤੇ ਮਹਿੰਗਾਈ ਖਾਤਰ ਕਬਰ ਪੁੱਟ ਦੇਖੀਏ !



ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਕਰੋੜਾਂ ਦੇਵੀ-ਦੇਵਤਿਆਂ ਅਤੇ ਭਾਰਤ ਦੇ ਸਭ ਤਰ੍ਹਾਂ ਦੇ ਹਿੰਦੂਆਂ ਅਤੇ ਹਿੰਦੂ ਰਾਜਿਆਂ ਦੇ ਹੁੰਦਿਆਂ ਭਾਰਤ ਮਾਤਾ ਕੋਈ ਡੇਢ ਸਦੀ ਦੇ ਲੱਗਭੱਗ ਗੁਲਾਮ ਰਹੀ। ਗੁਲਾਮੀ ਵੀ ਆਪਣੀ ਕਿਸਮ ਦੀ ਸੀ, ਜਿਸ ਵਿੱਚ ਭਾਰਤ ਮਾਤਾ ਆਪਣੇ ਆਪ ਨੂੰ ਜ਼ੰਜੀਰਾਂ 'ਚ ਜਕੜੀ ਹੋਈ ਮਹਿਸੂਸ ਕਰਦੀ ਸੀ। ਅਜਿਹੀਆਂ ਜ਼ੰਜੀਰਾਂ ਨੂੰ ਤੋੜਨ ਲਈ ਵੱਖ-ਵੱਖ ਸਮੇਂ ਵੱਖ-ਵੱਖ ਕੌਮਾਂ ਤੇ ਵੱਖ-ਵੱਖ ਯੋਧਿਆਂ ਨੇ ਆਪਣੀਆਂ ਕੁਰਬਾਨੀਆਂ ਬਿਨਾਂ ਕਿਸੇ ਝਿਜਕ ਦੇਣੀਆਂ ਸ਼ੁਰੂ ਰੱਖੀਆਂ, ਭਲਾ ਕਦੋਂ ਤੱਕ? ਜਦ ਤੱਕ ਸਭ ਰਲ ਕੇ ਭਾਰਤ ਮਾਤਾ ਦੀਆਂ ਜ਼ੰਜੀਰਾਂ ਤੋੜ ਨਹੀਂ ਸਕੇ। ਅਖੀਰ ਸਭ ਦੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਕਰਕੇ ਮੌਕੇ ਦੇ ਹਾਕਮ ਨੂੰ ਪੰਦਰਾਂ ਅਗਸਤ ਉੱਨੀ ਸੌ ਸੰਤਾਲੀ ਨੂੰ ਆਪਣੇ ਹੱਥ ਖੜ੍ਹੇ ਕਰਨੇ ਪਏ। ਆਪਣੀ ਚਤੁਰਾਈ ਨਾਲ ਉਹ ਭਾਰਤ ਨੂੰ ਦੋ ਖਿੱਤਿਆਂ 'ਚ ਵੰਡ ਆਪ ਲਾਂਭੇ ਹੋ ਗਿਆ। ਭਾਰਤ ਮਾਤਾ ਨੂੰ ਅਜ਼ਾਦ ਕਰਾਉਣ ਲਈ ਸਮੇਤ ਸਭ ਕਾਂਗਰਸੀਆਂ, ਮੁਸਲਮਾਨਾਂ, ਸਿੱਖਾਂ ਅਤੇ ਈਸਾਈਆਂ ਆਪੋ-ਆਪਣੇ ਵਿੱਤ ਮੁਤਾਬਕ ਹਿੱਸਾ ਪਾਇਆ। ਘੱਟ-ਗਿਣਤੀ ਸਿੱਖਾਂ ਅਤੇ ਮੁਸਲਮਾਨਾਂ ਆਪਣੇ ਵਿਤ ਤੋਂ ਵਧ-ਚੜ੍ਹ ਕੇ ਹਿੱਸਾ ਪਾਇਆ। ਫਾਂਸੀ ਤੋਂ ਲੈ ਕੇ ਉਮਰ ਕੈਦਾਂ ਖੁਸ਼ੀ-ਖੁਸ਼ੀ ਕੱਟੀਆਂ।

ਅਜਿਹੀ ਗਾਥਾ ਤੋਂ ਅਭਾਗੀ ਪਾਰਟੀ ਵੀ ਹੈ, ਜੋ ਉਦੋਂ ਤੱਕ ਜਨਮ ਨਹੀਂ ਲੈ ਸਕੀ ਸੀ, ਜੋ ਅੱਜਕੱਲ੍ਹ ਸੱਤਾ 'ਚ ਹੋਣ ਕਰਕੇ ਆਪਣੀ ਲੇਟ ਕੱਢਣ ਖਾਤਰ ਤਰ੍ਹਾਂ-ਤਰ੍ਹਾਂ ਦੇ ਪ੍ਰਯੋਗ ਕਰਨ ਦੇ ਡਰਾਮੇ ਰਚਾ ਰਹੀ ਹੈ। ਆਪਣੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਲਈ ਵਿੱਦਿਆ ਦਾ ਬਜਟ ਘੱਟ ਕਰਕੇ ਆਪਣੇ ਅੰਧ-ਭਗਤ ਗੋਦੀ ਮੀਡੀਏ ਰਾਹੀਂ ਤਿਆਰ ਕਰ ਲਏ ਹਨ, ਜੋ ਇੱਕ ਫੌਜ ਦੀ ਤਰ੍ਹਾਂ ਤਿਆਰ-ਬਰ-ਤਿਆਰ ਰਹਿੰਦੇ ਹਨ, ਜੋ ਦਿਨ ਨੂੰ ਰਾਤ ਅਤੇ ਰਾਤ ਨੂੰ ਦਿਨ ਆਖਣ ਤੱਕ ਵਚਨਬੱਧ ਹਨ। ਜੋ ਖਾਲੀ ਥਾਲੀਆਂ ਅਤੇ ਚਮਚਿਆਂ ਦੀ ਸਹਾਇਤਾ ਨਾਲ ਅਜਿਹੀ ਤਾੜੀ ਵਜਾਉਂਦੇ ਹਨ, ਜਿਸ ਨੂੰ ਦੇਖ-ਸੁਣ ਕਰੋਨਾ ਵਰਗੀ ਮਹਾਂਮਾਰੀ ਅਲੋਪ ਹੋ ਜਾਂਦੀ ਹੈ, ਜਿਸ ਦੀ ਮਸਤੀ ਸਦਕਾ ਮਹਿੰਗਾਈ ਨਾ ਦਿਸਦੀ ਹੈ ਅਤੇ ਨਾ ਹੀ ਮਹਿਸੂਸ ਹੁੰਦੀ ਹੈ। ਜੇ ਕਿਤੇ ਮਹਿੰਗਾਈ ਦੀ ਗੱਲ ਛੇੜਨ ਤਾਂ ਉਨ੍ਹਾਂ ਨੂੰ ਪਾਕਿਸਤਾਨ ਵਲ ਝਾਤੀ ਮਰਵਾ ਕੇ ਸਮਝਾਇਆ ਜਾਂਦਾ ਹੈ, 'ਉਹ ਦੇਖ ਦੁਸ਼ਮਣ ਕਿਵੇਂ ਡਰਿਆ ਹੋਇਆ ਹੈ, ਤੁਸੀਂ ਮਹਿੰਗਾਈ ਦੀ ਗੱਲ ਛੇੜ ਕੇ ਵਿਰੋਧੀਆਂ ਦੇ ਇਸ਼ਾਰੇ 'ਤੇ ਨੱਚਣਾ ਚਾਹੁੰਦੇ ਹੋ। ਮਹਿੰਗਾਈ ਤਾਂ ਇਕ ਦਿਨ ਖ਼ਤਮ ਹੋ ਜਾਣੀ ਹੈ, ਤਦ ਤੱਕ ਸਨਾਤਨ-ਸਨਾਤਨ ਅਤੇ ਹਿੰਦੂ-ਹਿੰਦੂ ਦਾ ਜਾਪ ਕਰੋ। ਡਰਨ ਦੀ ਕੋਈ ਲੋੜ ਨਹੀਂ ਜੋ ਹਿੰਦੂ-ਹਿੰਦੂ ਨਹੀਂ, ਕਰਦੇ ਉਨ੍ਹਾਂ ਦੀਆਂ ਔਲਾਦਾਂ ਸਰਹੱਦਾਂ 'ਤੇ ਅਸੀਂ ਤਾਇਨਾਤ ਕੀਤੀਆਂ ਹੋਈਆਂ ਹਨ।

ਸਮੁੱਚੇ ਭਾਰਤ ਦੀ ਤਰੱਕੀ ਲੱਗਭੱਗ ਮੁਸਲਮਾਨਾਂ ਦੀਆਂ ਹਰਕਤਾਂ ਕਰਕੇ ਰੁਕੀ ਹੋਈ ਹੈ, ਇਨ੍ਹਾਂ ਨੂੰ ਇਕ ਛਾਨਣਾ ਉੱਨੀ ਸੌ ਸੰਤਾਲੀ 'ਚ ਲੱਗਾ ਸੀ। ਇਕ ਛਾਨਣਾ ਹੋਰ ਲਾਉਣਾ ਹੈ, ਜੋ ਪਾਕਿਸਤਾਨ ਜਾਣਾ ਚਾਹੁੰਦਾ ਹੈ, ਉਹ ਜਲਦੀ ਜਾਵੇ। ਅਜਿਹਾ ਮਹੌਲ ਬਣਾਉਣ ਲਈ ਭਾਜਪਾ ਦੀਆਂ ਸਭ ਸੂਬਾ ਅਤੇ ਕੇਂਦਰ ਸਰਕਾਰ ਸਿਰ ਭਰਨੇ ਹੋਈ ਪਈ ਹੈ। ਅਸੀਂ ਤਾਂ ਦਿਨ-ਰਾਤ ਅਜਿਹੀ ਹਾਲਤ 'ਚ ਸੋਚਵਾਨ ਰਹਿੰਦੇ ਹਾਂ ਕਿ ਮੁਸਲਮਾਨ ਫਸਾਦੀਆਂ ਕੋਲੋਂ ਕਦੋਂ ਅਤੇ ਕਿਵੇਂ ਛੇਤੀ ਛੁਟਕਾਰਾ ਪਾਇਆ ਜਾਵੇ। ਜਿਵੇਂ ਜਿਉਂ ਹੀ ਸਾਨੂੰ ਪਤਾ ਲੱਗਾ ਔਰੰਗਜ਼ੇਬ ਨੇ ਆਪਣੇ ਰਾਜ-ਭਾਗ ਦੌਰਾਨ ਕਿੰਨਾ ਜ਼ੁਲਮ ਹਿੰਦੂ, ਸਿੱਖਾਂ 'ਤੇ ਢਾਹਿਆ, ਉਸ ਦੇ ਜ਼ੁਲਮਾਂ ਦਾ ਬਦਲਾ ਲੈਣ ਲਈ ਅਸੀਂ ਹਰ ਜਗ੍ਹਾ ਆਪਣੇ ਗੋਦੀ ਮੀਡੀਏ ਦੇ ਪ੍ਰਚਾਰ ਰਾਹੀਂ ਆਪਣੇ ਅੰਧ-ਭਗਤਾਂ ਨੂੰ ਆਪਣੀ ਤਰ੍ਹਾਂ ਦੀ ਨਫ਼ਰਤ ਕਰਨ ਅਤੇ ਫੈਲਾਉਣ ਲਈ ਤਿਆਰ ਕਰ ਰਹੇ ਹਾਂ। ਅਸੀਂ ਇਸ ਏਜੰਡੇ ਨੂੰ ਅੱਗੇ ਵਧਾਉਣ ਅਤੇ ਤੇਜ਼ ਕਰਨ ਲਈ ਇਕ ਅਤੇ ਅਨੋਖਾ ਪ੍ਰੋਗਰਾਮ ਤਿਆਰ ਕੀਤਾ ਹੈ। ਅਸੀਂ ਆਪਣੇ ਸਭ ਅੰਧ-ਭਗਤਾਂ ਨੂੰ ਨਾਲ ਲੈ ਕੇ ਉਸ ਜ਼ਾਲਮ ਦੀ ਇਕ ਦਿਨ ਕਬਰ ਪੁੱਟ ਕੇ, ਉਖਾੜ ਕੇ ਸੱਤ-ਸਮੁੰਦਰੋਂ ਪਾਰ ਅਜਿਹੀ ਬੁਰੀ ਤਰ੍ਹਾਂ ਸੁੱਟਾਂਗੇ ਕਿ ਇਨ੍ਹਾਂ ਦੀਆਂ ਆਉਣ ਵਾਲੀਆਂ ਨਸਲਾਂ ਵੀ ਕੀ ਯਾਦ ਰੱਖਣਗੀਆ। ਭਾਜਪਾ ਸਮੇਤ ਅੰਧ-ਭਗਤ ਲਾਣਾ ਸਭ ਜਾਣਦਾ ਹੈ ਕਿ ਅਜਿਹੇ ਐਕਸ਼ਨ ਕਰਨ ਵੇਲੇ ਇਕ ਤਾਂ ਸਰਕਾਰੀ ਕਵਚ ਉਨ੍ਹਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਿਲਿਆ ਹੀ ਰਹੇਗਾ, ਦੂਜੀ ਘੱਟ-ਗਿਣਤੀ ਰਹਿ ਰਹੀ ਮੁਸਲਿਮ ਅਬਾਦੀ ਭਾਰਤ 'ਚ ਡਰੀ-ਡਰੀ ਰਹੇਗੀ। ਘੱਟੋ-ਘੱਟ ਹਿੰਦੂਆਂ ਦੇ ਦੰਦ ਤਾਂ ਤਿੱਖੇ ਹੋਣਗੇ। ਵੱਖ-ਵੱਖ ਸੂਬਿਆਂ 'ਚ ਮਹਿੰਗਾਈ, ਬੇਰੁਜ਼ਗਾਰੀ, ਸਿਹਤ ਸੰਬੰਧੀ, ਜੋ ਧਰਨੇ, ਜਲੂਸ ਹੋ ਰਹੇ ਹਨ, ਗੋਦੀ ਮੀਡੀਆ ਉਨ੍ਹਾਂ ਵੱਲ ਧਿਆਨ ਘੱਟ ਦੇ ਕੇ ਅਸਲ ਮੁੱਦਿਆਂ ਨੂੰ ਪਿਛੇ ਸੁੱਟੇਗਾ ਅਤੇ ਔਰੰਗਜ਼ੇਬ ਦੀ ਕਬਰ ਪੁੱਟਣ ਦਾ ਜ਼ਿਆਦਾ ਤੋਂ ਜ਼ਿਆਦਾ ਰੌਲਾ ਪਾ ਕੇ ਅਜਿਹੇ ਨਕਾਰਾਤਮਕ ਮੁੱਦਿਆਂ ਨੂੰ ਉਛਾਲੇਗਾ। ਇਸ ਕਰਕੇ ਸਮੁੱਚੇ ਭਾਰਤੀਆਂ ਨੂੰ ਸਮਝਣਾ ਪਵੇਗਾ ਕਿ ਇਹ ਉਦੋਂ ਤੱਕ ਸ਼ਰੇਆਮ ਹੁੰਦਾ ਰਹੇਗਾ, ਜਦ ਤੱਕ ਆਮ ਜਨਤਾ 'ਚ ਅਜਿਹੀਆਂ ਨਕਾਰਾਤਮਕ ਕਾਰਵਾਈਆਂ ਦੇਖਣ-ਸੁਣਨ ਅਤੇ ਸਹਿਣ ਦੀ ਆਦਤ ਬਣੀ ਰਹੇਗੀ। ਅਗਰ ਤੁਸੀਂ, ਅਸੀਂ ਸਭ ਚਾਹੰਦੇ ਹਾਂ ਕਿ ਅਜਿਹਾ ਸਭ ਬੰਦ ਹੋਣਾ ਚਾਹੀਦਾ ਹੈ ਤਾਂ ਸਾਨੂੰ ਵੀ ਉਨ੍ਹਾਂ ਸ਼ਕਤੀਆਂ ਦਾ ਹਰ ਤਰ੍ਹਾਂ ਸਾਥ ਦੇਣਾ ਚਾਹੀਦਾ ਹੈ ਜਿਹੜੀਆਂ ਅਜਿਹੇ ਮਸਲਿਆਂ ਖ਼ਿਲਾਫ਼ ਆਪਣੇ ਵਿਤ ਮੁਤਾਬਕ ਆਵਾਜ਼ ਉਠਾ ਰਹੀਆਂ ਹਨ। ਅਸੀਂ ਲਿਖ ਕੇ, ਬੋਲ ਕੇ ਅਜਿਹੀ ਆਵਾਜ਼ ਨਾਲ ਰਲ ਕੇ, ਮਾਲੀ ਸਹਾਇਤਾ ਕਰਕੇ ਜਾਂ ਹੋਰ ਤਰੀਕਿਆਂ ਨਾਲ ਦੇਸ਼ ਨੂੰ ਵੰਡਣ ਵਾਲਿਆਂ ਖ਼ਿਲਾਫ਼ ਇਕੱਠੇ ਹੋ ਕੇ ਅਜਿਹੀ ਨਫ਼ਰਤ ਦੀ ਚੱਲ ਰਹੀ ਹਨੇਰੀ ਨੂੰ ਠੱਲ੍ਹ ਪਾ ਸਕਦੇ ਹਾਂ। ਅੰਧ-ਭਗਤ ਭੁਲੇਖੇ 'ਚ ਹਨ ਕਿ ਅਜਿਹੀਆਂ ਕਾਰਵਾਈਆਂ ਦੇਸ਼ ਹਿੱਤ 'ਚ ਹਨ। ਦਰਅਸਲ ਹਿੰਦੂ, ਸਿੱਖ, ਈਸਾਈ, ਮੁਸਲਮਾਨ ਏਕਾ ਹੀ ਦੇਸ਼ ਨੂੰ ਦਰਪੇਸ਼ ਮੁਸ਼ਕਲਾਂ ਤੋਂ ਛੁਟਕਾਰਾ ਦੁਆ ਸਕਦਾ ਹੈ।

**# ਸੰਪਰਕ : 98721-65741**

## ਭੋਗ 'ਤੇ ਵਿਸ਼ੇਸ਼

# ਸਿਆਣਪ, ਸਿਰੜ ਤੇ ਸਬਰ ਦੀ ਮੂਰਤ ਸਨ ਮਾਤਾ ਗੁਰਦੀਪ ਕੌਰ

**ਗਿਆਨ ਸੈਦਪੁਰੀ**

ਮਾਤਾ ਗੁਰਦੀਪ ਕੌਰ ਬੀਤੀ 10 ਮਾਰਚ ਨੂੰ ਉਥੇ ਚਲੇ ਗਏ ਹਨ, ਜਿੱਥੋਂ ਕੋਈ ਵਾਪਸ ਨਹੀਂ ਮੁੜਦਾ। ਮਰਹੂਮ ਕਾਮਰੇਡ ਗੁਰਪਾਲ ਸਿੰਘ ਦੀ ਪਤਨੀ, ਗੁਰਜੀਤ ਸਿੰਘ ਤੇ ਸੁਖਜੀਤ ਸਿੰਘ ਦੀ ਮਾਤਾ ਅਤੇ 'ਨਵਾਂ ਜ਼ਮਾਨਾ' ਦੇ ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਹੁਰਾਂ ਦੀ ਮਾਵਾਂ ਵਰਗੀ ਭਰਜਾਈ ਦੀ ਸ਼ਖਸੀਅਤ ਵਿੱਚ ਉਹ ਸਾਰੇ ਗੁਣ ਸਨ, ਜੋ ਇੱਕ ਸੁੱਘੜ ਸੁਆਣੀ ਔਰਤ ਦੇ ਮੰਨੇ ਜਾਂਦੇ ਹਨ। ਕਿਹਾ ਜਾ ਸਕਦਾ ਹੈ ਕਿ ਮਾਤਾ ਗੁਰਦੀਪ ਕੌਰ ਸਿਆਣਪ, ਸਿਰੜ ਤੇ ਸਬਰ ਦੀ ਮੂਰਤ ਸਨ। ਉਨ੍ਹਾਂ ਦੇ ਪਤੀ ਕਾਮਰੇਡ ਗੁਰਪਾਲ ਸਿੰਘ ਦਾ ਕਰਮ ਖੇਤਰ ਭਾਵੇਂ ਸੇਵੇਵਾਲਾ ਹੋਵੇ ਜਾਂ ਹਨੂੰਮਾਨਗੜ੍ਹ ਤੇ ਜਾਂ ਫਿਰ ਜਲੰਧਰ ਜ਼ਿਲ੍ਹੇ ਦੇ ਮੰਡ ਖੇਤਰ ਦਾ ਪਿੰਡ ਫਤਿਹਪੁਰ ਭੰਗਵਾਂ ਹੋਵੇ। ਮਾਤਾ ਗੁਰਦੀਪ ਕੌਰ ਨੇ ਮੋਢੇ ਨਾਲ ਮੋਢਾ ਜੋੜ ਕੇ ਗੁਰਪਾਲ ਸਿੰਘ ਨਾਲ ਕਿਰਤੀ-ਕਿਸਾਨ ਔਰਤ ਵਾਲੇ ਫਰਜ਼ ਹੀ ਨਹੀਂ ਨਿਭਾਏ, ਸਗੋਂ ਆਪਣੇ ਪਤੀ ਦਾ ਹੌਸਲਾ ਬੁਲੰਦ ਰੱਖਣ ਵਿੱਚ ਪੂਰਾ ਸਹਿਯੋਗ ਦਿੱਤਾ। 10 ਮਾਰਚ ਨੂੰ ਨੌਂ ਦਹਾਕਿਆਂ ਦਾ ਉੱਦਮੀ ਤੇ ਸ਼ਾਨਾਮੱਤਾ ਜੀਵਨ ਬਸਰ ਕਰਕੇ ਪੂਰੇ ਹੋਏ ਤਾਂ ਪੁੱਤਰਾਂ ਗੁਰਜੀਤ ਸਿੰਘ, ਸੁਖਜੀਤ ਸਿੰਘ ਤੇ ਪੋਤਰੇ ਰਮਨ ਦੇ ਉਦਾਸ ਚਿਹਰੇ ਪ੍ਰੋਫ਼ੈਸਰ ਮੋਹਨ ਸਿੰਘ ਦੀ ਕਵਿਤਾ ਦੀ ਯਾਦ ਦਿਵਾ ਰਹੇ ਸਨ।

ਕਵੀ ਲਿਖਦਾ ਹੈ;

*ਮਾਂ ਵਰਗਾ ਘਣਛਾਵਾਂ ਬੂਟਾ*
*ਮੈਨੂੰ ਨਜ਼ਰ ਨਾ ਆਏ*
*ਲੈ ਕੇ ਜਿਸ ਤੋਂ ਛਾਂ ਉਧਾਰੀ*
*ਰੱਬ ਨੇ ਸੁਰਗ ਬਣਾਏ*
*ਬਾਕੀ ਕੁਲ ਦੁਨੀਆ ਦੇ ਬੂਟੇ*
*ਜੜ੍ਹ ਸੁੱਕਿਆਂ ਮੁਰਝਾਂਦੇ*
*ਐਪਰ ਫੁੱਲਾਂ ਦੇ ਮੁਰਝਾਇਆਂ*
*ਇਹ ਬੂਟਾ ਸੁੱਕ ਜਾਏ...*

ਮਾਂ ਦੀ ਅਰਥੀ ਸ਼ਮਸ਼ਾਨ ਘਾਟ ਜਾਣ ਵੇਲੇ ਧੀਆਂ ਗੁਰਵਿੰਦਰ ਕੌਰ, ਜੁਗਿੰਦਰ ਕੌਰ, ਪਵਨਦੀਪ ਕੌਰ ਤੇ ਪੋਤਰੀ ਅਮਨ ਦੀਆਂ ਅੱਖਾਂ 'ਚੋਂ ਕਿਰਦੇ ਅੱਥਰੂ ਤੇ ਮੀਲਾਂ ਲੰਬੇ ਹਾਉਕੇ ਦੱਸਦੇ ਸਨ ਕਿ ਉਨ੍ਹਾਂ ਨੂੰ ਮਣਾਂਮੂਹੀਂ ਮਮਤਾ ਮਿਲੀ ਹੋਵੇਗੀ।

ਮਾਤਾ ਗੁਰਦੀਪ ਕੌਰ ਦੇ ਸਦਾ ਲਈ ਤੁਰ ਜਾਣ 'ਤੇ ਉਨ੍ਹਾਂ ਦੀ ਸੱਸ ਮਾਤਾ ਵੀ ਚੇਤਿਆਂ ਵਿੱਚ ਹਾਜ਼ਰ ਹੋ ਗਏ ਹਨ। ਉਹ ਵੀ ਬੜੇ ਸਿਰੜੀ ਤੇ ਜੁਝਾਰੂ ਕਿਸਮ ਦੇ ਸਨ। ਫਤਿਹਪੁਰ ਦੇ ਬਰਾੜ ਪਰਵਾਰ ਦੇ ਹਰ ਖੇਤਰ ਵਿੱਚ ਬੁਲੰਦ ਰੁਤਬੇ ਪਿੱਛੇ ਪਰਵਾਰ ਦੀਆਂ ਔਰਤਾਂ ਦੇ ਜੁਝਾਰੂਪਣ ਦਾ ਵੀ ਸਹਿਯੋਗ ਰਿਹਾ ਹੈ। ਅੱਤਵਾਦ ਦਾ ਸੇਕ ਹੱਡੀਂ ਹੰਢਾਉਣ ਵਾਲੇ ਪਰਵਾਰ ਨੇ ਸਿਰੜ ਤੇ ਸਿਦਕ ਨੂੰ ਪਿੱਠ ਨਹੀਂ ਦਿਖਾਈ।



ਕਾਮਰੇਡ ਗੁਰਪਾਲ ਸਿੰਘ ਫਤਿਹਪੁਰ ਕਿਸਾਨੀ ਲਹਿਰ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਰਹੇ। ਕਾਮਰੇਡ ਚੰਦ ਫਤਿਹਪੁਰੀ ਜਿੱਥੇ ਜਵਾਨੀ ਵੇਲੇ ਵਿਦਿਆਰਥੀ ਲਹਿਰ 'ਚ ਸਰਗਰਮ ਰਹੇ, ਉੱਥੇ ਅੱਜ-ਕੱਲ੍ਹ ਉਹ ਕਿਰਤੀ, ਕਿਸਾਨਾਂ ਤੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਨੂੰ ਪਰਮ ਅਗੇਤ ਦੇਣ ਵਾਲੇ ਅਖ਼ਬਾਰ 'ਨਵਾਂ ਜ਼ਮਾਨਾ' ਦੇ ਸੰਪਾਦਕ ਹਨ। ਮਾਤਾ ਗੁਰਦੀਪ ਕੌਰ ਦੇ ਪੁੱਤਰ ਗੁਰਜੀਤ ਸਿੰਘ ਤੇ ਸੁਖਜੀਤ ਸਿੰਘ ਖੇਤਰ ਦੇ ਅਗਾਂਹਵਧੂ ਕਿਸਾਨਾਂ ਵਿੱਚ ਸ਼ੁਮਾਰ ਕੀਤੇ ਜਾਂਦੇ ਹਨ। ਮਾਤਾ ਗੁਰਦੀਪ ਕੌਰ ਦੇ ਵਿਛੋੜੇ ਦਾ ਦੁੱਖ ਜਿੱਥੇ ਪਰਵਾਰ ਨੂੰ ਹੈ, ਉੱਥੇ ਸਮਾਜ ਨੂੰ ਵੀ ਕਮੀ ਮਹਿਸੂਸ ਹੁੰਦੀ ਰਹੇਗੀ। ਤਸੱਲੀ ਦੀ ਗੱਲ ਇਹ ਹੈ ਕਿ ਨੌਂ ਦਹਾਕੇ ਜਿਊਣ ਵਾਲੇ ਮਾਤਾ ਗੁਰਦੀਪ ਕੌਰ ਆਪਣੇ ਪਿੱਛੇ ਪਰਵਾਰ ਰੂਪੀ ਖ਼ੂਬਸੂਰਤ ਫੁਲਵਾੜੀ ਛੱਡ ਗਏ ਹਨ।

ਅੱਜ 19 ਮਾਰਚ ਨੂੰ ਪਿੰਡ ਫਤਿਹਪੁਰ ਭੰਗਵਾਂ ਵਿਖੇ ਬਰਾੜ ਪਰਵਾਰ ਦੇ ਨਿਵਾਸ 'ਤੇ ਮਾਤਾ ਗੁਰਦੀਪ ਕੌਰ ਨਮਿਤ ਅੰਤਿਮ ਅਰਦਾਸ ਤੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

**# ਸੰਪਰਕ : 98725-40447**

# ਗਊਆਂ ਦਾ ਭਰਿਆ ਕੈਂਟਰ ਫੜਿਆ, ਦੋ ਗਊ ਤਸਕਰ ਗ੍ਰਿਫ਼ਤਾਰ




**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਬਠਿੰਡਾ-ਬਰਨਾਲਾ ਨੈਸ਼ਨਲ ਹਾਈਵੇ ਮਾਰਗ 'ਤੇ ਸਥਿਤ ਪਿੰਡ ਲਹਿਰਾ ਬੇਗਾ ਵਿਖੇ ਬਣੇ ਹੋਏ ਟੋਲ ਪਲਾਜ਼ਾ 'ਤੇ ਗਊ ਸੁਰੱਖਿਆ ਸੇਵਾ ਦਲ ਪੰਜਾਬ ਦੇ ਸੇਵਾਦਾਰਾਂ ਨੇ ਗਊਆਂ ਦਾ ਭਰਿਆ ਹੋਇਆ ਇੱਕ ਕੈਂਟਰ ਫੜਨ 'ਚ ਸਫਲਤਾ ਹਾਸਲ ਕੀਤੀ ਹੈ।

ਸੇਵਾ ਦਲ ਦੇ ਪ੍ਰਧਾਨ ਸੰਦੀਪ ਕੁਮਾਰ ਵਰਮਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਪਤ ਸੂਚਨਾ ਮਿਲੀ ਸੀ ਕਿ ਕੋਟਕਪੂਰਾ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡਾਂ ਵਿੱਚੋਂ ਇੱਕ ਗਊ ਤਸਕਰ ਜਸਪਾਲ ਸਿੰਘ ਪੁੱਤਰ ਨਾਜ਼ਰ ਸਿੰਘ ਤੇ ਗੁਰਮੇਲ ਸਿੰਘ ਉਰਫ਼ ਬੱਬੂ ਵਾਸੀਆਨ ਪਿੰਡ ਢੈਪਈ, ਕੋਟਕਪੂਰਾ ਜੋ ਕਿ ਕਾਫੀ ਲੰਮੇ ਸਮੇਂ ਤੋਂ ਗਊਆਂ ਦੀ ਤਸਕਰੀ ਕਰਦੇ ਹਨ ਅਤੇ ਉਨ੍ਹਾਂ 'ਤੇ ਪਹਿਲਾਂ ਵੀ ਪੰਜਾਬ, ਹਰਿਆਣਾ ਦੇ ਵੱਖ-ਵੱਖ ਥਾਣਿਆਂ ਵਿੱਚ 20 ਦੇ ਕਰੀਬ ਵੱਖ ਵੱਖ ਧਾਰਾਵਾਂ ਤਹਿਤ ਚੋਰੀ, ਗਊ-ਹੱਤਿਆ ਤੇ ਤਸਕਰੀ ਦੇ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਅੱਜ ਵੀ ਕੋਟਕਪੂਰਾ ਦੇ ਆਸ-ਪਾਸ ਦੇ ਪਿੰਡਾਂ ਵਿੱਚੋਂ ਗਊਆਂ ਨੂੰ ਕਿਸੇ ਸੁਨਸਾਨ ਜਗ੍ਹਾ 'ਤੇ ਇਕੱਠਾ ਕੀਤਾ ਹੋਇਆ ਸੀ, ਜਿਨ੍ਹਾਂ ਨੂੰ ਪੰਜਾਬ ਤੋਂ ਬਾਹਰਲੀਆਂ ਸਟੇਟਾਂ ਵਿੱਚ ਬੁੱਚੜਖਾਨੇ ਭੇਜਣਾ ਸੀ। ਗਊਆਂ ਨੂੰ ਕੈਂਟਰ ਵਿੱਚ ਬੇਰਹਿਮੀ ਨਾਲ ਬੰਨ੍ਹ ਨੂੜ ਕੇ ਤਰਪਾਲ ਨਾਲ ਢੱਕ ਕੇ, ਜਿਸ ਨੂੰ ਡਰਾਈਵਰ ਗਗਨਦੀਪ ਸਿੰਘ ਤੇ ਉਸ ਦਾ ਸਾਥੀ ਗੁਰਪ੍ਰੀਤ ਸਿੰਘ ਬਠਿੰਡਾ, ਰਾਮਪੁਰਾ, ਬਰਨਾਲਾ ਹੁੰਦਾ ਹੋਇਆ ਮੱਬਾਤ ਬੁੱਚੜਖਾਨੇ ਜਾਣਾ ਸੀ ਤਾਂ ਸੇਵਾ ਦਲ ਨੇ ਪੰਜਾਬ ਵਿੱਚ ਵੱਖ-ਵੱਖ ਸੜਕਾਂ 'ਤੇ ਆਪਣੀਆਂ ਟੀਮਾਂ ਤੈਨਾਤ ਕੀਤੀਆਂ ਹੋਈਆਂ ਸਨ। ਜਦ ਉਕਤ ਕੈਂਟਰ ਬਠਿੰਡਾ ਸਾਈਡ ਤੋਂ ਬਰਨਾਲੇ ਵੱਲ ਨੂੰ ਜਾਂਦਾ ਦਿਖਾਈ ਦਿੱਤਾ ਤਾਂ ਇਸ ਦੀ ਇਤਲਾਹ ਪੁਲਸ ਕੰਟਰੋਲ ਰੂਮ ਬਠਿੰਡਾ ਨੂੰ ਦਿੱਤੀ ਗਈ। ਥਾਣਾ ਨਥਾਣਾ ਤੇ ਚੌਕੀ ਭੁੱਚੋ ਮੰਡੀ ਦੇ ਸਹਿਯੋਗ ਨਾਲ ਲਹਿਰਾ ਬੇਗਾ ਟੋਲ ਪਲਾਜ਼ਾ 'ਤੇ ਦੋ ਤਸਕਰਾਂ ਨੂੰ ਕੈਂਟਰ ਸਮੇਤ ਕਾਬੂ ਕੀਤਾ ਗਿਆ। ਪੁਲਸ ਦੀ ਮੌਜੂਦਗੀ ਵਿੱਚ ਕੈਂਟਰ ਨੂੰ ਚੈੱਕ ਕਰਨ 'ਤੇ 13 ਗਊ ਵੰਸ਼ਾਂ ਨੂੰ ਬੇਰਹਿਮੀ ਨਾਲ ਬੰਨ੍ਹਿਆ ਨੂੜਿਆ ਹੋਇਆ ਸੀ। ਪੁਲਸ ਵੱਲੋਂ ਕੈਂਟਰ ਨੂੰ ਕਬਜ਼ੇ ਵਿੱਚ ਲੈ ਕੇ ਦੋਸ਼ੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਗਊਆਂ ਨੂੰ ਗਊਸ਼ਾਲਾ ਕਮੇਟੀ ਭੂਲ ਰੋਡ, ਰਾਮਪੁਰਾ ਫੂਲ ਵਿਖੇ ਸੇਵਾ ਸੰਭਾਲ ਲਈ ਛੱਡਿਆ ਗਿਆ। ਇਸ ਸਬੰਧੀ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਮੌਕੇ ਪਰਮਿੰਦਰ ਬਾਂਸਲ (ਕੌਮੀ ਪ੍ਰਧਾਨ ਸਯੁੰਕਤ ਗਊ ਰਕਸ਼ਾ ਵਾਹਨੀ), ਪ੍ਰਮੋਦ ਕੁਮਾਰ ਕਾਕਾ (ਵਾਈਸ ਪ੍ਰਧਾਨ ਸਯੁੰਕਤ ਗਊ ਰਕਸ਼ਾ ਦਲ ਪੰਜਾਬ), ਸੁਖਵੰਤ ਸਿੰਘ ਹੈਪੀ (ਪ੍ਰਧਾਨ ਜ਼ਿਲ੍ਹਾ ਫ਼ਰੀਦਕੋਟ), ਗਗਨਦੀਪ ਸਿੰਘ ਬਠਿੰਡਾ, ਵਿਨੋਦ ਕੁਮਾਰ, ਕਾਕੂ ਛੇਤਿਆ ਅਬੋਹਰ, ਸੀਤਲ ਬਰਾੜ ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਛਿੰਦੇ ਗਰੁੱਪ ਆਦਿ ਦੇ ਵਰਕਰ ਹਾਜ਼ਰ ਸਨ।

### ਮਾਮਲਾ ਗੁਰਦਾਸਪੁਰ 'ਚ ਬਿਨਾਂ ਪੈਸੇ ਦਿੱਤੇ ਜ਼ਮੀਨ ਐਕਵਾਇਰ ਕਰਨ ਦਾ

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਕਿਸਾਨ ਵਫ਼ਦ ਨੇ ਜ਼ਿਲ੍ਹਾ ਮੋਗਾ ਵਿੱਚ ਕਿਸਾਨਾਂ ਮਜ਼ਦੂਰਾਂ ਦੇ ਪੈਂਡਿੰਗ ਪਏ ਮਸਲਿਆਂ ਤੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਬਿਨਾਂ ਪੈਸੇ ਦਿੱਤੇ ਜ਼ਮੀਨ ਐਕਵਾਇਰ ਕਰਨ ਸਬੰਧੀ ਡੀ ਸੀ ਮੋਗਾ ਨੂੰ ਮਿਲ ਕੇ ਮੰਗ ਪੱਤਰ ਦਿੱਤਾ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਾਹ ਵਾਲਾ, ਜ਼ਿਲ੍ਹਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਧਰਮ ਸਿੰਘ ਵਾਲਾ, ਸੋਹਣ ਸਿੰਘ ਰਾਮੂਵਾਲਾ ਨੇ ਕਿਹਾ ਕਿ 11 ਮਾਰਚ ਨੂੰ ਤਹਿਸੀਲ ਬਟਾਲਾ ਦੇ ਪਿੰਡ ਭਰਥ ਤੇ ਨੰਗਲ ਦੇ ਕਿਸਾਨਾਂ ਨੂੰ ਬਿਨਾਂ ਮੁਆਵਜ਼ਾ ਦਿੱਤੇ ਕਣਕ ਦੀ ਫ਼ਸਲ ਵਾਹੁਣ ਤੇ ਸ਼ਾਂਤਮਈ ਵਿਰੋਧ ਕਰ ਰਹੇ ਕਿਸਾਨਾਂ ਉੱਤੇ ਲਾਠੀਚਾਰਜ ਕਰਕੇ 7 ਕਿਸਾਨਾਂ ਨੂੰ ਜ਼ਖ਼ਮੀ ਕਰਨ ਵਾਲੇ ਦੋਸ਼ੀ ਪੁਲਸ ਅਧਿਕਾਰੀਆਂ ਉੱਤੇ ਸਖ਼ਤ ਕਾਰਵਾਈ ਕੀਤੀ ਜਾਵੇ, ਨਸ਼ਟ ਕੀਤੀ ਫ਼ਸਲ ਤੇ ਜ਼ਖ਼ਮੀ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਤੇ ਕਿਸਾਨਾਂ 'ਤੇ ਕੀਤੇ ਪਰਚੇ ਰੱਦ ਕੀਤੇ ਜਾਣ, ਚੱਲ ਰਹੇ ਦੇਸ਼ ਵਿਆਪੀ ਅੰਦੋਲਨ ਦੌਰਾਨ ਸ਼ੰਭੂ ਮੋਰਚੇ ਵਿੱਚ ਸ਼ਹੀਦ ਹੋਏ ਕਿਸਾਨਾਂ, ਮਜ਼ਦੂਰਾਂ ਨੂੰ ਸਰਕਾਰ ਮੰਨੀ ਹੋਈ ਮੰਗ ਮੁਤਾਬਕ 5 ਲੱਖ ਦਾ ਮੁਆਵਜ਼ਾ ਤੇ ਪਰਵਾਰ ਦੇ 1 ਜੀਅ ਨੂੰ ਸਰਕਾਰੀ ਨੌਕਰੀ ਤੇ ਉਨ੍ਹਾਂ ਦਾ ਸਮੁੱਚਾ ਕਰਜ਼ਾ ਪੰਜਾਬ ਸਰਕਾਰ ਦੇਵੇ। ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤ ਮਾਲਾ ਪ੍ਰੋਜੈਕਟ ਅਧੀਨ ਗੈਰ-ਕਾਨੂੰਨੀ ਢੰਗ ਨਾਲ ਐਕਵਾਇਰ ਕੀਤੀ ਜ਼ਮੀਨ ਦਾ ਨੋਟੀਫਿਕੇਸ਼ਨ ਰੱਦ ਕਰਕੇ ਭੂਮੀ ਗ੍ਰਹਿਣ ਐਕਟ 2013 ਅਨੁਸਾਰ 70% ਪਿੰਡਾਂ ਦੇ ਲੋਕਾਂ ਦੀ ਸਹਿਮਤੀ ਲੈਣ ਮਜ਼ਦੂਰਾਂ, ਦੁਕਾਨਦਾਰਾਂ, ਵਾਤਾਵਰਨ ਤੇ ਹੋਰ ਪੈਣ ਵਾਲੇ ਪ੍ਰਭਾਵਾਂ ਦਾ ਹੱਲ ਕੱਢਕੇ ਬਜ਼ਾਰੀ ਰੇਟ ਨਾਲੋਂ 4 ਗੁਣਾਂ ਤੇ ਇਸ 'ਤੇ 30% ਉਜਾੜਾ ਭੱਤਾ ਦੇ ਕੇ ਜ਼ਮੀਨ ਲਈ ਜਾਵੇ ਤੇ ਇਨ੍ਹਾਂ ਮੱਦਾਂ ਨੂੰ ਪੂਰੇ ਪੰਜਾਬ ਵਿੱਚ ਲਾਗੂ ਕੀਤਾ ਜਾਵੇ ਆਦਿ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਗਾਂ ਸਮੇਤ ਜ਼ਿਲ੍ਹਾ ਮੋਗਾ ਵਿੱਚ ਪੈਂਡਿੰਗ ਪਈਆਂ ਦਰਖਾਸਤਾਂ ਹੱਲ ਕੀਤੀਆਂ ਜਾਣ।ਇਸ ਮੌਕੇ ਜ਼ਿਲ੍ਹਾ ਆਗੂ ਕੁਲਵੰਤ ਸਿੰਘ ਫੌਜੀ, ਸੁਖਚੈਨ ਸਿੰਘ ਸੋਨੀ ਨੰਗਲ, ਪਰਵਿੰਦਰ ਸਿੰਘ ਜੋਸ਼ਨ ਹੀਰਾ ਸਿੰਘ, ਅਜੈਬ ਸਿੰਘ ਆਦਿ ਆਗੂ ਹਾਜ਼ਰ ਸਨ।

## ਰਾਸ਼ਨ ਕਾਰਡ ਧਾਰਕ ਯੋਜਨਾ ਦਾ ਲਾਭ ਲੈਣ ਲਈ ਈ ਕੇ ਵਾਈ ਸੀ ਕਰਵਾਉਣ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਖੁਰਾਕ ਸਪਲਾਈ ਵਿਭਾਗ ਵੱਲੋਂ ਰਾਸ਼ਨ ਕਾਰਡ ਧਾਰਕਾਂ ਨੂੰ ਇਸ ਯੋਜਨਾ ਦਾ ਲਾਭ ਭਵਿੱਖ ਵਿੱਚ ਈ ਕੇ ਵਾਈ ਸੀ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ।

ਇਸ ਸਬੰਧੀ ਵਿਭਾਗ ਦੇ ਅਧਿਕਾਰੀ ਏ ਐੱਫ ਐੱਸ ਓ ਬਲਕਾਰ ਸਿੰਘ ਤੇ ਇੰਸਪੈਕਟਰ ਅਮਰਿੰਦਰ ਸਿੰਘ ਨੇ ਦੱਸਿਆ ਕਿ ਬਲਾਕ ਮਾਛੀਵਾੜਾ ਸਾਹਿਬ ਅਧੀਨ ਆਉਂਦੇ ਰਾਸ਼ਨ ਕਾਰਡ ਧਾਰਕਾਂ ਨੂੰ ਆਪਣੇ ਹਰੇਕ ਮੈਂਬਰ ਦੀ 31 ਮਾਰਚ 2025 ਤੋਂ ਪਹਿਲਾਂ ਈ ਕੇ ਵਾਈ ਸੀ ਕਰਵਾਉਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮਾਣਯੋਗ ਸੁਪਰੀਮ ਕੋਰਟ ਤੇ ਪੰਜਾਬ ਸਰਕਾਰ ਦੇ ਆਦੇਸ਼ ਹਨ ਕਿ ਜੋ ਵੀ ਮੈਂਬਰ ਯੋਜਨਾ ਅਧੀਨ ਰਾਸ਼ਨ ਲੈਂਦਾ ਹੈ ਤੇ ਇਸ ਕਾਰਡ ਤੋਂ ਹੋਰ ਵੀ ਯੋਜਨਾਵਾਂ ਦਾ ਲਾਭ ਲੈਂਦਾ ਹੈ, ਉਸ ਨੂੰ ਨਿਰਧਾਰਤ ਮਿਤੀ ਤੋਂ ਪਹਿਲਾਂ ਈ ਕੇ ਵਾਈ ਸੀ ਕਰਵਾਉਣੀ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਕਾਰਡ ਧਾਰਕ ਕਿਸੇ ਵੀ ਮੈਂਬਰ ਨੇ 31 ਮਾਰਚ ਤੱਕ ਈ ਕੇ ਵਾਈ ਸੀ ਨਾ ਕਰਵਾਈ ਤਾਂ ਉਸ ਨੂੰ ਸਰਕਾਰ ਵੱਲੋਂ ਮਿਲਣ ਵਾਲੇ ਸਾਰੇ ਲਾਭ ਰੋਕ ਦਿੱਤੇ ਜਾਣਗੇ। ਖੁਰਾਕ ਸਪਲਾਈ ਅਧਿਕਾਰੀਆਂ ਨੇ ਕਿਹਾ ਕਿ ਆਪਣੇ ਨੇੜਲੇ ਕਿਸੇ ਵੀ ਡੀਪੂ ਹੋਲਡਰ ਕੋਲ ਜਾ ਕੇ ਈ ਕੇ ਵਾਈ ਸੀ ਕਰਵਾ ਸਕਦੇ ਹਨ।

# ਪੰਚਾਇਤਾਂ ਦੇ ਨੁਮਾਇੰਦੇ ਵਿਕਾਸ ਕਾਰਜ ਦੇ ਕੰਮਾਂ 'ਤੇ ਰੱਖਣ ਬਾਜ਼ ਅੱਖ : ਸੰਧਵਾਂ

### ਹਰੀਏਵਾਲਾ ਦੀ ਪੰਚਾਇਤ ਨੂੰ ਸੌਂਪਿਆ ਪੰਜ ਲੱਖ ਦਾ ਚੈੱਕ



**ਕੋਟਕਪੂਰਾ (ਰਛਪਾਲ ਭੁੱਲਰ)**-ਜੇਕਰ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਵਿਕਾਸ ਕਾਰਜਾਂ ਮੌਕੇ ਠੇਕੇਦਾਰਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਉੱਪਰ ਤਿੱਖੀ ਨਜ਼ਰ (ਬਾਜ਼ ਅੱਖ) ਰੱਖਣ ਤਾਂ ਉਹ ਵਿਕਾਸ ਕਾਰਜ ਬਿਨਾਂ ਸ਼ੱਕ ਵਧੀਆ ਤੇ ਮਜ਼ਬੂਤ ਹੋਣਗੇ।ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਹਲਕਾ ਕੋਟਕਪੂਰਾ ਦੇ ਪਿੰਡ ਹਰੀਏਵਾਲਾ ਦੀ ਪੰਚਾਇਤ ਨੂੰ ਵਿਕਾਸ ਕਾਰਜਾਂ ਲਈ ਪੰਜ ਲੱਖ ਰੁਪਏ ਦਾ ਚੈੱਕ ਸੌਂਪਣ ਮੌਕੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਜਿਸ ਤਰ੍ਹਾਂ ਸ਼ਹਿਰਾਂ ਵਿੱਚ ਗਲੀਆਂ, ਨਾਲੀਆਂ ਬਣਾਉਣ ਤੋਂ ਪਹਿਲਾਂ ਉਸ ਇਲਾਕੇ ਦੇ ਵਸਨੀਕਾਂ ਨੂੰ ਸੀਵਰੇਜ, ਪਾਣੀ, ਬਿਜਲੀ, ਟੈਲੀਫੋਨ ਆਦਿਕ ਕਿਸੇ ਵੀ ਤਰ੍ਹਾਂ ਦੀਆਂ ਜ਼ਮੀਨਦੋਜ਼ ਪਾਈਪਾਂ ਪਾਉਣ ਲਈ ਕੁਝ ਦਿਨਾਂ ਦੀ ਮੋਹਲਤ ਦਿੱਤੀ ਜਾਂਦੀ ਹੈ, ਉਸੇ ਤਰ੍ਹਾਂ ਪਿੰਡਾਂ ਵਿੱਚ ਵੀ ਇਸ ਤਰ੍ਹਾਂ ਦੇ ਕੁਝ ਦਿਨ ਦੇ ਕੇ ਜ਼ਰੂਰੀ ਹਦਾਇਤ ਕੀਤੀ ਜਾਵੇ ਕਿ ਗਲੀਆਂ-ਨਾਲੀਆਂ ਬਣਨ ਤੋਂ ਬਾਅਦ ਕਿਸੇ ਨੂੰ ਜ਼ਮੀਨਦੋਜ਼ ਪਾਈਪਾਂ ਪਾਉਣ ਲਈ ਪੁਟਾਈ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਇਸ ਨਾਲ ਸੜਕ ਦੀ ਮਿਆਦ ਵਿੱਚ ਵਾਧਾ ਹੋਣਾ ਸੁਭਾਵਿਕ ਹੈ।ਪਿੰਡ ਦੇ ਸਰਪੰਚ ਚਮਕੌਰ ਸਿੰਘ ਹਰੀਏਵਾਲਾ ਨੇ ਪੰਜ ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਪ੍ਰਾਪਤ ਕਰਦਿਆਂ ਪਿੰਡ ਵਾਸੀਆਂ ਤੇ ਉੱਘੀਆਂ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਵਿਸ਼ਵਾਸ ਦਿਵਾਇਆ ਕਿ ਉਹ ਇਕ ਇਕ ਪੈਸੇ ਦੀ ਸਦਵਰਤੋਂ ਕਰਕੇ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦੂਰ ਕਰਨ ਲਈ ਯਤਨਸ਼ੀਲ ਰਹਿਣਗੇ।ਇਸ ਮੌਕੇ ਉਪਰੋਕਤ ਤੋਂ ਇਲਾਵਾ ਸੁਖਵੰਤ ਸਿੰਘ ਪੱਕਾ, ਗੁਰਮੀਤ ਸਿੰਘ ਧੂੜਕੋਟ, ਗੁਰਜੀਤ ਸਿੰਘ ਹਰੀਏਵਾਲਾ, ਹੈਪੀ ਸਿੰਘ ਚਮੇਲੀ, ਜਸਪ੍ਰੀਤ ਸਿੰਘ, ਅਭੈ ਸਿੰਘ ਚੰਦਬਾਜਾ, ਬੱਬੂ ਸਿੰਘ ਸੇਖੋਂ, ਗੁਰਜਿੰਦਰ ਸਿੰਘ, ਲਖਵੀਰ ਸਿੰਘ, ਜਗਤਾਰ ਸਿੰਘ ਤੇ ਸ਼ੁਬੇਗ ਸਿੰਘ ਲੱਖਾ ਆਦਿ ਹਾਜ਼ਰ ਸਨ।

## ਕਾਤਰਾਂ

### ਮੁਫਤ ਸਪਾਈਰੋਮੀਟਰੀ ਟੈਸਟ ਕੈਂਪ 22 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੁਪਰ ਸਪੈਸ਼ਲਟੀ ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ (ਪੰਜਾਬ ਦਾ ਨੰਬਰ 1 ਹਸਪਤਾਲ, ਨੈਸ਼ਨਲ ਹੈਲਥ ਅਥਾਰਟੀ ਤੇ ਸਟੇਟ ਹੈੱਲਥ ਏਜੰਸੀ, ਪੰਜਾਬ ਵੱਲੋਂ ਸਨਮਾਨਤ) ਵੱਲੋਂ ਮੁਫਤ ਸਪਾਈਰੋਮੀਟਰੀ ਟੈਸਟ ਕੈਂਪ 22 ਮਾਰਚ 2025 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਸ਼ਹਿਰ ਵਿਖੇ ਲਗਾਇਆ ਜਾਏਗਾ ਤੇ ਸ਼ਾਮ 4 ਵਜੇ ਤੋਂ 6 ਵਜੇ ਤੱਕ ਅਨਿਲ ਬਾਗੀ ਹਸਪਤਾਲ ਸੁਪਰ ਸਪੈਸ਼ਲਟੀ ਕਲੀਨਿਕ, ਅੱਡਾ ਲਾਲ ਕੁਰਤੀ, ਕਬਾੜੀ ਮੰਦਰ ਸਾਹਮਣੇ ਫਿਰੋਜ਼ਪੁਰ ਛਾਉਣੀ ਵਿਖੇ ਲਾਇਆ ਜਾਏਗਾ। ਹਸਪਤਾਲ ਦੇ ਸੀਈਓ ਡਾ. ਸੌਰਭ ਬਾਗੀ ਨੇ ਦੱਸਿਆ ਕਿ ਆਸ-ਪਾਸ ਦੇ ਇਲਾਕਿਆਂ ਵਿੱਚ ਉੱਚ ਪੱਧਰੀ ਸੇਵਾਵਾਂ ਦੀ ਬਹੁਤ ਲੋੜ ਹੈ ਤੇ ਹਸਪਤਾਲ ਇਸ ਤਰ੍ਹਾਂ ਦੇ ਉਪਰਾਲਿਆਂ ਰਾਹੀਂ ਗਰੀਬ ਤੇ ਮੱਧਿਅਮ ਵਰਗ ਦੇ ਲੋਕਾਂ ਦੀ ਸੇਵਾ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ।

### ਨਸ਼ੀਲੀਆਂ ਗੋਲੀਆਂ ਸਮੇਤ 2 ਕਾਬੂ

**ਬਰੇਟਾ (ਰੀਤਵਾਲ)**-ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਬਰੇਟਾ ਪੁਲਸ ਵੱਲੋਂ 2 ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਸਹਾਇਕ ਥਾਣੇਦਾਰ ਮੇਵਾ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਪੁਲਸ ਵੱਲੋਂ 2 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ ਦੀ ਪਹਿਚਾਣ ਹਰਦੀਪ ਸਿੰਘ ਹੈਰੀ ਪੁੱਤਰ ਹਰੀ ਰਾਮ ਤੇ ਜਗਸੀਰ ਸ਼ਰਮਾ ਪੁੱਤਰ ਜਸਪਾਲ ਸ਼ਰਮਾ ਪਿੰਡ ਖੱਤਰੀਵਾਲਾ ਵਜੋਂ ਹੋਈ ਹੈ, ਜਿਨ੍ਹਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 70 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ।ਪੁਲਸ ਦੇ ਸਹਾਇਕ ਥਾਣੇਦਾਰ ਵਿਕਰਮ ਸਿੰਘ ਵੱਲੋਂ ਉਨ੍ਹਾਂ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

### ਸਰਕਾਰੀ ਨੌਕਰੀ ਦਾ ਝਾਂਸਾ ਦੇ ਕੇ 7 ਲੱਖ ਠੱਗੇ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿੱਚ ਇੱਕ ਲੜਕੀ ਨੂੰ ਏਮਜ਼ ਜਾਂ ਪੀ ਆਈ ਐੱਮ ਐੱਸ ਵਿੱਚ ਸਰਕਾਰੀ ਨੌਕਰੀ ਲਗਵਾਉਣ ਦਾ ਝਾਂਸਾ ਦੇ ਇਕ ਔਰਤ ਵੱਲੋਂ 7 ਲੱਖ ਰੁਪਏ ਠੱਗੀ ਮਾਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਉਕਤ ਔਰਤ ਖਿਲਾਫ 420, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਦਰਖਾਸਤ/ਯੂਆਈਡੀ ਨੰਬਰ 475116 ਰਾਹੀਂ ਰਿਪਲ ਪੁੱਤਰੀ ਸਵ. ਸੁਭਾਸ਼ ਚੰਦਰ ਹਾਂਡਾ ਵਾਸੀ ਅਮਰ ਨਗਰ ਨੇੜੇ ਕੈਂਡਲ ਵੁੱਡ ਪੈਲੇਸ ਮੱਲਵਾਲ ਰੋਡ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦੀ ਲੜਕੀ ਅਦਿੱਤੀ ਨੂੰ ਏਮਜ਼ ਜਾਂ ਪੀ ਆਈ ਐੱਮ ਐੱਸ ਵਿੱਚ ਸਰਕਾਰੀ ਨੌਕਰੀ ਲਗਵਾਉਣ ਦਾ ਝਾਂਸਾ ਦੇ ਕੇ ਕਥਿਤ ਦੋਸ਼ਣ ਅੰਕਿਤਾ ਸ਼ਰਮਾ ਪਤਨੀ ਬਲਵਿੰਦਰ ਕੁਮਾਰ ਵਾਸੀ ਮਕਾਨ ਨੰਬਰ 19 ਐੱਮ ਸੀ ਕਾਲੋਨੀ ਮਾਜੋਵਾਲ ਨੇੜੇ ਫਾਰਮੇਸੀ ਸ਼ਿਵਾਲਿਕ ਕਾਲਜ ਰੂਪਨਗਰ ਨੇ 7 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਰਮਨ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ਣ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

### ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸਰਹਿੰਦ ਪੁਲਿਸ ਵੱਲੋਂ ਨਸ਼ੇ ਦੀਆਂ 430 ਗੋਲੀਆਂ ਸਮੇਤ ਇੱਕ ਨੌਜਵਾਨ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਥਾਣਾ ਸਰਹਿੰਦ ਦੀ ਇੱਕ ਪੁਲਸ ਪਾਰਟੀ ਦੁਪਹਿਰ ਸਮੇਂ ਗਸ਼ਤ ਕਰਦੀ ਹੋਈ ਪਿੰਡ ਤਰਖਾਣਮਾਜਰਾ ਤੋਂ ਸਰਵਿਸ ਰੋਡ ਰਾਹੀਂ ਫਲੋਟਿੰਗ ਰੈਸਟੋਰੈਂਟ ਵੱਲੋਂ ਨੂੰ ਜਾ ਰਹੀ ਸੀ ਤਾਂ ਪਿੰਡ ਖਾਨਪੁਰ ਵਾਲੇ ਪੁਲ ਦੇ ਥੱਲੇ ਪੈਦਲ ਆ ਰਿਹਾ ਇੱਕ ਮੋਨਾ ਨੌਜਵਾਨ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ, ਜਿਸ ਨੇ ਆਪਣੀ ਜੇਬ ਵਿੱਚੋਂ ਇੱਕ ਮੋਮੀ ਲਿਫਾਫਾ ਕੱਢ ਕੇ ਸੁੱਟ ਦਿੱਤਾ ਤੇ ਆਪ ਪਿੱਛੇ ਨੂੰ ਮੁੜ ਗਿਆ।ਪੁਲਸ ਕ੍ਰਮਚਾਰੀਆਂ ਵੱਲੋਂ ਉਸ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਨਾਂਅ, ਪਤਾ ਪੁੱਛਿਆ ਗਿਆ ਤਾਂ ਉਸਨੇ ਆਪਣੀ ਪਛਾਣ ਹਰਪ੍ਰੀਤ ਸਿੰਘ ਵਾਸੀ ਪਿੰਡ ਮਾਜਰੀ ਸੋਢੀਆਂ ਵਜੋਂ ਦੱਸੀ।ਜਦੋਂ ਨੌਜਵਾਨ ਵੱਲੋਂ ਸੁੱਟੇ ਗਏ ਲਿਫ਼ਾਫ਼ੇ ਨੂੰ ਖੋਲ੍ਹ ਕੇ ਚੈੱਕ ਕੀਤਾ ਗਿਆ ਤਾਂ ਉਸ ਵਿੱਚੋਂ 430 ਨਸ਼ੇ ਦੀਆਂ ਗੋਲੀਆਂ ਤੇ ਉਸ ਕੋਲੋਂ 1,000/- ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ।ਇਸ ਸਬੰਧੀ ਥਾਣਾ ਸਰਹਿੰਦ ਵਿਖੇ ਅ/ਧ 22/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ ਵਿੱਚ ਹਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਬ-ਇੰਸਪੈਕਟਰ ਅਵਤਾਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

### ਕਾਗਜ਼-ਪੱਤਰ ਚੋਰੀ ਕਰਨ ਦੇ ਦੋਸ਼ 'ਚ ਦੋ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਘੱਲ ਖੁਰਦ ਅਧੀਨ ਆਉਂਦੇ ਮਚਾਕੀ ਮੱਲ ਸਿੰਘ ਵਿਖੇ ਇਕ ਔਰਤ ਦੇ ਮੁਤਲਕਾ ਕਾਗਜ਼ ਪੱਤਰ ਚੋਰੀ ਕਰਨ ਦੇ ਦੋਸ਼ ਵਿੱਚ ਥਾਣਾ ਘੱਲ ਖੁਰਦ ਪੁਲਸ ਨੇ ਇੱਕ ਔਰਤ ਸਮੇਤ ਇੱਕ ਵਿਅਕਤੀ ਖਿਲਾਫ 303 (2) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਹਰਪਾਲ ਕੌਰ ਪਤਨੀ ਸਵ. ਪਿਆਰਾ ਸਿੰਘ ਵਾਸੀ ਮਚਾਕੀ ਮੱਲ ਸਿੰਘ ਨੇ ਦੱਸਿਆ ਕਿ ਇਕਬਾਲ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਮੁੱਦਕੀ ਤੇ ਚਰਨਜੀਤ ਕੌਰ ਪਤਨੀ ਜੰਗੀਰ ਸਿੰਘ ਵਾਸੀ ਮੁੱਦਕੀ ਨੇ ਮੁੱਤਲਕਾ ਕਾਗਜ਼ ਪੱਤਰ ਚੋਰੀ ਕੀਤੇ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਚੋਰੀ ਦੇ 7 ਮੋਟਰਸਾਈਕਲਾਂ ਸਮੇਤ ਗਰੋਹ ਦੇ ਤਿੰਨ ਮੈਂਬਰ ਕਾਬੂ



**ਬੋਹਾ (ਨਿਰੰਜਣ ਬੋਹਾ)**-ਸਬ ਡਵੀਜ਼ਨ ਬੁਢਲਾਡਾ ਦੇ ਉਪ ਪੁਲਸ ਕਪਤਾਨ ਗਮਦੂਰ ਸਿੰਘ ਚਾਹਲ ਵੱਲੋਂ ਥਾਣਾ ਬੋਹਾ ਵਿੱਚ ਕੀਤੀ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੱਤੀ ਗਈ ਕਿ ਥਾਣਾ ਮੁਖੀ ਇੰਸਪੈਟਰ ਜਗਦੇਵ ਸਿੰਘ ਦੀ ਨਿਗਰਾਨੀ ਹੇਠ ਬੋਹਾ ਪੁਲਸ ਨੇ ਮੋਟਰਸਾਈਕਲ ਚੋਰ ਗਰੋਹ ਦੇ ਤਿੰਨ ਮੈਂਬਰਾਂ ਨੂੰ ਚੋਰੀ ਦੇ 7 ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਹੌਲਦਾਰ ਹਰਜਿੰਦਰ ਸਿੰਘ ਦੀ ਅਗਵਾਈ ਹੇਠਲੀ ਪੁਲਸ ਪਾਰਟੀ ਨੇ ਪਿੰਡ ਮੱਲ ਸਿੰਘ ਵਾਲਾ ਵਿਖੇ ਇੱਕ ਮੁਖਬਰੀ ਦੇ ਅਧਾਰ 'ਤੇ ਇਕ ਨਾਕਾ ਲਾਇਆ ਹੋਇਆ ਸੀ ਤਾਂ ਕੁਲਦੀਪ ਸ਼ਰਮਾ ਉਰਫ ਗੋਲੂ ਵਾਸੀ ਤਲਵੰਡੀ ਸਾਬੋ, ਸੁਖਵਿੰਦਰ ਸਿੰਘ ਵਿੱਕੀ ਵਾਸੀ ਰਾਏਪੁਰ, ਬਲਜਿੰਦਰ ਸਿੰਘ ਉਰਫ਼ ਜਿੰਦੂ ਵਾਸੀ ਰਾਏਪੁਰ ਹਾਲ ਅਬਾਦ ਤਲਵੰਡੀ ਸਾਬੋ ਨੂੰ ਉਸ ਵੇਲੇ ਕਾਬੂ ਕਰ ਲਿਆ ਗਿਆ, ਜਦੋਂ ਉਹ ਦੋ ਚੋਰੀ ਦੇ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਮਾਨਸਾ ਤੋਂ ਬਾ-ਰਾਸਤਾ ਬੋਹਾ ਰਤੀਆ (ਹਰਿਆਣਾ) ਵੱਲ ਜਾ ਰਹੇ ਸਨ।ਪੁੱਛਗਿੱਛ ਤੋਂ ਬਾਅਦ ਉਨ੍ਹਾਂ ਵੱਲੋਂ ਕੀਤੀ ਨਿਸ਼ਾਨਦੇਹੀ 'ਤੇ ਪੰਜ ਹੋਰ ਮੋਟਰਸਾਈਕਲ ਬਰਾਮਦ ਕੀਤੇ ਗਏ।ਬੋਹਾ ਪੁਲਸ ਨੇ ਉਨ੍ਹਾਂ ਵਿਰੁੱਧ ਪਰਚਾ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਇਸ ਸਮੇਂ ਡੀ ਐੱਸ ਪੀ ਚਾਹਲ ਤੇ ਥਾਣਾ ਮੁਖੀ ਇੰਸਪੈਕਟਰ ਜਗਦੇਵ ਸਿੰਘ ਨੇ ਨਸ਼ਾ ਸੁਦਾਗਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਸਖਤ ਚਿਤਾਵਨੀ ਦਿੱਤੀ ਕਿ ਉਹ ਕਾਨੂੰਨ ਦੇ ਲੰਬੇ ਹੱਥਾਂ ਤੋਂ ਬਚ ਨਹੀਂ ਸਕਣਗੇ।

## ਮੰਡੀਆਂ 'ਚ ਕਣਕ ਖਰੀਦਣ ਲਈ ਕੀਤੇ ਜਾਣ ਢੁਕਵੇਂ ਪ੍ਰਬੰਧ : ਡੀ ਸੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਣਕ ਖਰੀਦਣ ਦੇ ਉਚੇਚੇ ਪ੍ਰਬੰਧ ਕਰਨ ਲਈ ਅਭਿਜੀਤ ਕਪਲਿਸ਼ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਦਫਤਰ ਡਿਪਟੀ ਕਮਿਸ਼ਨਰ ਵਿਖੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ, ਕੱਚਾ ਆੜ੍ਹਤੀਆ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦਾ ਆਯੋਜਨ ਕੀਤਾ ਗਿਆ।ਬੈਠਕ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਕਣਕ ਦੀ ਫ਼ਸਲ ਖਰੀਦਣ ਲਈ ਮਾਰਕੀਟ ਕਮੇਟੀਆਂ ਵੱਲੋਂ ਪੀਣ ਵਾਲਾ ਸਾਫ਼-ਸੁਥਰਾ ਪਾਣੀ, ਸਾਫ਼ ਸਫ਼ਾਈ, ਟੁਆਈਲਟ ਆਦਿ ਦੇ ਢੁੱਕਵੇਂ ਪ੍ਰਬੰਧ ਕੀਤੇ ਜਾਣ ਤਾਂ ਜੁ ਕਣਕ ਦੇ ਖਰੀਦ ਸੀਜਨ ਦੌਰਾਨ ਕਿਸੇ ਵੀ ਪ੍ਰਕਾਰ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਸੁਖਵਿੰਦਰ ਸਿੰਘ ਗਿੱਲ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕਣਕ ਦੀ ਖਰੀਦ ਲਈ ਬਾਰਦਾਨੇ ਦੀ ਕੋਈ ਕਮੀ ਨਹੀਂ ਆਵੇਗੀ।ਇਸ ਤੋਂ ਇਲਾਵਾ ਲੇਬਰ ਅਤੇ ਟਰਾਂਸਪੋਰਟ ਦਾ ਢੁਕਵਾਂ ਪ੍ਰਬੰਧ ਕੀਤਾ ਜਾਵੇਗਾ।ਅਜੈਪਾਲ ਸਿੰਘ ਬਰਾੜ ਜ਼ਿਲ੍ਹਾ ਮੰਡੀ ਅਫ਼ਸਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਅਨਾਜ ਮੰਡੀਆਂ ਵਿੱਚ ਕਣਕ ਸਾਫ਼-ਸੁਥਰੀ ਅਤੇ ਸੁੱਕੀ ਲੈ ਕੇ ਆਉਣ ਤਾਂ ਜੁ ਉਨ੍ਹਾਂ ਨੂੰ ਅਪਣੀ ਫ਼ਸਲ ਵੇਚਣ ਸਬੰਧੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।

# ਪਟੇਲ ਕਾਲਜ ਵੱਲੋਂ ਮੋਬਾਇਲ ਛੋੜੋ ਬਚਪਨ ਸੇ ਨਾਤਾ ਜੋੜੋ ਵਰਕਸ਼ਾਪ ਦਾ ਆਗਾਜ਼




**ਰਾਜਪੁਰਾ (ਰਮੇਸ਼ ਕਟਾਰੀਆ)**-ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਰਾਜਪੁਰਾ ਦੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਗਾਂਧੀ ਦੀ ਅਗਵਾਈ ਤੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਮਨਦੀਪ ਕੌਰ, ਪ੍ਰੋ. ਤ੍ਰਿਸ਼ਨਦੀਪ ਸਿੰਘ ਗਰੇਵਾਲ ਤੇ ਹਰਪ੍ਰੀਤ ਸਿੰਘ ਕੋਚ ਦੀ ਦੇਖ-ਰੇਖ ਹੇਠ 'ਲੋਕ ਖੇਡਾਂ ਰਾਹੀਂ ਸਰੀਰਕ ਮਾਨਸਿਕ ਤੰਦਰੁਸਤੀ-ਮੋਬਾਇਲ ਛੋੜੋ ਬਚਪਨ ਸੇ ਨਾਤਾ ਜੋੜੋ' ਨਾਂ ਹੇਠ ਸੱਤ ਰੋਜ਼ਾ ਵਰਕਸ਼ਾਪ ਦਾ ਆਗਾਜ਼ ਕੀਤਾ ਗਿਆ।ਵਰਕਸ਼ਾਪ ਦੀ ਸ਼ੁਰੂਆਤ ਕਾਲਜ ਪ੍ਰਿੰਸੀਪਲ ਵੱਲੋਂ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਕੇ ਕੀਤੀ ਗਈ।ਉਨ੍ਹਾਂ ਸੰਬੋਧਨ ਹੁੰਦਿਆਂ ਕਿਹਾ ਕਿ ਸਰੀਰਕ ਸਿੱਖਿਆ ਵਿਭਾਗ ਹਮੇਸ਼ਾ ਵਿਦਿਆਰਥੀਆਂ ਨੂੰ ਸਰੀਰਕ ਤੇ ਮਾਨਸਿਕ ਤੰਦਰੁਸਤ ਰੱਖਣ ਲਈ ਇਹੋ ਜਿਹੇ ਉਪਰਾਲੇ ਕਰਦਾ ਰਹਿੰਦਾ ਹੈ।ਡਾ. ਮਨਦੀਪ ਕੌਰ ਨੇ ਸੰਬੋਧਨ ਹੁੰਦਿਆਂ ਕਿਹਾ ਕਿ ਇਹ ਵਰਕਸ਼ਾਪ ਸੱਤ ਦਿਨ ਚੱਲਣੀ ਹੈ, ਜਿਸ ਵਿੱਚ ਲਗਭਗ 60 ਦੇ ਕਰੀਬ ਵਿਦਿਆਰਥੀ ਤੇ ਅਧਿਆਪਕ ਭਾਗ ਲੈ ਰਹੇ ਹਨ।ਇਨ੍ਹਾਂ ਸੱਤ ਦਿਨਾਂ ਵਿੱਚ ਭਾਗ ਲੈ ਰਹੇ ਭਾਗੀਦਾਰਾਂ ਨੂੰ ਬਚਪਨ ਵਿੱਚ ਖੇਡੀਆਂ ਜਾਣ ਵਾਲੀਆਂ ਲੋਕ ਖੇਡਾਂ ਪਿੱਠੂ, ਬਾਂਦਰ ਕਿੱਲਾ, ਗੋਪੀ ਚੰਦਰ, ਸ਼ੱਕਰ ਭਿੱਜੀ, ਅੱਡੀ ਛੜੱਪਾ, ਕੋਟਲਾ ਛਪਾਕੀ, ਗੀਟੇ, ਲੀਕਾਂ ਮਾਰਨਾ ਆਦਿ ਹੋਰ ਅਨੇਕਾਂ ਖੇਡਾਂ ਖਿਡਾਈਆਂ ਜਾਣਗੀਆਂ।ਇਸ ਉਪਰੰਤ ਪਹਿਲੇ ਦਿਨ ਅਧਿਆਪਕ ਤੇ ਵਿਦਿਆਰਥੀਆਂ ਨੇ ਮਿਲ ਕੇ ਕੋਟਲਾ ਛਪਾਕੀ ਤੇ ਸ਼ੇਰ ਬੱਕਰੀ ਖੇਡ ਦਾ ਆਨੰਦ ਮਾਣਿਆ।ਇਸ ਮੌਕੇ ਡਾ. ਮਨਦੀਪ ਸਿੰਘ, ਡਾ. ਐੱਸ. ਐੱਸ. ਰਾਣਾ, ਡਾ. ਗੁਰਜਿੰਦਰ ਸਿੰਘ, ਡਾ. ਹਿਨਾ ਗੁਪਤਾ, ਪ੍ਰੋ. ਅਵਤਾਰ ਸਿੰਘ, ਡਾ. ਹਰਿੰਦਰਪਾਲ ਕੌਰ, ਡਾ. ਅਮਨਪ੍ਰੀਤ ਕੌਰ, ਡਾ. ਗਗਨਦੀਰ ਕੌਰ, ਡਾ. ਪਵਨਦੀਪ ਕੌਰ, ਡਾ. ਰਸ਼ਮੀ, ਡਾ. ਮਿੰਕੀ, ਪ੍ਰੋ. ਮਨਦੀਪ ਕੌਰ, ਪ੍ਰੋ. ਪ੍ਰਿਆ. ਡਾ. ਮਨਿੰਦਰ ਕੌਰ, ਪ੍ਰੋ. ਨੰਦਿਤਾ ਅਤੇ ਹੋਰ ਅਧਿਆਪਕ ਤੇ ਸਮੂਹ ਵਿਦਿਆਰਥੀ ਸ਼ਾਮਲ ਸਨ।

## ਰੋੜੀ ਖੇਤਰ 'ਚ ਨਸ਼ਿਆਂ ਦੀ ਭਰਮਾਰ ਦੇ ਚਲਦੇ ਥਾਣੇਦਾਰਨੀ ਲਾਈਨ ਹਾਜ਼ਰ

### ਨਸ਼ੇ ਕਾਰਨ ਮੌਤ ਦੇ ਮੂੰਹ 'ਚ ਪਿਆ 35 ਸਾਲਾ ਕਬੱਡੀ ਖਿਡਾਰੀ ਦੋ ਮਸੂਮ ਧੀਆਂ ਦਾ ਪਿਤਾ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਸਰਕਾਰ ਨਸ਼ੇ ਰੋਕਣ ਦੇ ਬੇ-ਸ਼ੱਕ ਕਿੰਨੇ ਵੀ ਢਿੰਡੋਰੇ ਪਿੱਟੇ, ਪਰ ਸਿਰਸਾ ਜ਼ਿਲ੍ਹੇ ਦੇ ਥਾਣਾ ਰੋੜੀ ਖੇਤਰ ਵਿੱਚ ਨਸ਼ੇ ਕਾਰਨ ਹੋ ਰਹੀਆਂ ਮੌਤਾਂ ਦੀ ਗਿਣਤੀ ਨੂੰ ਰੋਕਣ ਵਿੱਚ ਅਸਫਲ ਰਹੀ ਥਾਣਾ ਮੁਖੀ ਰਾਜਬਾਲਾ ਨੂੰ ਇਸ ਅਹੁਦੇ ਤੋਂ ਹਟਾ ਕੇ ਪੁਲਸ ਲਾਈਨ ਹਿਸਾਰ ਭੇਜ ਦਿੱਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਥਾਣਾ ਇੰਚਾਰਜ ਰਾਜਬਾਲਾ ਦੇ ਕਾਰਜਕਾਲ ਦੌਰਾਨ ਨਸ਼ੇ ਦੀ ਓਵਰਡੋਜ਼ ਕਾਰਨ ਹੋਈਆਂ ਕਈ ਨੌਜਵਾਨਾਂ ਦੀਆਂ ਮੌਤਾਂ ਕਾਰਨ ਪਿੰਡ ਵਾਸੀਆਂ ਵਿੱਚ ਥਾਣਾ ਇੰਚਾਰਜ ਵਿਰੁੱਧ ਗੁੱਸਾ ਸੀ।ਮਿਲੀ ਜਾਣਕਾਰੀ ਅਨੁਸਾਰ ਰਾਜਬਾਲਾ ਦੇ ਰੋੜੀ ਥਾਣਾ ਦੇ ਮੁੱਖ ਅਫਸਰ ਹੁੰਦੇ ਨਸ਼ੇ ਦੀ ਓਵਰਡੋਜ਼ ਨਾਲ 24 ਸਾਲਾ ਜੱਸਾ ਸਿੰਘ ਦੀ ਲਾਸ਼ ਬੱਸ ਸਟੈਂਡ ਦੇ ਨੇੜੇ ਝਾੜੀਆਂ ਵਿੱਚੋਂ ਮਿਲੀ ਸੀ। ਲਾਸ਼ ਦੇ ਨੇੜੇ ਨਸ਼ੇ ਲਈ ਵਰਤਿਆ ਜਾਣ ਵਾਲਾ ਇੱਕ ਟੀਕਾ ਮਿਲਿਆ।ਜੱਸੇ ਦਾ ਵਿਆਹ ਸਿਰਫ਼ ਇੱਕ ਸਾਲ ਪਹਿਲਾਂ ਹੋਇਆ ਸੀ ਤੇ ਉਹ ਆਪਣੀ ਮੌਤ ਤੋਂ ਸਿਰਫ਼ ਚਾਰ ਦਿਨ ਪਹਿਲਾਂ ਪਿਤਾ ਬਣਿਆ ਸੀ।ਇਸ ਤਰ੍ਹਾਂ ਗੋਰਖਾ ਨਾਂ ਦਾ ਨੌਜਵਾਨ ਚਿੱਟੇ ਤੇ ਡਾਕਟਰੀ ਦਵਾਈਆਂ ਦੋਵਾਂ ਦਾ ਸੇਵਨ ਕਰਦਾ ਸੀ।ਜਦੋਂ ਉਸ ਨੂੰ ਪੰਜ ਦਿਨਾਂ ਤੋਂ ਨਸ਼ਾ ਨਾ ਮਿਲਿਆ ਤਾਂ ਉਸ ਨੇ ਘਰ ਵਿੱਚ ਪਈਆਂ ਪੁਰਾਣੀਆਂ ਗੋਲੀਆਂ ਦਾ ਟੀਕਾ ਲਾ ਲਿਆ ਤੇ ਓਵਰਡੋਜ਼ ਕਾਰਨ ਉਸ ਦੀ ਮੌਤ ਹੋ ਗਈ।ਇਸੇ ਤਰ੍ਹਾਂ ਰੋੜੀ ਦੇ 35 ਸਾਲਾ ਕਬੱਡੀ ਖਿਡਾਰੀ ਦੀ ਨਸ਼ੇ ਕਾਰਨ ਮੌਤ ਹੋ ਗਈ।ਇਹ ਖਿਡਾਰੀ ਨੌਜਵਾਨ ਦੋ ਮਸੂਮ ਧੀਆਂ ਦਾ ਪਿਤਾ ਸੀ।

# ਰੌਂਤਾ ਸਕੂਲ 'ਚ ਵਿਦਿਆਰਥੀਆਂ ਨੂੰ ਨਸ਼ਿਆਂ ਖਿਲਾਫ ਕੀਤਾ ਜਾਗਰੂਕ

## ਚੰਗੇ ਰਸਤੇ ਤੁਰਦਿਆਂ ਦੀ ਦੁਨੀਆ ਵਾਹ-ਵਾਹ ਕਰਦੀ ਹੈ : ਪੂਰਨ ਸਿੰਘ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**

ਪਿੰਡ ਰੌਂਤਾ ਦੇ ਸ਼ਹੀਦ ਹਰਵਿੰਦਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿਖੇ ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਅਫਸਰ ਪੂਰਨ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੀਆਂ ਭੈੜੀਆਂ ਅਲਾਮਤਾਂ ਤੋਂ ਬਚਣ ਲਈ ਪ੍ਰੇਰਿਆ।ਇਸ ਸਮੇਂ ਉਨ੍ਹਾਂ ਦੇ ਮਾਪੇ ਤੇ ਅਧਿਆਪਕ ਵੀ ਮੌਜੂਦ ਸਨ।ਥਾਣਾ ਮੁਖੀ ਪੂਰਨ ਸਿੰਘ ਨੇ ਸਿੱਖ ਇਤਿਹਾਸ ਤੇ ਸਮਾਜਕ ਸਰੋਕਾਰਾਂ ਨਾਲ ਜੁੜੀਆਂ ਉਦਾਹਰਣਾਂ ਦਿੰਦਿਆਂ ਕਿਹਾ ਕਿ ਤੁਹਾਡੀ ਜ਼ਿੰਦਗੀ ਨੂੰ ਸੁਨਹਿਰੀ ਬਣਾਉਣ ਲਈ ਅਧਿਆਪਕ ਮੋਮਬੱਤੀ ਵਾਂਗ ਜਲਦੇ ਹਨ।ਅਧਿਆਪਕਾਂ ਦਾ ਸਤਿਕਾਰ ਕਰਨਾ ਵਿਦਿਆਰਥੀਆਂ ਦਾ ਪਹਿਲਾ ਫਰਜ਼ ਹੈ।ਉਨ੍ਹਾਂ ਕਿਹਾ ਕਿ ਜੀਵਨ ਵਿੱਚ ਕੁਝ ਬਣਨਾ ਚਾਹੀਦਾ ਹੈ।ਚੰਗਾ ਗਿਆਨ ਜੀਵਨ ਨੂੰ ਰੌਸ਼ਨ ਕਰਦਾ ਹੈ, ਇਕ ਗਲਤੀ ਜੀਵਨ ਡੋਬ ਦਿੰਦੀ ਹੈ।ਮਾਪੇ ਅਧਿਆਪਕਾਂ ਦਾ ਸਾਥ ਤੇ ਸਹਿਯੋਗ ਦੇਣ ਤਾਂ ਹੀ ਅਧਿਆਪਕ ਉਤਸ਼ਾਹ ਤੇ ਸ਼ੌਕ ਨਾਲ ਪੜ੍ਹਾ ਸਕਦੇ ਹਨ।ਐੱਸ ਐੱਚ ਓ ਪੂਰਨ ਸਿੰਘ ਨੇ ਯੁੱਧ ਨਸ਼ੇ ਵਿਰੁੱਧ ਬਾਰੇ ਵਿਸਥਾਰ ਨਾਲ ਦੱਸਦੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਾਰਿਆਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ।ਵਿਦਿਆਰਥੀਆਂ ਦੀ ਕੱਚੀ ਉਮਰ ਜ਼ਿਆਦਾ ਖਤਰਨਾਕ ਹੁੰਦੀ ਹੈ। ਉਨ੍ਹਾਂ ਜਾਗਰੂਕ ਕਰਦਿਆਂ ਕਿਹਾ ਕਿ ਜੇਕਰ ਤੁਹਾਨੂੰ ਕੋਈ ਨਸ਼ਾ ਖ਼ੀਦਣ, ਵਰਤੋਂ ਕਰਨ, ਸਪਲਾਈ ਕਰਨ ਲਈ ਪ੍ਰੇਰਤ ਕਰਦਾ ਹੈ ਤਾਂ ਉਸ ਦੇ ਝਾਂਸੇ ਵਿੱਚ ਆਉਣ ਦੀ ਬਜਾਏ ਆਪਣੇ ਮਾਪਿਆਂ ਤੇ ਅਧਿਆਪਕਾਂ ਨੂੰ ਦੱਸੋ।ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਕਿਹਾ ਕਿ ਅਜਿਹੀ ਸੂਰਤ ਵਿੱਚ ਸਾਡੇ ਨਾਲ ਬੇਝਿਜਕ ਹੋ ਕੇ ਸੰਪਰਕ ਕਰੋ, ਨਸ਼ੇ ਤਸਕਰਾਂ, ਨਸ਼ਾ ਵੇਚਣ ਵਾਲਿਆਂ ਬਾਰੇ ਜਾਣਕਾਰੀ ਦੇਣ ਵਾਲੇ ਸਮਾਜ ਦੇ ਮਿੱਤਰ ਹਨ, ਉਨ੍ਹਾਂ ਦਾ ਸਤਿਕਾਰ ਕੀਤਾ ਜਾਵੇਗਾ।ਇਸ ਸਮੇਂ ਪੱਤਰਕਾਰ ਤੇ ਲੇਖਕ ਰਾਜਵਿੰਦਰ ਰੌਂਤਾ ਨੇ ਕਿਹਾ ਕਿ ਦਸਵੀਂ, ਬਾਰਵੀਂ ਦੀ ਉਮਰ ਸਾਡੇ ਭਵਿੱਖ ਨੂੰ ਚਮਕਾ ਵੀ ਸਕਦੀ ਹੈ ਤੇ ਡੋਬ ਵੀ ਸਕਦੀ ਹੈ।ਸੋਸ਼ਲ ਮੀਡੀਆ ਤੇ ਅਜੋਕੇ ਸਮੇਂ ਦੀ ਫਜ਼ੂਲ ਚਮਕ ਦਮਕ ਤੋਂ ਬਚ ਕੇ ਆਪਣੇ ਮਾਪਿਆਂ ਦੀ ਮਿਹਨਤ ਦੀ ਕਮਾਈ ਨੂੰ ਅਜਾਈਂ ਨਾ ਗਵਾਇਆ ਜਾਵੇ।ਪ੍ਰਿੰਸੀਪਲ ਤੇਜਿੰਦਰ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਸ੍ਰ. ਪੂਰਨ ਸਿੰਘ ਦਾ ਪੰਜਾਬ ਪੁਲਸ ਵਿੱਚ ਇੱਕ ਦੂਰ ਅੰਦੇਸ਼ੀ, ਮਿਲਾਪੜੇ, ਸਹਿਤਕ ਤੇ ਧਾਰਮਿਕ ਪਰਵਿਰਤੀ ਵਾਲੇ ਹਨ, ਪਰ ਸਮਾਜ ਵਿਰੋਧੀਆਂ ਲਈ ਸਖ਼ਤ ਇਨਸਾਨ ਵਜੋਂ ਨਾਮ ਜਾਣਿਆ ਜਾਂਦਾ ਹੈ।ਸਕੂਲ ਵੱਲੋਂ ਐੱਸ ਐੱਚ ਓ ਪੂਰਨ ਸਿੰਘ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਤੇਜਿੰਦਰ ਸਿੰਘ ਸਕੂਲ ਮੁਖੀ, ਹਰਜੰਟ ਸਿੰਘ ਬੌਡੇ, ਕਰਮਜੀਤ ਸਿੰਘ ਡੀਪੀਈ, ਚਮਕੌਰ ਸਿੰਘ, ਸੁਖਰਾਜ ਸਿੰਘ, ਕੈਪਟਨ ਹਰਬੰਸ ਸਿੰਘ, ਆਸ਼ਾ ਰਾਣੀ, ਮਨਪ੍ਰੀਤ ਕੌਰ, ਗੁਰਮੀਤ ਕੌਰ, ਹਰਪਿੰਦਰ ਕੌਰ, ਰਾਜਪਾਲ ਕੌਰ, ਮਨਦੀਪ ਕੌਰ, ਰੀਨਾ ਰਾਣੀ, ਜਸਵੀਰ ਸਿੰਘ, ਜਿੰਦਰ ਸਿੰਘ, ਹੌਲਦਾਰ ਜਗਜੀਤ ਸਿੰਘ, ਹੌਲਦਾਰ ਕੁਲਵਿੰਦਰ ਸਿੰਘ, ਰਾਜਵਿੰਦਰ ਰੌਂਤਾ ਆਦਿ ਸਮੇਤ ਸਕੂਲ ਵਿਦਿਆਰਥੀ ਤੇ ਮਾਪੇ ਹਾਜ਼ਰ ਸਨ।

## ਬੰਦ ਪਈਆਂ ਸਟਰੀਟ ਲਾਈਟਾਂ ਚਾਲੂ ਕਰਾਉਣ ਸਬੰਧੀ ਦਿੱਤਾ ਮੰਗ ਪੱਤਰ

**ਸਮਰਾਲਾ (ਸੁਰਜੀਤ ਸਿੰਘ)** ਮਾਛੀਵਾੜਾ ਰੋਡ ਸਮਰਾਲਾ 'ਤੇ ਪਿਛਲੇ ਕਈ ਦਿਨਾਂ ਤੋਂ ਸਟਰੀਟ ਲਾਈਟਾਂ ਖਰਾਬ ਪਈਆਂ ਹਨ, ਜਿਸ ਕਾਰਨ ਰਾਤ ਹੁੰਦੇ ਹੀ ਲਾਈਟਾਂ ਨਾ ਹੋਣ ਕਾਰਨ ਹਨੇਰਾ ਪੱਸਰ ਜਾਂਦਾ ਹੈ।ਇਸ ਰੋਡ ਉਪਰ ਮੁੱਖ ਸਰਕਾਰੀ ਅਦਾਰੇ ਸਿਵਲ ਹਸਪਤਾਲ, ਮੈਡੀਕਲ ਸਟੋਰਜ਼, ਨਗਰ ਪਾਲਕਾ ਦਫ਼ਤਰ ਅਤੇ ਵਣ ਰੇਂਜ ਦਫ਼ਤਰ, ਟਰੱਕ ਯੂਨੀਅਨ, ਬੈਂਕ ਤੇ ਮੇਨ ਟ੍ਰੈਫ਼ਿਕ ਹੋਣ ਕਰਕੇ ਰਾਤ ਦੇ ਸਮੇਂ ਰਾਹਗੀਰਾਂ ਨੂੰ ਘਰ ਆਉਣ ਜਾਣ ਸਮੇਂ ਕਾਫੀ ਪ੍ਰੇਸ਼ਾਨੀ ਹੋ ਰਹੀ ਹੈ।ਮਾਛੀਵਾੜਾ ਰੋਡ 'ਤੇ ਰਹਿੰਦੇ ਨਿਵਾਸੀਆਂ ਨੂੰ ਰਾਤ ਦੇ ਸਮੇਂ ਦੁਰਘਟਨਾ ਹੋਣ ਦਾ ਹਮੇਸ਼ਾ ਡਰ ਬਣਿਆ ਹੋਇਆ ਹੈ।ਸ਼ਹਿਰ ਵਿੱਚ ਸੀਵਰੇਜ ਦੀ ਨਿਕਾਸੀ ਨਾ ਹੋਣ ਕਾਰਨ ਨਾਲੇ ਗੰਦੇ ਪਾਣੀ ਨਾਲ ਭਰੇ ਪਏ ਹਨ, ਜਿਸ ਕਾਰਨ ਬੀਮਾਰੀਆਂ ਦੇ ਫੈਲਣ ਦਾ ਡਰ ਲੱਗਿਆ ਹੋਇਆ ਹੈ।ਸ਼ਹਿਰ ਵਾਸੀਆਂ ਦਾ ਇੱਕ ਵਫਦ ਇਸ ਮੁਸ਼ਕਲ ਸਬੰਧੀ ਕਾਰਜ ਸਾਧਕ ਅਫਸਰ ਨਗਰ ਕੌਂਸਲ ਸਮਰਾਲਾ ਨੂੰ ਮਿਲਿਆ, ਉਕਤ ਮੁਸ਼ਕਲਾਂ ਤੋਂ ਜਾਣੂ ਕਰਾਇਆ। ਵਫ਼ਦ ਵਿੱਚ ਪ੍ਰਮੁੱਖ ਤੌਰ ਤੇ ਲਖਵੀਰ ਸਿੰਘ ਸਾਬਕਾ ਹੈੱਡ ਮਾਸਟਰ, ਹਰਜਿੰਦਰਪਾਲ ਸਿੰਘ ਸਮਰਾਲਾ, ਜੋਗਿੰਦਰ ਸਿੰਘ, ਹਰਵਿੰਦਰ ਸਿੰਘ, ਪ੍ਰੀਤਮ ਸਿੰਘ, ਇਕਬਾਲ ਸਿੰਘ ਧਾਲੀਵਾਲ, ਲਖਵੀਰ ਸਿੰਘ ਬਲਾਲਾ, ਗੁਰਮੀਤ ਸਿੰਘ ਤੇ ਲਾਲ ਸਿੰਘ ਸ਼ਾਮਲ ਸਨ। ਵਫਦ ਨੂੰ ਕਾਰਜ ਸਾਧਕ ਅਫਸਰ ਨੇ ਭਰੋਸਾ ਦਿਵਾਇਆ ਕਿ ਇਨ੍ਹਾਂ ਮੁਸ਼ਕਿਲਾਂ ਦਾ ਹੱਲ ਜਲਦੀ ਹੀ ਕਰ ਦਿੱਤਾ ਜਾਵੇਗਾ।

# ਕਮਿਊਨਟੀ ਹੈੱਲਥ ਅਫਸਰ ਯੂਨੀਅਨ ਵੱਲੋਂ ਡੀ ਸੀ ਨੂੰ ਮੰਗ ਪੱਤਰ

### 25 ਨੂੰ ਡੀ ਸੀ ਦਫ਼ਤਰਾਂ ਅੱਗੇ ਕਰਨਗੇ ਸਰਕਾਰ ਦਾ ਪਿੱਟ-ਸਿਆਪਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਕਮਿਊਨਟੀ ਹੈੱਲਥ ਅਫ਼ਸਰ ਐਸੋਸੀਏਸ਼ਨ ਫ਼ਿਰੋਜ਼ਪੁਰ ਵੱਲੋਂ ਡੀ ਸੀ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ।ਆਗੂਆਂ ਨੇ ਦੱਸਿਆ ਕਿ ਸੂਬੇ ਵਿੱਚ 2500 ਸੀਐੱਚਓ ਪਿੰਡਾਂ ਵਿੱਚ ਚੱਲਦੇ ਆਯੂਸ਼ਮਾਨ ਅਰੋਗਿਆ ਕੇਂਦਰਾਂ ਵਿੱਚ ਸਿਹਤ ਸੇਵਾਵਾਂ ਦੇ ਰਹੇ ਹਨ ਤੇ ਜ਼ਮੀਨੀ ਪੱਧਰ 'ਤੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ।ਉਹ ਆਪਣੀਆਂ ਮੁਸ਼ਕਲਾਂ ਸਬੰਧੀ ਸਰਕਾਰ ਦੇ ਨੁਮਾਇੰਦਿਆਂ ਤੇ ਵਿਭਾਗ ਦੇ ਅਧਿਕਾਰੀਆਂ ਨੂੰ ਵਾਰ ਵਾਰ ਜਾਣੂ ਕਰਵਾ ਚੁੱਕੇ ਹਨ, ਪਰ ਕਿਸੇ ਵੱਲੋਂ ਵੀ ਉਨ੍ਹਾਂ ਦੀ ਸਾਰ ਨਹੀਂ ਲਈ ਗਈ।

ਉਨ੍ਹਾਂ ਨੂੰ ਇਸ ਸਰਕਾਰ ਤੋਂ ਬਹੁਤ ਉਮੀਦਾਂ ਸਨ, ਜੋ ਹੁਣ ਖ਼ਤਮ ਹੋ ਰਹੀਆਂ ਹਨ।ਲਗਾਤਾਰ 3 ਸਾਲਾਂ ਤੋਂ ਉਹ ਸਰਕਾਰ ਦੇ ਮੰਤਰੀਆਂ ਤੇ ਅਹੁਦੇਦਾਰਾਂ ਨੂੰ ਮੰਗ ਪੱਤਰ ਦੇ ਰਹੇ ਹਨ।ਪਿਛਲੇ 3 ਸਾਲ ਤੋਂ ਉਨ੍ਹਾਂ ਵੱਲੋਂ ਸੂਬੇ ਦੇ ਸਿਹਤ ਮੰਤਰੀ ਤੇ ਕੈਬਨਿਟ ਸਬ ਕਮੇਟੀ ਨਾਲ ਅਣਗਿਣਤ ਮੀਟਿੰਗਾਂ ਕੀਤੀਆਂ ਗਈਆਂ। ਪਿਛਲੇ ਸਾਲ ਮੁੱਖ ਮੰਤਰੀ ਵੱਲੋਂ ਉਨ੍ਹਾਂ ਨੂੰ 16 ਜੁਲਾਈ ਦੀ ਮੀਟਿੰਗ ਦਿੱਤੀ ਗਈ ਸੀ, ਪਰ ਮੀਟਿੰਗ ਤੋਂ ਇਕ ਦਿਨ ਪਹਿਲਾਂ ਕੈਂਸਲ ਕਰ ਦਿੱਤੀ ਗਈ।ਸਾਰੇ ਮੁਲਾਜ਼ਮਾਂ ਵਿੱਚ ਸਰਕਾਰ ਦੇ ਇਸ ਲਾਰਾ ਲਾਊ ਤੇ ਡੰਗ ਟਪਾਊ ਨੀਤੀ ਪ੍ਰਤੀ ਭਾਰੀ ਰੋਸ ਹੈ।ਜਨਵਰੀ ਮਹੀਨੇ ਵਿੱਚ ਸੈਕਰੇਟਰੀ ਹੈੱਲਥ ਕੁਮਾਰ ਰਾਹੁਲ ਨੇ ਸੀਐੱਚਓ ਐਸੋਸੀਏਸ਼ਨ ਪੰਜਾਬ ਨਾਲ ਕੀਤੀ ਮੀਟਿੰਗ ਵਿੱਚ ਉਨ੍ਹਾਂ ਨੇ ਲਿਖਤੀ ਰੂਪ ਵਿੱਚ ਭਰੋਸਾ ਦਿੱਤਾ ਸੀ ਕਿ ਉਹ ਦੋ ਮਹੀਨਿਆਂ ਵਿੱਚ ਸਾਰੇ ਵਿੱਤੀ ਮਸਲੇ ਹੱਲ ਕਰ ਦੇਣਗੇ, ਜਿਸ ਉਪਰੰਤ ਇੱਕ ਕਮੇਟੀ ਦਾ ਗਠਨ ਵੀ ਕੀਤਾ ਗਿਆ, ਜਿਸ ਨੇ ਸਾਡੇ ਵਿੱਤੀ ਮਸਲੇ ਹੱਲ ਕਰਨੇ ਸੀ, ਪਰ ਅੱਜ ਲਗਭਗ 40 ਦਿਨ ਬੀਤ ਜਾਣ ਉਪਰੰਤ ਵੀ ਉਨ੍ਹਾਂ ਦੇ ਕਿਸੇ ਵੀ ਮਸਲੇ ਦਾ ਹੱਲ ਨਹੀਂ ਕੀਤਾ ਗਿਆ ਅਤੇ ਇਸ ਵਾਰ ਵੀ ਸਰਕਾਰ ਨੇ ਆਪਣੀ ਲਾਰੇਬਾਜ਼ੀ ਵਾਲੀ ਨੀਤੀ ਜਾਰੀ ਰੱਖੀ, ਜਿਸ ਤੋਂ ਦੁਖੀ ਹੋ ਕੇ ਸੂਬੇ ਦੇ ਸਮੂਹ ਕਮਿਊਨਟੀ ਹੈੱਲਥ ਅਫਸਰਾਂ ਨੇ ਫ਼ੈਸਲਾ ਲਿਆ ਹੈ ਕਿ 25 ਮਾਰਚ 2025 ਨੂੰ ਸੂਬੇ ਦੇ ਲਗਭਗ 2500 ਸੀਐੱਚਓ ਵੱਲੋਂ ਪੰਜਾਬ ਦੇ ਸਮੂਹ ਡੀ ਸੀ ਦਫ਼ਤਰਾਂ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਜਾਏਗਾ ਤੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ ਜਾਏਗਾ।ਇਸ ਮੌਕੇ ਸੀਨੀਅਰ ਆਗੂ ਕੌਰਜੀਤ ਸਿੰਘ ਢਿੱਲੋਂ, ਨਰਿੰਦਰ ਸ਼ਰਮਾ, ਸੰਦੀਪ ਸਿੰਘ ਪ੍ਰਧਾਨ ਐਕਸਰੇ ਯੂਨੀਅਨ ਪੰਜਾਬ, ਨਰਿੰਦਰ ਸਿੰਘ ਸੀਐੱਚਓ, ਰਮੇਸ਼ ਕੁਮਾਰ ਫਿਰੋਜ਼ਸ਼ਾਹ, ਡਾ. ਅਸ਼ੋਕ, ਡਾ. ਪ੍ਰੇਮ, ਗੌਰਵ, ਸ਼ਿੰਦਾ ਸਿੰਘ, ਡਾ. ਗੁਰਵਿੰਦਰ ਸਿੰਘ ਆਦਿ ਹਾਜ਼ਰ ਸਨ।

## ਫੱਕਰ ਬਾਬਾ ਦਾਮੂ ਸ਼ਾਹ ਕਮੇਟੀ ਵੱਲੋਂ ਜਸਵਿੰਦਰ ਸਿੰਘ ਸਿੱਧੂ ਦਾ ਸਨਮਾਨ



**ਕੋਟ ਈਸੇ ਖਾਂ (ਅਰੋੜਾ)**-ਹਲਕਾ ਬਾਘਾਪੁਰਾਣਾ ਦੇ ਕੋਆਰਡੀਨੇਟਰ ਤੇ ਡਾਇਰੈਕਟਰ ਗਮਾਡਾ ਜਸਵਿੰਦਰ ਸਿੰਘ ਸਿੱਧੂ ਫੱਕਰ ਬਾਬਾ ਦਾਮੂ ਸ਼ਾਹ ਲੁਹਾਰਾ ਵਿਖੇ ਚੱਲ ਰਹੇ ਮੇਲੇ ਦੌਰਾਨ ਸ਼ਿਰਕਤ ਕਰਨ ਲਈ ਕਮੇਟੀ ਦੇ ਸੱਦੇ 'ਤੇ ਪੁੱਜੇ।ਕਮੇਟੀ ਦੇ ਪ੍ਰਧਾਨ ਸਰਪੰਚ ਜਗਜੀਵਨ ਸਿੰਘ ਲੁਹਾਰਾ, ਕੈਸ਼ੀਅਰ ਲਸ਼ਮਣ ਸਿੰਘ, ਸਾਬਕਾ ਸਰਪੰਚ ਕਰਮਜੀਤ ਸਿੰਘ ਤੇ ਕਮੇਟੀ ਮੈਂਬਰਾਂ ਵੱਲੋਂ ਜਸਵਿੰਦਰ ਸਿੰਘ ਸਿੱਧੂ ਨੂੰ ਬਾਬਾ ਦਾਮੂ ਸ਼ਾਹ ਦੇ ਸਥਾਨ 'ਤੇ ਪੁੱਜਣ ਅਤੇ ਹਲਕਾ ਬਾਘਾਪੁਰਾਣਾ ਦਾ ਕੁਆਡੀਨੇਟਰ ਨਿਯੁਕਤ ਕੀਤੇ ਜਾਣ 'ਤੇ ਬਾਬਾ ਦਾਮੂ ਸ਼ਾਹ ਦਾ ਸਥਾਨ ਦਾ ਸਰੂਪ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਕਮੇਟੀ ਨੇ ਉਨ੍ਹਾਂ ਨੂੰ ਵੀਰਵਾਰ ਮੇਲੇ 'ਤੇ ਪੁੱਜਣ ਦਾ ਸੱਦਾ ਦਿੱਤਾ।ਜਸਵਿੰਦਰ ਸਿੰਘ ਸਿੱਧੂ ਨੇ ਸਨਮਾਨ ਲਈ ਸਾਰੀ ਕਮੇਟੀ ਦਾ ਧੰਨਵਾਦ ਕੀਤਾ।

# ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੇ ਜਨਮ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ




**ਚੀਮਾ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਗੁਰਦੁਆਰਾ ਜਨਮ ਅਸਥਾਨ ਤੇ ਨਗਰ ਚੀਮਾ ਸਾਹਿਬ ਦੇ ਸਹਿਯੋਗ ਨਾਲ 20ਵੀਂ ਸਦੀ ਵਿੱਚ ਗੁਰਮਤਿ ਪ੍ਰਚਾਰ ਦੀ ਅਦੁੱਤੀ ਲਹਿਰ ਚਲਾ ਕੇ ਲੱਖਾਂ ਪ੍ਰਾਣੀਆਂ ਨੂੰ ਗੁਰੂ ਦੇ ਲੜ ਲਾਉਣ ਵਾਲੇ ਮਹਾਨ ਸ਼੍ਰੋਮਣੀ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੇ 159ਵੇਂ ਜਨਮ ਦਿਹਾੜੇ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਕੀਤਾ ਗਿਆ।ਇਨ੍ਹਾਂ ਗੁਰਮਤਿ ਸਮਾਗਮਾਂ ਦੀ ਆਰੰਭਤਾ 13 ਮਾਰਚ ਨੂੰ ਕੀਤੀ ਗਈ, ਜਿਸ ਵਿੱਚ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 3 ਵਜੇ ਤੱਕ ਇਸ ਸਮਾਗਮ ਵਿੱਚ ਸਿੱਖ ਪੰਥ ਦੀਆਂ ਵੱਖ-ਵੱਖ ਸ਼ਖਸੀਅਤਾਂ ਨੇ ਆਪਣੀ ਹਾਜ਼ਰੀ ਭਰੀ, ਜਿਸ ਵਿੱਚ ਅਨਹਦ ਬਾਣੀ ਢਾਡੀ ਜਥਾ ਗੁਰਦੁਆਰਾ ਬੜੂ ਸਾਹਿਬ, ਸੰਤ ਬਾਬਾ ਜਸਵਿੰਦਰ ਸਿੰਘ ਜੀ ਹਰੇੜੀ ਵਾਲੀ, ਭਾਈ ਮਲਕੀਤ ਸਿੰਘ ਜੀ ਬੁੰਗਾ ਮਸਤੂਆਣਾ ਤਲਵੰਡੀ ਸਾਬੋ, ਸੰਤ ਬਾਬਾ ਕਸ਼ਮੀਰਾ ਸਿੰਘ ਜੀ ਅਲਹੌਰਾਂ ਵਾਲੇ ਤੇ ਸੰਤ ਬਾਬਾ ਗੁਰਜੰਟ ਸਿੰਘ ਜੀ ਮੰਡਵੀ ਵਾਲਿਆਂ ਨੇ ਹਾਜ਼ਰੀ ਭਰੀ। 14 ਮਾਰਚ ਨੂੰ ਅਨਹਦ ਬਾਣੀ ਢਾਡੀ ਜਥਾ ਗੁਰਦੁਆਰਾ ਬੜੂ ਸਾਹਿਬ ਉਪਰੰਤ ਭਾਈ ਜਸਪ੍ਰੀਤ ਸਿੰਘ ਜੀ ਗੁਰਦੁਆਰਾ ਅੰਗੀਠਾ ਸਾਹਿਬ, ਮਸਤੂਆਣਾ ਸਾਹਿਬ, ਸੰਤ ਬਾਬਾ ਜਗਰੂਪ ਸਿੰਘ ਜੀ ਕੱਟੂ ਵਾਲੇ, ਸੰਤ ਬਾਬਾ ਬੂਟਾ ਸਿੰਘ ਜੀ ਗੁੜਥੜੀ ਵਾਲੇ ਤੇ ਸੰਤ ਬਾਬਾ ਜਗਤਾਰ ਸਿੰਘ ਜੀ ਕਾਨੂਗੜ੍ਹ ਵਾਲਿਆਂ ਨੇ ਹਾਜ਼ਰੀ ਲਗਾਈ।ਇਸ ਤੋਂ ਬਿਨਾਂ ਸਿੱਖ ਧਰਮ ਦੀਆਂ ਵੱਖ-ਵੱਖ ਸ਼ਖਸੀਅਤਾਂ ਨੇ ਵੱਡੀ ਸੰਖਿਆ ਵਿੱਚ ਹਾਜ਼ਰੀ ਭਰੀ ਗਈ। 15 ਮਾਰਚ ਨੂੰ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ, ਜੋ ਕਿ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਤੋਂ ਆਰੰਭ ਹੋ ਕੇ ਗੁਰਦੁਆਰਾ ਨਾਨਕਸਰ ਸਾਹਿਬ ਚੀਮਾ ਵਿਖੇ ਸਮਾਪਤ ਹੋਇਆ। ਇਸ ਤੋਂ ਇਲਾਵਾ 16 ਮਾਰਚ ਰਾਤ 8 ਵਜੇ ਤੋਂ 1 ਵਜੇ ਤੱਕ ਰੈਣ ਸਬਾਈ ਕੀਰਤਨ ਭਾਈ ਗੁਰਦੇਵ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਵੱਲੋਂ ਕੀਤਾ ਗਿਆ, ਜਿਸ ਵਿੱਚ ਸਮੂਹ ਸੰਪਰਦਾਵਾਂ ਦੇ ਸੰਤ-ਮਹਾਂਪੁਰਸ਼ਾਂ ਨੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਗਿਆਨੀ ਰਘਵੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ ਤੇ ਸਮੂਹ ਸੰਪਰਦਾਵਾਂ ਦੇ ਸੰਤ-ਮਹਾਂਪੁਰਸ਼ ਅਤੇ ਹੋਰ ਰਾਗੀ-ਢਾਡੀ ਜਥੇ ਨੇ ਸ਼ਮੂਲੀਅਤ ਕੀਤੀ। 17 ਮਾਰਚ ਨੂੰ ਸੰਤ ਜੀ ਦੇ ਜਨਮ ਸਮੇਂ ਅੰਮ੍ਰਿਤ ਵੇਲੇ ਸਵੇਰੇ 1 ਵਜੇ ਅਖੰਡ ਪਾਠ ਦੇ ਭੋਗ ਪਾਏ ਗਏ, ਉਪਰੰਤ ਆਰਤੀ ਤੇ ਅਰਦਾਸ ਕੀਤੀ ਗਈ। ਇਸ ਸਮਾਗਮ ਵਿੱਚ ਵਿਨਰਜੀਤ ਸਿੰਘ ਗੋਲਡੀ ਹਲਕਾ ਇੰਚਾਰਜ, ਸੰਗਰੂਰ, ਸ਼੍ਰੋਮਣੀ ਅਕਾਲੀ ਦਲ, ਮਹੁਲਇੰਦਰ ਸਿੰਘ ਸਿੱਧੂ ਕੋਆਡੀਨੇਟਰ ਨੈਸ਼ਨਲ ਕਾਂਗਰਸ ਪਾਰਟੀ ਆਲ ਇੰਡੀਆ (ਪੁੱਤਰ ਸਾਬਕਾ ਮੁੱਖ ਮੰਤਰੀ ਪੰਜਾਬ, ਬੀਬੀ ਰਜਿੰਦਰ ਕੌਰ ਭੱਠਲ), ਅਰਵਿੰਦ ਸਿੰਘ ਖੰਨਾ ਮੀਤ ਪ੍ਰਧਾਨ ਭਾਜਪਾ ਪਾਰਟੀ, ਦਮਨ ਥਿੰਦ ਬਾਜਵਾ ਸੈਕਟਰੀ ਭਾਜਪਾ ਪਾਰਟੀ, ਪੰਜਾਬ, ਮਨਦੀਪ ਸਿੰਘ ਸਿੱਧੂ ਡਿਪਟੀ ਇੰਸਪੈਕਟਰ ਜਨਰਲ, ਪਟਿਆਲਾ, ਹਰਵਿੰਦਰ ਸਿੰਘ ਖਹਿਰਾ ਡਿਪਟੀ ਸੁਪਰਡੈਂਟ ਪੁਲਸ, ਸੁਨਾਮ, ਪਰਮੋਦ ਕੁਮਾਰ ਸਿੰਗਲਾ ਸਬ-ਡਵੀਜ਼ਨਲ ਮੈਜਿਸਟ੍ਰੇਟ, ਸੁਨਾਮ ਤੇ ਸੰਦੀਪ ਰਿਸ਼ੀ ਡਿਪਟੀ ਕਮਿਸ਼ਨਰ, ਸੰਗਰੂਰ ਪਹੁੰਚੇ।

ਇਹ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਜਨਮ ਅਸਥਾਨ ਕਲਗੀਧਰ ਟਰੱਸਟ ਬੜੂ ਸਾਹਿਬ ਚੀਮਾ ਸਾਹਿਬ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਆਯੋਜਤ ਕੀਤਾ ਗਿਆ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਮੁੱਖ ਸੇਵਾਦਾਰ ਡਾ: ਦਵਿੰਦਰ ਸਿੰਘ ਨੇ ਸਮੂਹ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਤੇ ਚੀਮਾ ਸਾਹਿਬ ਗੁਰਦੁਆਰਾ ਜਨਮ ਅਸਥਾਨ ਦੇ ਮੁੱਖ ਸੇਵਾਦਾਰ ਭਾਈ ਜਗਜੀਤ ਸਿੰਘ ਵੱਲੋਂ ਇਸ ਸੰਤ ਸਮਾਗਮ ਵਿੱਚ ਹਾਜ਼ਰੀ ਭਰਨ ਵਾਲੀਆਂ ਸੰਗਤਾਂ ਤੇ ਸਮੂਹ ਕੀਰਤਨੀਆਂ, ਪ੍ਰਚਾਰਕਾਂ ਦਾ ਧੰਨਵਾਦ ਕੀਤਾ ਗਿਆ।

# ਮਹਿਲਾ ਰਾਖਵਾਂਕਰਨ ਬਿੱਲ ਨੂੰ ਲੈ ਕੇ ਦਿੱਲੀ ਧਰਨੇ 'ਚ ਗੱਜੀ ਗੁਰਸ਼ਰਨ ਕੌਰ ਰੰਧਾਵਾ



**ਸਮਾਣਾ (ਗੁਰਪਿਆਰ ਸਿੰਘ ਬੱਲ)**

ਆਲ ਇੰਡੀਆ ਮਹਿਲਾ ਕਾਂਗਰਸ ਦੀ ਪ੍ਰਧਾਨ ਅਲਕਾ ਲਾਂਬਾ ਜੀ ਦੀ ਅਗਵਾਈ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਇੰਚਾਰਜ ਨਤਾਸ਼ਾ ਸ਼ਰਮਾ ਤੇ ਸਮੁੱਚੀ ਪੰਜਾਬ ਟੀਮ ਵੱਲੋਂ ਜੰਤਰ-ਮੰਤਰ ਦਿੱਲੀ ਵਿਖੇ ਮਹਿਲਾ ਰਾਖਵਾਂਕਰਨ ਬਿੱਲ ਨੂੰ ਜਾਰੀ ਕਰਨ ਵਿੱਚ ਹੋ ਰਹੀ ਦੇਰੀ ਲਈ ਭਾਜਪਾ ਸਰਕਾਰ ਦੇ ਵਿਰੁੱਧ ਵੱਡਾ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਪੰਜਾਬ ਦੀਆਂ ਸੈਂਕੜੇ ਮਹਿਲਾਵਾਂ ਨੇ ਹਿੱਸਾ ਲਿਆ।

ਧਰਨੇ ਨੂੰ ਸੰਬੋਧਨ ਕਰਦੇ ਅਲਕਾ ਲਾਂਬਾ ਨੇ ਕਿਹਾ ਕਿ ਭਾਜਪਾ ਸਰਕਾਰ ਜਾਣ-ਬੁੱਝ ਕੇ ਮਹਿਲਾ ਰਾਖਵਾਂਕਰਨ ਬਿਲ ਲਾਗੂ ਨਹੀਂ ਕਰਨਾ ਚਾਹੁੰਦੀ, ਕਿਉਂਕਿ ਉਨ੍ਹਾਂ ਨੇ ਇਸ ਬਿੱਲ ਨੂੰ ਲੋਕ ਸਭਾ ਵਿੱਚ ਪਾਸ ਕਰਾ ਕੇ ਕੇਵਲ ਅਤੇ ਕੇਵਲ ਭਾਰਤੀ ਔਰਤਾਂ ਦੀਆਂ ਵੋਟਾਂ ਲੈਣ ਲਈ ਇੱਕ ਡਰਾਮਾ ਰਚਿਆ ਸੀ ਤੇ ਵੋਟਾਂ ਲੈਣ ਤੋਂ ਬਾਅਦ ਇਸ ਬਿੱਲ ਨੂੰ ਜਨਗਣਨਾ ਤੋਂ ਬਾਅਦ ਲਾਗੂ ਕਰਨ ਦਾ ਬਹਾਨਾ ਘੜ ਕੇ ਠੰਡੇ ਬਸਤੇ ਵਿੱਚ ਪਾ ਦਿੱਤਾ।

ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਭਾਜਪਾ ਸਰਕਾਰ ਹਮੇਸ਼ਾ ਔਰਤ ਵਿਰੋਧੀ ਨੀਤੀ ਅਪਣਾਉਂਦੀ ਰਹੀ ਹੈ, ਪਰ ਵੋਟਾਂ ਦੇ ਸਮੇਂ ਆਪਣੇ ਮੰਤਵ ਲਈ ਝੂਠੇ ਵਾਅਦੇ ਕਰਕੇ ਮੌਕੇ ਦਾ ਫਾਇਦਾ ਉਠਾ ਲੈਂਦੀ ਹੈ।ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਜਦੋਂ ਤੋਂ ਹੋਂਦ ਵਿੱਚ ਆਈ ਹੈ, ਦੇਸ਼ ਵਿੱਚ ਔਰਤਾਂ ਉੱਤੇ ਅੱਤਿਆਚਾਰ ਦੀਆਂ ਘਟਨਾਵਾਂ ਵਿੱਚ ਭਾਰੀ ਵਾਧਾ ਹੋਇਆ।ਇਥੋਂ ਤੱਕ ਕਿ ਸਾਡੇ ਦੇਸ਼ ਦੀਆਂ ਮਣੀਪੁਰ ਦੀਆਂ ਬੇਟੀਆਂ ਨੂੰ ਸੜਕਾਂ ਤੇ ਨੰਗਾ ਘੁਮਾਇਆ ਗਿਆ, ਜਿਸਦੀ ਸਾਰੀ ਦੁਨੀਆ ਨਿੰਦਾ ਕਰਦੀ ਹੈ।ਦੇਸ਼ ਦੀਆਂ ਪਹਿਲਵਾਨ ਬੇਟੀਆਂ ਨਾਲ ਬਹੁਤ ਹੀ ਬੁਰਾ ਵਰਤਾਅ ਕੀਤਾ ਗਿਆ। ਨਤਾਸ਼ਾ ਸ਼ਰਮਾ ਕਿਹਾ ਕਿ ਅੱਜ ਸਮੁੱਚਾ ਦੇਸ਼ ਰਾਹੁਲ ਗਾਂਧੀ ਤੇ ਸੋਨੀਆ ਗਾਂਧੀ ਦਾ ਸਤਿਕਾਰ ਕਰਦਾ ਹੈ, ਕਿਉਂਕਿ ਗਾਂਧੀ ਪਰਿਵਾਰ ਨੇ ਹਮੇਸ਼ਾ ਹੀ ਔਰਤਾਂ ਨੂੰ ਅੱਗੇ ਲਿਆਉਣ ਦੀ ਨੀਤੀ ਅਪਣਾਈ ਹੈ।ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਪਾਰਟੀ ਆਪਣੇ ਪੱਧਰ 'ਤੇ ਹੀ ਪ੍ਰਿਯੰਕਾ ਗਾਂਧੀ ਵੱਲੋਂ ਯੂਪੀ ਵਿੱਚ ਅਪਣਾਈ ਨੀਤੀ ਨੂੰ ਮੁੱਖ ਰੱਖਦੇ ਹੋਏ ਔਰਤਾਂ ਲਈ 33% ਰਾਖਵਾਂਕਰਨ ਜ਼ਰੂਰ ਦੇਵੇਗੀ।

# ਪੀ.ਡਬਲਿਊ.ਡੀ. ਜਲ ਸਪਲਾਈ ਤੇ ਸੈਨੀਟੇਸ਼ਨ ਤਾਲਮੇਲ ਸੰਘਰਸ਼ ਕਮੇਟੀ ਵੱਲੋਂ ਸੰਘਰਸ਼ਾਂ ਦੀ ਹਮਾਇਤ ਦਾ ਐਲਾਨ



ਮਾਨਸਾ/ਬੁਨੀਰ (ਆਤਮਾ ਸਿੰਘ ਪਮਾਰ) ਪੀ ਡਬਲਿਊ ਡੀ ਜਲ ਸਪਲਾਈ ਤੇ ਸੈਨੀਟੇਸ਼ਨ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਮਹਿਮਾ ਸਿੰਘ ਧਨੌਲਾ, ਮਨਜੀਤ ਸਿੰਘ ਸੰਗਤਪੁਰਾ ਕੋ ਕਨਵੀਨਰ ਬਿੱਕਰ ਸਿੰਘ ਮਾਖਾ ਮਲਾਗਰ ਸਿੰਘ ਖਮਾਣੋ ਬਣੀ ਤਾਲਮੇਲ ਸਘੰਰਸ਼ ਕਮੇਟੀ ਪੰਜਾਬ ਮੁਲਾਜਮ ਅਤੇ ਪੈਨਸ਼ਨਰ ਸਾਂਝਾਂ ਫਰੰਟ ਦੀ ਅਗਵਾਈ ਵਿੱਚ ਬੱਜਟ ਸੈਸ਼ਨ ਦੌਰਾਨ ਐਲਾਨੇ ਸੰਘਰਸ਼ਾਂ ਦੀ ਡੱਟਵੀਂ ਹਮਾਇਤ ਕਰੇਗੀ।ਸੂਬਾ ਪ੍ਰੈੱਸ ਸਕੱਤਰ ਬਾਬੂ ਸਿੰਘ ਫਤਿਹਪੁਰ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਅਗਵਾਈ ਵਿੱਚ ਮੋਹਾਲੀ ਵਿਖੇ 25 ਤੇ 26 ਮਾਰਚ ਨੂੰ ਸੂਬਾ ਪੱਧਰੀ ਰੈਲੀਆਂ ਤੋਂ ਬਾਅਦ ਵਿਧਾਨ ਸਭਾ ਵੱਲ ਮਾਰਚ ਵੀ ਕੀਤਾ ਜਾਵੇਗਾ। ਇਨ੍ਹਾਂ ਸੰਘਰਸ਼ਾਂ ਦੀ ਪੀ ਡਬਲਿਊ ਡੀ ਤਾਲਮੇਲ ਸੰਘਰਸ਼ ਕਮੇਟੀ ਵਲੋਂ ਡਟਵੀਂ ਹਮਾਇਤ ਦਾ ਐਲਾਨ ਕੀਤਾ ਗਿਆ ਹੈ।ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਆਪਣੇ ਮੁਲਾਜ਼ਮ ਤੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਜਿਵੇਂ ਪੇ ਕਮਿਸ਼ਨ ਦਾ ਬਕਾਇਆ, ਕੱਚੇ ਕਾਮਿਆਂ ਨੂੰ ਪੱਕੇ ਕਰਨਾ, ਪੁਰਾਣੀ ਪੈਨਸ਼ਨ ਲਾਗੂ ਕਰਨਾ, ਡੀ.ਏ., ਪੇਂਡੂ ਭੱਤਾ ਤੇ ਹੋਰ ਕੱਟੇ ਭੱਤਿਆਂ ਨੂੰ ਬਹਾਲ ਕਰਾਉਣਾ ਆਦਿ ਮੰਗਾਂ ਨੂੰ ਵਿਸਥਾਰ ਨਾਲ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ, ਸਗੋਂ ਪਿਛਲੀਆਂ ਸਰਕਾਰਾਂ ਵਾਂਗ ਹੀ ਆਮ ਆਦਮੀ ਦੀ ਸਰਕਾਰ ਵੀ ਵਾਰ-ਵਾਰ ਮੀਟਿੰਗਾਂ ਵਿੱਚ ਕੀਤੇ ਆਪਣੇ ਵਾਅਦਿਆਂ ਤੋਂ ਮੁੱਕਰ ਕਾਰਪੋਰੇਟ ਪੱਖੀ ਨੀਤੀਆਂ ਨੂੰ ਲਾਗੂ ਕਰ ਰਹੀ ਹੈ।ਪੀ ਡਬਲਿਊ ਡੀ ਜਲ ਸਪਲਾਈ ਤੇ ਸੈਨੀਟੇਸ਼ਨ ਤਾਲਮੇਲ ਸਘੰਰਸ਼ ਕਮੇਟੀ ਵਲੋਂ ਆਪਣੇ ਫੀਲਡ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਵਿਭਾਗ ਦੇ ਕੈਬਨਿਟ ਮੰਤਰੀ ਦੀ ਹਾਜ਼ਰੀ ਵਿੱਚ ਹੋਈ ਮੀਟਿੰਗ ਦੌਰਾਨ, ਮੰਨੀਆਂ ਮੰਗਾਂ ਨੂੰ ਲਾਗੂ ਕਰਾਉਣ ਲਈ ਵਿਭਾਗ ਦੇ ਪ੍ਰਮੁੱਖ ਸਕੱਤਰ, ਵਧੀਕ ਸਕੱਤਰ, ਐਚਓਡੀ, ਸਮੇਤ ਡਿਪਟੀ ਡਾਇਰੈਕਟਰ ਪ੍ਰਸ਼ਾਸਨ ਨੂੰ ਮੰਗ ਪੱਤਰ ਭੇਜੇ ਗਏ ਹਨ।ਜੇਕਰ ਅਧਿਕਾਰੀਆਂ ਵੱਲੋਂ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਨਾ ਕੀਤਾ ਤਾਂ ਅਧਿਕਾਰੀਆਂ ਵਿਰੁੱਧ ਵੀ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

# ਬਾਬਾ ਵਿਸਾਖਾ ਸਿੰਘ ਦਦੇਹਰ ਤੇ ਅਰਜਨ ਸਿੰਘ ਗੜਗੱਜ ਨੂੰ ਸਮਰਪਤ ਹੋਵੇਗੀ ਕਿਸਾਨ ਕਾਨਫਰੰਸ : ਸੋਹਲ, ਵਲਟੋਹਾ



ਝਬਾਲ, (ਹਰਜਿੰਦਰ ਸਿੰਘ ਸੋਨੀ)-ਕੁੱਲ ਹਿੰਦ ਕਿਸਾਨ ਸਭਾ ਦੀ 20, 21 ਮਾਰਚ ਨੂੰ ਤਰਨ ਤਾਰਨ ਵਿਖੇ ਹੋ ਰਹੀ ਸੂਬਾਈ ਕਾਨਫਰੰਸ ਸੰਤ ਬਾਬਾ ਵਿਸਾਖਾ ਸਿੰਘ ਦਦੇਹਰ ਨਗਰ ਅਤੇ ਦੇਸ਼ ਭਗਤ ਅਰਜਨ ਸਿੰਘ ਗੜਗੱਜ ਹਾਲ ਦਾ ਨਾਂ ਦੇ ਕੇ ਸਥਾਨਕ ਅੰਮ੍ਰਿਤ ਇੰਟਰਨੈਸ਼ਨਲ ਪੈਲੇਸ ਗੋਇੰਦਵਾਲ ਰੋਡ ਤਰਨ ਤਾਰਨ ਵਿਖੇ ਹੋਵੇਗੀ। ਪ੍ਰੈਸ ਨੂੰ ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ ਤੇ ਜਥੇਬੰਦਕ ਸਕੱਤਰ ਦਵਿੰਦਰ ਸੋਹਲ ਨੇ ਕਿਹਾ ਕਿ 1936 ਵਿੱਚ ਅੰਗਰੇਜ਼ੀ ਸਾਮਰਾਜ ਵਿਰੁੱਧ ਕਿਸਾਨਾਂ ਦੇ ਵੱਡੇ ਸੰਘਰਸ਼ ਲੜਨ ਵਾਲੀ ਕੁੱਲ ਹਿੰਦ ਕਿਸਾਨ ਸਭਾ ਦਾ ਗਠਨ ਕਰਨ ਵਿੱਚ ਅਤੇ ਬਾਅਦ ਵਿੱਚ ਕਿਸਾਨਾਂ ਦੀ ਲੜਾਈ ਲੜਨ ਅਤੇ ਦੇਸ਼ ਦੀ ਆਜ਼ਾਦੀ ਲਈ ਲੜਨ ਲਈ ਇਹਨਾਂ ਗ਼ਦਰੀ ਬਾਬਿਆਂ ਦਾ ਵੱਡਾ ਯੋਗਦਾਨ ਸੀ। ਸੰਤ ਬਾਬਾ ਵਿਸਾਖਾ ਸਿੰਘ ਦਦੇਹਰ 1940 'ਚ ਕੁੱਲ ਹਿੰਦ ਕਿਸਾਨ ਸਭਾ ਦੇ ਝੰਡੇ ਹੇਠ ਬਾਬਾ ਸੋਹਣ ਸਿੰਘ ਭਕਨਾ ਹੋਰਾਂ ਨਾਲ ਦਿਉਲੀ ਕੈਂਪ ਜੇਲ੍ਹ ਵਿੱਚ ਬੰਦ ਰਹੇ।

ਇਸੇ ਤਰ੍ਹਾਂ ਤਰਨ ਤਾਰਨ ਦੇ ਜੰਮਪਲ ਦੇਸ਼ ਭਗਤ ਅਰਜਨ ਸਿੰਘ ਗੜਗੱਜ ਸ਼ਹੀਦ ਭਗਤ ਸਿੰਘ ਹੋਰਾਂ ਵੱਲੋਂ ਬਣਾਈ ਨੌਜਵਾਨ ਭਾਰਤ ਸਭਾ ਦੇ ਜੁਝਾਰੂ ਯੋਧੇ ਰਹੇ, ਗੁਰਦੁਆਰਾ ਲਹਿਰ ਵਿੱਚ ਕੰਮ ਕੈਦ ਕੱਟੀ। ਕਿਸਾਨ ਮੋਰਚਿਆਂ ਵਿੱਚ ਵੀ ਕੈਦ ਕੱਟੀ। ਫਿਰ ਪੂਰੀ ਤਰ੍ਹਾਂ ਇਨਕਲਾਬੀ ਲਹਿਰ ਵਿੱਚ ਕਿਸਾਨਾਂ ਮਜ਼ਦੂਰਾਂ ਦੇ ਸੰਘਰਸ਼ ਨੂੰ ਸਮਰਪਤ ਹੋ ਗਏ। ਇਹਨਾਂ ਯੋਧਿਆਂ ਦੀ ਕੁਰਬਾਨੀ ਨੂੰ ਨਵੀਂ ਪੀੜ੍ਹੀ ਸਾਹਮਣੇ ਪੇਸ਼ ਕਰਨ ਲਈ ਕੁੱਲ ਹਿੰਦ ਕਿਸਾਨ ਸਭਾ ਨੇ ਫੈਸਲਾ ਕੀਤਾ ਹੈ ਕਿ ਸੂਬਾਈ ਕਾਨਫਰੰਸ ਇਹਨਾਂ ਯੋਧਿਆਂ ਨੂੰ ਸਮਰਪਤ ਹੋਵੇਗੀ। ਉਹਨਾਂ ਕਿਹਾ ਕਿ ਅੱਜ ਕਾਰਪੋਰੇਟ ਘਰਾਣਿਆਂ ਦੇ ਰੂਪ ਵਿੱਚ ਅੰਗਰੇਜ਼ ਸਾਮਰਾਜ ਵਾਂਗ ਕਿਸਾਨਾਂ ਮਜ਼ਦੂਰਾਂ ਨੂੰ ਲੁੱਟਣ ਲਈ ਤੱਤਪਰ ਹਨ। ਅੱਜ ਫਿਰ ਕਿਸਾਨ ਸੰਘਰਸ਼ ਉਸੇ ਤਰ੍ਹਾਂ ਸਮੁੱਚੇ ਮਿਹਨਤਕਸ਼ ਸਮਾਜ ਦੀ ਲੜਾਈ ਲੜ ਰਿਹਾ ਹੈ।

## ਪਬਲਿਕ ਨੋਟਿਸ

ਮੈਂ ਕਵਿਤਾ ਮਲਹੋਤਰਾ ਪਤਨੀ ਗੁਲਸ਼ਨ ਮਲਹੋਤਰਾ, ਜੋ ਕਿ ਵਾਕਿਆ ਰਕਬਾ ਪਿੰਡ ਵਰਿਆਣਾ (ਵਰਿਆਣਾ ਇੰਡਸਟ੍ਰੀਅਲ ਕੰਪਲੈਕਸ) ਤਹਿ. ਵਾ ਜ਼ਿਲ੍ਹਾ ਜਲੰਧਰ ਮੇਂ ਇੰਡਸਟ੍ਰੀਅਲ ਬਿਲਡਿੰਗ ਨੰ.11, ਰਕਬਾ 7 ਮਰਲੇ 166 ਵਰਗ ਫੁੱਟ ਦੀ ਮਾਲਕ ਵਾ ਕਾਬਜ਼ ਬਰੂਏ ਬੈਨਾਮਾ ਨੰ. 2020-21/187/1/531 ਮਿਤੀ 11.06.2020 ਐੱਸ.ਆਰ.ਜਲੰਧਰ ਹਾਂ। ਮੇਰੀ ਉਕਤ ਪ੍ਰਾਪਰਟੀ ਬਾਬਤ ਮੁਖਤਿਆਰ ਆਮ ਨੰ. 1189 ਮਿਤੀ 21.06.2010 ਅਤੇ ਮੁਖਤਿਆਰ ਖਾਸ ਨੰ. 3382 ਮਿਤੀ 04.08.2010 ਗੁੰਮ ਹੋ ਗਈਆਂ ਹਨ ਅਤੇ ਇਸ ਦੀ ਜੀ.ਡੀ.ਡੀ. ਨੰ. 026 ਮਿਤੀ 12.03.2025 ਪੁਲਿਸ ਡਵੀਜ਼ਨ ਨੰ. 2, ਜਲੰਧਰ ਵਿਖੇ ਦਰਜ ਕਰਵਾ ਦਿੱਤੀ ਹੈ। ਹੁਣ ਉਪਰੋਕਤ ਦਰਸਾਈ ਜਾਇਦਾਦ ਨੂੰ ਬੈਂਕ ਆਫ ਬੜੌਦਾ ਜੀ.ਟੀ.ਰੋਡ ਜਲੰਧਰ ਕੋਲ ਗਿਰਵੀ ਰੱਖ ਕੇ ਲੋਨ ਅਪਲਾਈ ਕਰਨ ਜਾ ਰਹੀ ਹਾਂ, ਜੇ ਕਿਸੇ ਨੂੰ ਉਕਤ ਮੁਖਤਿਆਰ ਨਾਮੇ ਅਸਲੀ ਮਿਲਦੇ ਹਨ ਜਾਂ ਇਸ ਬਾਬਤ ਕੋਈ ਇਤਰਾਜ਼ ਹੋਵੇ ਤਾਂ ਬਰਾਂਚ ਬੈਂਕ ਆਫ ਬੜੌਦਾ ਜੀ.ਟੀ.ਰੋਡ, ਜਲੰਧਰ ਮੋਬਾਇਲ ਨੰ. 78073-37300 'ਤੇ ਇਸ ਪ੍ਰਕਾਸ਼ਨ ਦੀ ਮਿਤੀ ਤੋਂ 14 ਦਿਨਾਂ ਦੇ ਅੰਦਰ-ਅੰਦਰ ਸੰਪਰਕ ਕਰੇ।

## ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ, ਨਕੋਦਰ ਦੇ ਹਾਊਸ ਟੈਕਸ/ ਪ੍ਰਾਪਰਟੀ ਟੈਕਸ ਰਿਕਾਰਡ ਵਿੱਚ ਪ੍ਰਾਪਰਟੀ ਨੰ: 1299 ਵਾਕਿਆ ਮੁਹੱਲਾ ਰਿਸ਼ੀ ਨਗਰ, ਨਕੋਦਰ ਸ੍ਰੀ ਤਿਲਕ ਰਾਜ ਪੁੱਤਰ ਸ੍ਰੀ ਦੇਵੀ ਦਾਸ ਦੇ ਨਾਂਅ 'ਤੇ ਦਰਜ ਹੈ । ਪ੍ਰਾਰਥੀ ਸ੍ਰੀਮਤੀ ਸਰੋਜ ਪਤਨੀ ਸ੍ਰੀ ਤਿਲਕ ਰਾਜ ਦੀ ਦਰਖਾਸਤ ਅਨੁਸਾਰ ਸ੍ਰੀ ਤਿਲਕ ਰਾਜ ਪੁੱਤਰ ਸ੍ਰੀ ਦੇਵੀ ਦਾਸ ਦੀ ਮੌਤ ਮਿਤੀ:- 25.10.2011 ਨੂੰ ਹੋ ਚੁੱਕੀ ਹੈ । ਪ੍ਰਾਰਥੀ ਸ੍ਰੀਮਤੀ ਸਰੋਜ ਪਤਨੀ ਸ੍ਰੀ ਤਿਲਕ ਰਾਜ ਦੀ ਦਰਖਾਸਤ ਅਨੁਸਾਰ ਸ੍ਰੀ ਤਿਲਕ ਰਾਜ ਪੁੱਤਰ ਸ੍ਰੀ ਦੇਵੀ ਦਾਸ ਦੀ ਮੌਤ ਤੋਂ ਬਾਅਦ ਉਸ ਦੇ ਇਹ ਕਾਨੂੰਨੀ ਵਾਰਿਸ ਹਨ 1. ਸ੍ਰੀਮਤੀ ਸਰੋਜ (ਪਤਨੀ) 2. ਸ੍ਰੀ ਚੇਤਨ ਕੁਮਾਰ (ਪੁੱਤਰ) 3. ਸ੍ਰੀਮਤੀ ਕੰਚਨ (ਪੁੱਤਰੀ) 4. ਸ੍ਰੀਮਤੀ ਪ੍ਰਿਯੰਕਾ (ਪੁੱਤਰੀ) 5. ਸ੍ਰੀਮਤੀ ਆਸ਼ੀਮਾ (ਪੁੱਤਰੀ) ਹਨ । ਇਹਨਾਂ ਤੋਂ ਇਲਾਵਾ ਸ੍ਰੀ ਤਿਲਕ ਰਾਜ ਪੁੱਤਰ ਸ੍ਰੀ ਦੇਵੀ ਦਾਸ ਦਾ ਹੋਰ ਕੋਈ ਵੀ ਕਾਨੂੰਨੀ ਵਾਰਿਸ ਨਹੀਂ ਹੈ । ਇਹ ਕਿ ਸ੍ਰੀ ਚੇਤਨ ਕੁਮਾਰ (ਪੁੱਤਰ), ਸ੍ਰੀਮਤੀ ਕੰਚਨ (ਪੁੱਤਰੀ), ਸ੍ਰੀਮਤੀ ਪ੍ਰਿਯੰਕਾ (ਪੁੱਤਰੀ), ਸ੍ਰੀਮਤੀ ਆਸ਼ੀਮਾ (ਪੁੱਤਰੀ) ਨੇ ਸਵੈ- ਘੋਸ਼ਣਾ ਦੇ ਕੇ ਸਪੱਸ਼ਟ ਕੀਤਾ ਹੈ ਕਿ ਜੇਕਰ ਉਕਤ ਪ੍ਰਾਪਰਟੀ ਨੰ:1299 ਸ੍ਰੀਮਤੀ ਸਰੋਜ ਪਤਨੀ ਸ੍ਰੀ ਤਿਲਕ ਰਾਜ ਦੇ ਨਾਂਅ 'ਤੇ ਕਰ ਦਿੱਤੀ ਜਾਵੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀ ਹੈ । ਪ੍ਰਾਰਥੀ ਵੱਲੋਂ ਹਲਫੀਆ ਬਿਆਨ ਦੇ ਕੇ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਉਸ ਵੱਲੋਂ ਦਿੱਤੀ ਗਈ ਸੂਚਨਾ ਅਤੇ ਦਸਤਾਵੇਜ਼ ਸਹੀ ਅਤੇ ਦਰੁਸਤ ਹੈ, ਇਸ ਵਿੱਚ ਕੁਝ ਵੀ ਛੁਪਾਇਆ ਨਹੀਂ ਗਿਆ ਅਤੇ ਇਸ ਪ੍ਰਾਪਰਟੀ ਦਾ ਕਿਸੇ ਵੀ ਅਦਾਲਤ ਵਿੱਚ ਕੋਈ ਕੇਸ ਨਹੀ ਚੱਲ ਰਿਹਾ ਹੈ । ਪ੍ਰਾਰਥੀ ਵੱਲੋਂ ਇਹ ਵੀ ਲਿਖ ਕੇ ਦਿੱਤਾ ਹੈ ਕਿ ਉਪਰੋਕਤ ਪ੍ਰਾਪਰਟੀ ਦਾ ਟਾਇਟਲ ਤਬਦੀਲ ਕਰਨ ਸੰਬੰਧੀ ਜੋ ਵੀ ਬਣਦੀ ਫੀਸ ਹੋਵੇਗੀ, ਉਹ ਜਮ੍ਹਾਂ ਕਰਵਾਉਣ ਲਈ ਤਿਆਰ ਹੈ। ਇਸ ਲਈ ਪ੍ਰਾਰਥੀ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੇ ਅਧਾਰ 'ਤੇ ਪ੍ਰਾਪਰਟੀ ਨੰ: 1299 ਵਾਕਿਆ ਮੁਹੱਲਾ ਰਿਸ਼ੀ ਨਗਰ, ਨਕੋਦਰ ਦਾ ਟਾਇਟਲ ਹਾਊਸ ਟੈਕਸ/ਪ੍ਰਾਪਰਟੀ ਟੈਕਸ ਮੰਤਵ ਲਈ ਸ੍ਰੀ ਤਿਲਕ ਰਾਜ ਪੁੱਤਰ ਸ੍ਰੀ ਦੇਵੀ ਦਾਸ ਦੇ ਨਾਂਅ ਤੋਂ ਸ੍ਰੀਮਤੀ ਸਰੋਜ ਪਤਨੀ ਸ੍ਰੀ ਤਿਲਕ ਰਾਜ ਦੇ ਨਾਂਅ 'ਤੇ ਤਬਦੀਲ ਕਰਨ ਲਈ ਜੇਕਰ ਕਿਸੇ ਨੂੰ ਵੀ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਇਸ ਨੋਟਿਸ ਦੀ ਪ੍ਰਕਾਸ਼ਨਾ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਦੇ ਸਕਦਾ ਹੈ। ਸਮਾਂ ਬੀਤਣ ਉਪਰੰਤ ਪ੍ਰਾਪਰਟੀ ਸੰਬੰਧਿਤ ਦੇ ਨਾਂਅ 'ਤੇ ਕੇਵਲ ਹਾਊਸ ਟੈਕਸ/ਪ੍ਰਾਪਰਟੀ ਟੈਕਸ ਮੰਤਵ ਲਈ ਤਬਦੀਲ ਕਰ ਦਿੱਤੀ ਜਾਵੇਗੀ ਅਤੇ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ।

ਸਹੀ/- ਕਾਰਜ ਸਾਧਕ ਅਫਸਰ, ਨਗਰ ਕੌਂਸਲ ਨਕੋਦਰ।


## Midland Microfin Limited

CIN: U65921PB1988PLC008430
Registered Office: The Axis, Plot No.1, R.B. Badri Dass Colony, BMC Chowk, G.T. Road, Jalandhar – 144001 (PB.) INDIA Tel.:0181-5074000, Toll Free: 0181-5076000
E-mail Id: cs@midlandmicrofin.com | Website: www.midlandmicrofin.com

### ਅਸਾਧਰਨ ਵਿੱਤੀ ਸੰਪਤੀਆਂ ਦੀ ਵਿਕਰੀ

ਮਿਡਲੈਂਡ ਮਾਈਕਰੋਫਿਨ ਲਿਮਟਿਡ ਵੱਖ-ਵੱਖ ਅਸਧਾਰਨ ਵਿੱਤੀ ਸੰਪਤੀਆਂ ਦੀ ਵਿਕਰੀ ਲਈ ਪ੍ਰਗਟਾਵਿਆਂ ਦੀ ਮੰਗ ਕਰਦਾ ਹੈ, ਵਿਕਰੀ "ਜਿਵੇਂ ਵਿਚ ਜਿਥੇ ਹੈ ਆਧਾਰ ਅਤੇ ਜੋ ਹੈ ਜਿਥੇ ਹੈ" ਅਧਾਰ 'ਤੇ ਅਤੇ 'ਬਿਨਾਂ ਕਿਸੇ ਰੀਕੋਰਸ' ਦੇ ਅਧਾਰ 'ਤੇ ਕੀਤੀ ਜਾਵੇਗੀ। ਯੋਗ ਸੰਭਾਵੀ ਨਿਵੇਸ਼ਕਾਂ ਨੂੰ bhimanshu.gupta@midlandmicrofin.com ਉਪਰ ਈਮੇਲ ਰਾਹੀਂ ਇਕ "ਰੁਚੀ ਦਾ ਪ੍ਰਗਟਾਵਾ" ਦੁਆਰਾ ਹਿੱਸੇਦਾਰੀ ਲਈ ਆਪਣੀ ਇੱਛਾ ਬਾਰੇ ਸੂਚਿਤ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਵੈਬਸਾਈਟ www.midlandmicrofin.com ਦਾ ਹਵਾਲਾ ਲਓ।

ਵਾਸਤੇ ਮਿਡਲੈਂਡ ਮਾਈਕਰੋਫਿਨ ਲਿਮਟਿਡ
ਸਹੀ/-
ਪੰਜਾਬ, 19 ਮਾਰਚ, 2025    ਅਧਿਕਾਰਤ ਹਸਤਾਖਰੀ


## ਪੰਜਾਬ ਨੈਸ਼ਨਲ ਬੈਂਕ punjab national bank

ਬਰਾਂਚ : ਫਿਲੌਰ ਮੇਨ ਬਾਜ਼ਾਰ, ਜੀ. ਟੀ. ਰੋਡ, ਫਿਲੌਰ, ਬਰਾਂਚ-038400, ਜਲੰਧਰ-144410

### ਸਾਡੀ ਬਰਾਂਚ ਵਿਖੇ ਲਾਕਰਾਂ ਦੇ ਕਿਰਾਏ 'ਚ ਬਕਾਇਆਂ ਲਈ ਨੋਟਿਸ

ਪੰਜਾਬ ਨੈਸ਼ਨਲ ਬੈਂਕ, ਬਰਾਂਚ ਦਫਤਰ : ਫਿਲੌਰ ਮੇਨ ਬਾਜ਼ਾਰ, ਜੀ. ਟੀ. ਰੋਡ, ਫਿਲੌਰ, ਜਲੰਧਰ, ਨੇ ਹੇਠਾਂ ਸਾਰਣੀ 'ਚ ਦਰਸਾਏ ਲਾਕਰ ਕਿਰਾਏ 'ਤੇ ਲੈਣ ਵਾਲਿਆਂ ਨੂੰ ਸੇਫ ਡਿਪਾਜ਼ਟ ਵੈਲਟਸ (ਲਾਕਰਜ਼) ਕਿਰਾਏ 'ਤੇ ਦਿੱਤੇ ਸਨ। ਲਾਕਰ ਧਾਰਕਾਂ ਨੇ 3 ਸਾਲ ਤੋਂ ਵੱਧ ਸਮੇਂ ਤੋਂ ਲਾਕਰਾਂ ਦਾ ਕਿਰਾਇਆ ਅਦਾ ਨਹੀਂ ਕੀਤਾ। ਉਨ੍ਹਾਂ ਦੇ ਕਿਰਾਏ ਦਾ ਬਕਾਇਆ ਹੇਠਾਂ ਦਰਸਾਈ ਸਾਰਣੀ 'ਚ ਦਰਸਾਇਆ ਗਿਆ ਹੈ। ਬੈਂਕ ਨੇ ਲਾਕਰ ਕਿਰਾਏ 'ਤੇ ਲੈਣ ਵਾਲੇ ਸੰਬੰਧਤਾਂ ਨੂੰ ਲਾਕਰਾਂ ਦੇ ਬਕਾਇਆ ਕਿਰਾਏ ਲਈ ਤਿੰਨ ਨੋਟਿਸ ਜਾਰੀ ਕੀਤੇ ਸਨ, ਪਰ ਅਜੇ ਤੱਕ ਕੋਈ ਕਿਰਾਇਆ ਜਮ੍ਹਾਂ ਨਹੀਂ ਹੋਇਆ।

| SR NO. | LOCKER NO. | ਨਾਂਅ | ਬਰਾਂਚ |
|---|---|---|---|
| 1. | AA00075 | ਇੰਦਰਜੀਤ ਬੱਸਨ ਅਤੇ ਨੀਨਾ ਬੱਸਨ | ਪੰਜਾਬ ਨੈਸ਼ਨ ਬੈਂਕ ਫਿਲੌਰ ਮੇਨ ਬਾਜ਼ਾਰ ਜੀ. ਟੀ. ਰੋਡ, ਫਿਲੌਰ, ਜਲੰਧਰ |
| 2. | AA00041 | ਛਾਇਆ ਗੁਪਤਾ ਪਤਨੀ ਰਾਕੇਸ਼ ਕੁਮਾਰ | ਪੰਜਾਬ ਨੈਸ਼ਨ ਬੈਂਕ ਫਿਲੌਰ ਮੇਨ ਬਾਜ਼ਾਰ ਜੀ. ਟੀ. ਰੋਡ, ਫਿਲੌਰ, ਜਲੰਧਰ |

ਇਹ ਨੋਟਿਸ ਉਨ੍ਹਾਂ ਲਾਕਰ ਧਾਰਕਾਂ ਨੂੰ ਜਾਰੀ ਕੀਤਾ ਜਾਂਦਾ ਹੈ, ਜਿਨ੍ਹਾਂ ਉੱਪਰ ਦਰਸਾਏ ਲਾਕਰਾਂ ਦੇ ਕਿਰਾਏ ਅਜੇ ਤੱਕ ਅਦਾ ਨਹੀਂ ਕੀਤੇ ਕਿ ਜੇਕਰ ਬੈਂਕ ਨੂੰ ਉਨ੍ਹਾਂ ਦੇ ਕਿਰਾਏ ਤਿੰਨ ਮਹੀਨਿਆਂ ਦੇ ਵਿੱਚ-ਵਿੱਚ ਅਦਾ ਨਹੀਂ ਕੀਤੇ ਜਾਂਦੇ ਤਾਂ ਕਿਰਾਇਆ ਬੈਂਕ ਗਾਈਡ ਲਾਈਨਜ਼ ਅਨੁਸਾਰ ਬੈਂਕ ਸੰਬੰਧਤ ਲਾਕਰ ਧਾਰਕਾਂ ਦੇ ਲਾਕਰ ਉਨ੍ਹਾਂ ਦੇ ਜ਼ੋਖ਼ਮ ਅਤੇ ਲਾਗਤ ਦੇ ਖੋਲ੍ਹ ਦਿੱਤੇ ਜਾਣਗੇ ਅਤੇ ਬੈਂਕ ਇਸ ਦੇ ਕਿਸੇ ਇੱਕ ਹਿੱਸੇ ਜਾਂ ਸਮੁੱਚੀ ਸਮੱਗਰੀ ਦੀ ਜਨਤਕ ਜਾਂ ਨਿੱਜੀ ਵਿਕਰੀ ਦੁਆਰਾ ਇਸ ਦੀ ਅਦਾਇਗੀ ਨੂੰ ਪ੍ਰਾਪਤ ਕਰ ਸਕਦਾ ਹੈ। ਲਾਕਰ ਧਾਰਕ ਵੱਲੋਂ ਬੈਂਕ ਦੇ ਬਕਾਏ ਦੇ ਸੰਤੁਸ਼ਟ ਕਰਨ ਤੋਂ ਬਾਅਦ ਲਾਕਰ ਦੀ ਕੋਈ ਵੀ ਰਕਮ ਅਤੇ ਸਮੱਗਰੀ ਜੋ ਬਾਕੀ ਬਚੀ ਹੈ, ਲਾਕਰ ਕਿਰਾਏ ਦੇ ਲੈਣ-ਦੇਣ ਦੇ ਪੂਰੇ ਜ਼ੋਖ਼ਮ 'ਤੇ ਪੂਰੀ ਜ਼ਿੰਮੇਵਾਰੀ ਅਤੇ ਲਾਗਤ 'ਤੇ ਬੈਂਕ ਦੁਆਰਾ ਰੱਖੀ ਜਾਵੇਗੀ। ਜੇਕਰ ਬੈਂਕ ਨੂੰ ਅਜਿਹੀ ਵਿਕਰੀ ਕਰਨ 'ਤੇ ਅਦਾਇਗੀ ਨਾਕਾਫੀ ਹੋਵੇਗੀ ਤਾਂ ਲਾਕਰ ਧਾਰਕ ਇਸ ਘਾਟ ਲਈ ਜ਼ਿੰਮੇਵਾਰ ਹੋਵੇਗਾ।

ਮਿਤੀ : 18.03.2025    ਸਥਾਨ : ਫਿਲੌਰ    ਪੰਜਾਬ ਨੈਸ਼ਨਲ ਬੈਂਕ

## PUBLIC NOTICE

Under the instruction of Adhaar Housing Finance Ltd.Y.P.Tower Shop No.22, Opp. Easy Day, Jail Road Gurdaspur-143521. (Application No.300853079) I hereby informed the general public that I Uma w/o Raj Kumar R/o Ward No.1, Model Town, PO Dhariwal Tehsil Gurdaspur Distt. Gurdaspur. A DDR has also been got registered in this respect having details SR No: 579980/2025 dated 18/03/2025 PS Dhariwal Tehsil Gurdaspur Distt. Gurdaspur. I Inform you. I have Lost Original Sale Deed I came from my house to Dhariwal Adda Tehsil Gurdaspur Distt. Gurdaspur. dated 15/01/2025, I had my handbag in which my Original sale Deed lost, I tried a lot to find it but could not find it, which is as follows..Sale Deed in favour of Farhat w/o Heera Lal R/o Quarter No.56, Model Town Dhariwal, Distt Gurdaspur Property Property House No.56 Measuring 0-5 Marle Situated at Industrial Housing Colony, Model Town, Dhariwal, Distt.Gurdaspur. Registered Document No.3908 bhi No.22/10/1999. Anybody having claim or claiming any prior rights or interest in any manner in this property or has raised loan by depositing the aforesaid Sale Deed to any person/ bank/ corporation/ financial institution may approach the undersigned in writing and may submit objections within 7 days from the date of this public notice in writing. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Adhaar Housing Finance, Ranjeet Avenue. Amritsar.

Rajinder Kumar Advocate
Distt. Court Gurdaspur Ph: 9872754226

## COURT NOTICE

(U/o 5 Rule 20 CPC)
In The Court of
Sh. Amandeep Singh
Civil Judge, (Senior Division), Tarn Taran

Next Date, Purpose of Case, Orders and Judgments as well as other case information is available on http://districts.ecourts.gov.in

CNR No. PBTT02-001093-2024
Next Date : 22.04.2025
Satwinder Jit Pal Singh
Vs
General Public
Publication Issued To:
General Public
:- Tarn Taran

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 22.04.2025 at 10:00 a.m.

For details logon to https://highcourtchd.gov.in/?trs=district_notice&district=Tarn Taran

Civil Judge, (Senior Division) Tarn Taran
Dated this day of 04-03-2025

## COURT NOTICE

In The Court of
MS. Gurpreet Kaur-II
Judicial Magistrate First Class-2 Zira
CNR No.:- PBFZA1-000205-2022
Next Date:-07-04-2025
HDFC Bank Ltd
Vs.
Raj Kumar
Detail of offence:-
Notice To:
Raj Kumar
Father: Om Parkash
Vill. Mallanwala Teh. Zira

In above titled case, the accused could not be served. It is ordered that accused should appear in person or through counsel on 07-04-2025 at 10.00 a.m.

For details logon to https://highcourtchd.gov.in/?mod=district_notice&district=mogacourt.

Judicial Magistrate First Class-2, Zira
Dated, this day of 18-03-2025

## COURT NOTICE

In The Court of
MS.Gurpreet Kaur-II
Judicial Magistrate First Class-2 Zira
CNR No.:- PBFZA1-000318-2024
Next Date:-17-04-2025
HDFC BANK LTD.
Vs.
NIRVAIL SINGH
Detail of offence:-
Notice To:
Nirvail Singh
Father: :- Sukhdev Singh
Ward No. 2 Mallanwala Sub Teh. Mallanwala, Teh. Zira, Distt. Ferozepur.

In above titled case, the accused could not be served. It is ordered that accused should appear in person or through counsel on 17-04-2025 at 10.00 a.m.

For details logon to https://highcourtchd.gov.in/?mod=district_notice&district=mogacourt.

Judicial Magistrate First Class-2, Zira
Dated, this day of 18-03-2025

## COURT NOTICE

(U/o 5 Rule 20 CPC)
In the Court of
Ms. Navdeep Gill
Civil Judge (Senior Division), Patiala
CNR No. PBPT02-000302-2025
Next Date :- 30-04-2025
Shveta Bhanot
Vs.
General Public
Notice To :
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 30.04.2025 at 10:00 A.M.

For details logon to https://highcourtchd.gov.in/?mod=district_notice&district=Patiala

Civil Judge (Senior Division), Patiala
Dated this day of 18-03-2025

# ਕਲਾਸੀਫਾਈਡ ਇਸ਼ਤਿਹਾਰ

## Change of Name

I, Ajay Kumar S/o Dewan Chand R/o H.No 182, Guru Gobind Singh Avenue, Jalandhar Punjab declare that i have changed my name from Ajay Kumar to Ajay Jindal. Please Note .

I, Ritika Goyal W/o Ajay Jindal R/o H.No 182, Guru Gobind Singh Avenue, Jalandhar Punjab declare that i have changed my name from Ritika Goyal to Ritika Jindal after my marriage. Please Note .

I, Paramjeet Kaur w/o Satnam Singh R/o Village Udhowal PO Khokhar Faujjian Distt Gurdaspur have changed my name from Paramjeet Kaur to Paramjit Kaur. Concerned note.

I, Ponam Sharma W/O Sehdeep Sharma R/O F23/90, Street No 9, New Jawahar Nagar, Batala Road Amritsar Have Changed My Name From Ponam Sharma To Poonam Sharma.

I Roshan Lal Sharma S/O Bhag Mal R/O F23/90, Street No 9, New Jawahar Nagar, Batala Road Amritsar Have Changed My Name From Roshan Lal Sharma To Roshan Lal.

I, Surekha Chopra W/O Sanjeev Kumar R/O 106, Gurbax Nagar, Amritsar,Punjab have changed my name from Surekha Chopra to Surekha Sharma. Concerned note.

I, Daljeet Singh W/O Jagir Singh R/O H.No.119, Village Mulechak, Raja Estate, Amritsar, Punjab have changed my name from Daljeet Singh to Daljeet Kaur. Concerned note.

I, Jaspreet Singh W/O Vinay Singh R/O H.No.119, Raja Estate,Village Mulechak, Amritsar, Punjab have changed my name from Jaspreet Singh to Jaspreet Kaur. Concerned note.

I, Minakashi D/o. Sh. Dharminder Suri Residence of Village & Post Office- Pachranga, District-Jalandhar -144201, Punjab, India, have changed my name from Minakashi to Minakashi Suri. Please note.

I, Dharminder Kumar S/o. Sh. Lal Chand Suri Residence of Village & Post Office-Pachranga, District-Jalandhar-144201, Punjab, India, have changed my name from Dharminder Kumar to Dharminder Suri. Please note.

I, Shagandeep Singh S/o Manjit Singh R/o Village Saido Lehal, PO Tarsikka, Tehsil Baba Bakala, Distt Amritsar, Punjab have changed my name from Shagandeep Singh to Singh is my surname and Shagandeep is my given name.

I, Manpreet Kaur W/o Shri Kamaljeet Singh, R/o VPO. Mona Kalan, Tehsil & Distt. Hoshiarpur have changed my name from Manpreet Kaur to Kaur Manpreet. All Concerned may be noted. (11689)

I, Pinky Rani W/o Sh. Rajesh Verma R/o H. No. 100-A, Shakti Nagar, Jalandhar after marriage I have changed my name from Pinki Rani to Pinky Verma. All Concerned Please note. (11692)

I,Tajinder Kaur W/o Pardeep Singh Bhullar R/o H.No.183/06, Darshan Avenue, Amritsar have changed my Daughter's name from Mehakdeep Kaur to Mehakdeep Kaur Singh.

I,Tajinder Kaur W/o Pardeep Singh Bhullar R/o H.No.183/06, Darshan Avenue, Amritsar have changed my Daughter's name from Mehardeep Kaur to Mehardeep Kaur Singh.

I, Amit Mehra S/o Kewal Krishan Resident of Jakria, PO Dinanagar, Distt. Gurdaspur, Punjab. I have changed my name from Amit Mehra to Amit Kumar. All concerned please note.

I, Kewal Kishan S/o Dewan Singh Resident of Jakria, PO Dinanagar, Distt. Gurdaspur, Punjab. I have changed my name from Kewal Kishan to Kewal Krishan. All concerned please note.

I, Gurmal Singh S/o Gurcharan Singh R/o Vill Saidopura Teh Ajnala Amritsar have changed my name to Gurmel Singh.

I, Jaspreet Kaur Chhatwal W/o Jaspreet Singh R/o H.No.122, G.T. Road, Near Purani Chungi, Dashmesh Avenue, Chheharta, Amritsar have changed my name from Jaspreet Kaur Chhatwal to Jaspreet Kaur. All Concerned to be Noted.

I, Jaspreet Singh Wadhwa S/o Manohar Singh, R/o H.No.122, G.T. Road, Near Purani Chungi, Dashmesh Avenue, Chheharta, Amritsar have changed my name from Jaspreet Singh Wadhwa to Jaspreet Singh. All Concerned to be Noted.

I, Balwinder Kumar Sharma S/o Rattan Chand Sharma R/o H.No.267-C, Railway Colony, Kot Khalsa Amritsar have changed my name from Balwinder Kumar Sharma to Varinder Kumar Sharma.

I, Jashanpreet Kaur W/o Jaskaran Singh R/o Kapura Po Ballarwal 7 District Gurdaspur have declare that Jashanpreet is my Given name and Kaur is my Surname.

I, Jasanpreet Singh S/o Daljit Singh R/o Chatiwind Lelan PO Akalgarh Dhapian Amritsar have changed my name from Jasanpreet Singh to Jashanpreet Singh.

I, Harjot Kaur Ghataura W/o Amardeep Singh R/o Nazdik New Bus Stand Majitha Amritsar have changed my name from Harjot Kaur Ghataura to Harjot Kaur.

I, Karanbir Singh S/o Baljit Singh R/o H.No.29, Gali No.1, New Ranjit Pura Chheharta Amritsar have declare that Karanbir is my Given name and Singh is my Surname.

I, Sarbjit Kaur W/o Hardeep Singh R/o Village Chak Mukand, PO Chakmukand, Amritsar 143107 have changed my name from Sarabjit Kaur to Sarbjit Kaur.

I, Bikramjeet Singh S/o Kuldeep Singh resident of L-12/742/2, Habibpura Sultanwind Road, Amritsar have declared that Singh is my surname and Bikramjeet is my given name.

I, Sonia W/o Pawan Joshi R/o H.No.46, Near Bhabha High School 88 Feet Road, Sandhu Colony, Majitha Road, Amritsar have changed my name from Soni to Sonia Joshi.

I, Ashok Kumar S/o Narinder Dutt R/o H. No. 380, Gali No.5, Krishna Nagar, Jaura Phatak, Amritsar, Punjab have changed my name from Ashok Kumar to Ashok Sharma. Concerned note.

## Change of Name

I, Gurvinder kaur w/o Harpal Singh R/o 7-B,University enclave Ladhewali jalandhar Punjab 144005 have changed my name from Gurvinder kaur to Gurwinder kaur.All concerned please note.

I, Gurdayal Singh S/o Gurbax Singh R/o VPO. Jaito Sarja, Tehsil Batala, Distt. Gurdaspur, Punjab have changed my name to Gurdial Singh. Concerned Note.

I, Preet Kaur D/O Hoshiar Singh. R/o Near Nagra Karyana Store, Saili Bhadroya, Pathankot, Punjab-145001. have changed my name and shall hereafter be Known as Kajal.

I, Ankush Kumar alias Pushpender Singh S/O Ravinder Kumar alias Kaptan, R/o Near Water Tank, Pharal, Kaithal, Haryana-136021, have changed my name and shall hereafter be known as Pushpender Singh Rana.

I, Sunil Kumar S/O Bhim Singh ,R/o Hosue No-1067, Badshahpur, Gurgaon, Haryana- 122101, I have changed the name of my minor daughter Himanshu Vashist aged about 16 Years and She shall hereafter be known as Himanshi Vashist.

I, Beenu Sethi, W/O Rakesh Kumar Sawhney R/o House No-360, Sector-21A, Faridabad, Haryana- 121001. have changed my name and shall hereafter be Known as Beenu Sahwney.

I, Vikas Bhardwaj S/O Ran Singh Bhardwaj, R/o No 161, B/1, J P Colony, Rohtak, Haryana-124001, I have changed the name of my minor Son Divyang aged about 15 Years and He shall hereafter be known as Divyanshu Bhardwaj.

I, Irfan Khan Zaildar S/O Mohammad Iqbal Zaildar, R/o Dehliz Kalan, Sangrur, Punjab- 148021, have changed my name and shall hereafter be Known as Irfan Khan.

I, Sukhvinder Kaur W/o Surjit Singh R/o H.No.344, St. No.4, Guru Nanak Pura West, Chogitti, Jalandhar have changed my name to Sukhwinder Kaur. All concerned please note.

I, Surjeet Singh S/o Shanker Singh R/o H.No. 344, St. No.4, Guru Nanak Pura West, Chogitti, Jalandhar have changed my name to Surjit Singh. All concerned please note.

I, Pavnit Grewal C/o Gurjinder Singh R/o Village Ramuwal, Tehsil Nakodar, Jalandhar, Punjab-144041, India have changed my name from Pavnit Grewal to Pavnit Kaur. All concerned please note.

I, Makhan Singh Jandu S/o Amar Jandu R/o Vill. Danduwal, P.O. Pasla, Tehsil Phillaur, Distt. Jalandhar, Punjab-144037, India have changed my name from Makhan Singh Jandu to Given Name as Makhan Singh & Surname as Jandu. All concerned please note.

I, Raman Gupta W/o Parshotam Lal R/o H.No. 107, New Harbans Nagar, Basti Mithu, PO. Basti Guzan, Jalandhar, Punjab have changed my name from Raman Kumari to Raman Gupta. All concerned please note.

I, Amarjit Kaur Wife Of Maninder Mahey Resident of Lidhran, PO. Lidhran, Distt. Jalandhar, Punjab - 144004, India Have Changed My Minor Daughter's name from Ekam to Given Name as Ekam & Surname as Kaur. All Concerned. Please Note.

I, Rakesh Kumar S/O Kishore Chand Verma R/O H. No.122, Main Ajnala Road, Near Golden Planet Resort, Krishan Kutir, Shiva Enclave, Raja Sansi, Amritsar, Punjab have changed my name from Rakesh Kumar to Rakesh Kumar Verma. Concerned note.

I, Anjali W/O Rakesh Kumar Verma R/O H.No.122, Main Ajnala Road,Near Golden Planet Resort, Krishan Kutir, Shiva Enclave, Raja Sansi, Amritsar, Punjab have changed my name from Anjali to Anjali Verma. Concerned note.

I, Daljeet Kaur wife of Baljinder Singh resident of Village Nawan Pind, PO Balbawa, Tehsil Ajnala, District Amritsar, have changed my name to Daljeet is my Given name and Kaur is my Surname.

I, Tarnvir Singh W/o Sh. Sukhwinder Singh R/o VPO Hajipur, Adarsh Colony,Teh. Mukerian & Distt. Hoshiarpur, Punjab, India, have changed my name from Tarnvir Singh to Taranvir Singh. Concerned note.

I, Revail Kaur Alias Charanjit Kaur W/O Davinder Singh R/O Vill. Balarwal Post Office Mari Tanda Tehsil Batala Distt. Gurdaspur Punjab India, Have Changed My Name From Revail Kaur Alias Charanjit Kaur To Revail Kaur.

I, Manjit Kaur Alias Nimrata Kaur W/O Paramjit Singh R/O H No 73/1 Arjan Nagar Basti Mithu Backside Sports College Jalandhar Punjab India, Have Changed My Name From Manjit Kaur Alias Nimrata Kaur To Manjit Kaur.

I, Hitherto known as Gunjan D/O Inderjit Singh R/O Village Atta,P.O Goraya, Tehsil Phillaur, Distt. Jalandhar-144409 Punjab (India) have changed my name and shall hereafter be known as Gunjan kaur.

I, Rani Prem Kanta W/O Vijay Kumar Jairath R/O H.no. 28-g.f Saraswati Vihar, Kapurthala Road, Jalandhar, 144008, Punjab, India. Have Changed My Name From Rani Prem Kanta To Rani Jairath.

I,Tirath s/o Nirmal Ram r/o Village Nangal Karar Khan, Jalandhar-144024, Punjab have changed my name from Tirath to Tirath Ram. All Please Note.

I, Raminder Kaur Bajwa W/o No. 7081275m Rank: Havildar Harpinder Singh R/o H.No.131 New Dashmesh Nagar, Jalandhar, Punjab have changed my name from Raminder Kaur Bajwa to Raminder Kaur Randhawa. All Please Note.

I, Akashdeep Singh S/o Lakhvir Singh R/o Village Dariya, Po. Ghorewaha, Hoshiarpur-146116, Punjab have changed my name from Akashdeep Singh to Singh Akashdeep, (Surname as Singh).

## Change of Name

I, Gaurav S/o Kewal Krishan R/o H.No. 254, Sodal Nagar, Back Side Sodal Mandir, Jalandhar, Punjab have changed my minor son's name from Reyansh to Reyansh Arora. All Please Note. ®

I, Bhupinder Kaur W/o Balwinder Singh R/o VPO. Bhalaipur Purban, Distt. Amritsar declare that Bhupinder Kaur and Bhinder Kaur is one and the same person. All Please Note.

I, Anoop Shori Anoop Kumar Sharma S/o Ashok Kumar Sharma R/o H.No. NB-292, New Laxmi Pura, Jalandhar have changed my name.

I, Kavya D/o Kulwinder Pal Attri R/o H.No.31-A, Nijatam Nagar, Opp Park, Basti Nau, Jalandhar, Punjab have changed my name from Kavya to Kavya Attri. (Attri as surname) All Please Note.

I, Gurpreet Singh S/o Harjinder Singh R/o Village Chanchak, Tehsil Bholath, Distt. Kapurthala, Punjab-144622, have changed my name and shall hereafter be known as Singh Gurpreet. All Please Note.

I, Davinder Jeet Kaur W/o Parminder Singh R/o H.No. 844, Urban Estate Phase-1, Jalandhar, Punjab, 144022 changed my name to Davinderjit Kaur.

I Ramanjeet Singh Sahni S/o Daljit Singh R/o 468R Model Town Jalandhar Declare That I have changed my name from Ramanjeet Singh To Ramanjeet Singh Sahni.

I Onkar Nath S/O Nasib Chand Kapil R/O H No. 5,Nanak Nagar, P O-ladhewali , Dist Jalandhar Pb 144007, Have Changed My Name To Onkar Nath Kapil

I Sunita W/O Balwinder Singh R/O-chomon, P O-adampur, Dist Jalandhar .pb 144103, Have Changed My Name To Sunita Kumari

I Kajal W/o Harpal Neela R/o VPO Mehtan, Teh. Phagwara, Kapurthala - 144402 , Punjab, have changed my name from Kajal to Kajal Rani. All concerned please note.

I Arun Kumar S/o Hakumat Rai R/O H.No. 13, Laxmipura, Jalandhar-144001, have changed my name from Arun Kumar to Arun Puri in which given name Arun and surname as Puri. All concerned please note.

I, Kuldeep Singh S/O Surinder Singh, Resident Of H. No. 01, Guru Harkrishan Nagar, Basti Guzan, Jalandhar-144002 Has Changed My Minor Daughter Name As Bhavneet To Bhavneet Kaur. All Concerned May Note It.

## ਬੇਦਖਲੀ ਨੋਟਿਸ

ਮੈਂ ਮਨਜੀਤ ਕੌਰ ਪਤਨੀ ਲੇਟ ਮਹਿੰਦਰ ਸਿੰਘ ਵਾਸੀ 40, ਗੋਬਿੰਦ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਮੀਤ ਸਿੰਘ ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ, ਆਪਣੀ ਮਨ ਮਰਜੀ ਕਰਦਾ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਬਲਦੇਵ ਸਿੰਘ ਪੁੱਤਰ ਸਰਦਾਰਾ ਸਿੰਘ ਵਾਸੀ ਪਿੰਡ ਰਮਾਨਾ ਚੱਕ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਿਕਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜਸਵੰਤ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਸਮੀਪੁਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ, ਉਸਦੀ ਪਤਨੀ ਮਨਦੀਪ ਕੌਰ ਅਤੇ ਇਨ੍ਹਾਂ ਦੀ ਪੁੱਤਰੀ ਮਨਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਵੀਰ ਕੌਰ ਪਤਨੀ ਲੇਟ ਸ੍ਰੀ ਤਰਸੇਮ ਲਾਲ ਵਾਸੀ ਮਕਾਨ ਨੰਬਰ 62, ਵਾਰਡ ਨੰਬਰ 10, ਮੁੱਹਲਾ ਲੋਹਾਰਾ, ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਜੇ ਕੁਮਾਰ ਪੁੱਤਰ ਸ੍ਰੀ ਤਰਸੇਮ ਲਾਲ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਰਾਜ ਕੁਮਾਰ ਪੁੱਤਰ ਸ੍ਰੀ ਗੁਰਦਾਸ ਵਾ ਦਰਸ਼ਨਾ ਦੇਵੀ ਪਤਨੀ ਰਾਜ ਕੁਮਾਰ ਵਾਸੀਆਨ ਪਿੰਡ ਪੰਡੋਰੀ ਬੀਤ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੇ ਹਾਂ ਕਿ ਸਾਡੀ ਪੁੱਤਰੀ ਤਾਨੀਆ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ...

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# 25 ਵਾਂ ਰਾਸ਼ਟਰੀ ਰੰਗਮੰਚ ਉਤਸਵ



ਅੰਮ੍ਰਿਤਸਰ, (ਪੱਟੀ)-ਰਾਸ਼ਟਰਪਤੀ ਐਵਾਰਡ ਨਾਲ ਸਨਮਾਨਤ ਸ਼ੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਅਗਵਾਈ ਹੇਠ ਵਿਸ਼ਵ ਪ੍ਰਸਿੱਧ ਨਾਟ ਸੰਸਥਾ ਮੰਚ-ਰੰਗਮੰਚ ਵੱਲੋਂ ਵਿਰਸਾ ਵਿਹਾਰ ਅੰਮ੍ਰਿਤਸਰ ਦੇ ਸਹਿਯੋਗ ਨਾਲ 25 ਵਾਂ 10 ਦਿਨਾ ਰਾਸ਼ਟਰੀ ਰੰਗਮੰਚ ਉਤਸਵ ਦੇ ਚੌਥੇ ਦਿਨ ਗੁਰਮੇਲ ਸ਼ਾਮ ਨਗਰ ਦੁਆਰਾ ਲਿਖੇ ਅਤੇ ਨਿਰਦੇਸ਼ਤ ਕੀਤੇ ਦੋ ਨਾਟਕ 'ਜੁੱਤੀ ਕਸੂਰੀ' ਅਤੇ 'ਮੇਰੇ ਖ਼ੂਨ ਨੇ ਰੁੱਖ ਸਿੰਜਿਆ ਹੈ' ਵਿਰਸਾ ਵਿਹਾਰ ਦੇ ਸ੍ਰ. ਕਰਤਾਰ ਸਿੰਘ ਦੁੱਗਲ ਆਡੀਟੋਰੀਅਮ 'ਚ ਸਫ਼ਲਤਾਪੂਰਵਕ ਪੇਸ਼ ਕੀਤੇ ਗਏ। ਜੁੱਤੀ ਕਸੂਰੀ ਨਾਟਕ ਪੰਜਾਬੀ ਲੋਕ ਗਾਇਕਾ ਪਦਮ ਸ੍ਰੀ ਸੁਰਿੰਦਰ ਕੌਰ ਦੀ ਗਾਇਕੀ ਅਤੇ ਜੀਵਨੀ 'ਤੇ ਅਧਾਰਤ ਹੈ। ਜਿਸ ਵਿੱਚ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਤੋਂ ਇਲਾਵਾ ਪੰਜਾਬੀ ਲੋਕ ਗੀਤਾਂ ਦੀ ਭਾਵਭਿੰਨੀ ਮਿਠਾਸ ਦਾ ਰੰਗ ਇਸ ਨਾਟਕ ਵਿੱਚ ਵੇਖਣ ਨੂੰ ਮਿਲਿਆ। ਜੁੱਤੀ ਕਸੂਰੀ ਨਾਟਕ ਦੀ ਮੁੱਖ ਭੂਮਿਕਾ ਰਮਨ ਰੂਪੋਵਾਲੀ ਨੇ ਦਮਦਾਰ ਅਦਾਕਾਰੀ ਪੇਸ਼ ਕੀਤੀ। ਦੂਸਰਾ ਨਾਟਕ 'ਮੇਰੇ ਖ਼ੂਨ ਨੇ ਰੁੱਖ ਸਿੰਜਿਆ ਹੈ' ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਕੁਰਬਾਨੀ ਅਤੇ ਵਿਚਾਰਧਾਰਾ 'ਤੇ ਰੋਸ਼ਨੀ ਪਾਉਂਦਾ ਹੈ। ਇਸ ਨਾਟਕ ਵਿੱਚ ਸਤਬੀਰ ਸਿੰਘ, ਗੁਰਦੀਪ ਸਿੰਘ, ਵਿਸ਼ਾਲ, ਦੀਪਕ ਕੁਮਾਰ, ਮਨੋਹਰ ਸਿੰਘ, ਨਰਾਇਣ, ਦਾਮਿਨੀ, ਮਨਜੀਤ ਕੌਰ, ਸਚਿਨਪ੍ਰੀਤ ਸਿੰਘ ਅਤੇ ਪਲਕ ਨੇ ਵੱਖ-ਵੱਖ ਭੂਮਿਕਾਵਾਂ ਨਿਭਾਈਆਂ। ਗੀਤ ਅਤੇ ਸੰਗੀਤ ਆਸ਼ਿਸ਼ਪ੍ਰੀਤ ਸਿੰਘ ਅਤੇ ਗੁਰਮੇਲ ਸ਼ਾਮ ਨਗਰ ਵੱਲੋਂ ਦਿੱਤਾ ਗਿਆ। ਰੋਸ਼ਨੀ ਪ੍ਰਭਾਵ ਹਰਪ੍ਰੀਤ ਸਿੰਘ ਵੱਲੋਂ ਨਿਭਾਇਆ ਗਿਆ।ਇਸ ਮੌਕੇ ਕੇਵਲ ਧਾਲੀਵਾਲ, ਕੁਲਬੀਰ ਸੂਰੀ, ਪ੍ਰਿੰ. ਮੋਨਾ ਕੌਰ, ਜਸਬੀਰ ਗਰੇਵਾਲ, ਮਾਸਟਰ ਕੁਲਜੀਤ ਵੇਰਕਾ ਸਮੇਤ ਨਾਟ ਪ੍ਰੇਮੀ ਹਾਜ਼ਰ ਸਨ।

# ਐਚ ਪੀ ਨੇ ਏ ਆਈ ਕਮਰਸ਼ੀਅਲ ਪੀਸੀ ਦੀ ਨਵੀਂ ਰੇਂਜ ਲਾਂਚ ਕੀਤੀ

ਚੰਡੀਗੜ੍ਹ : ਐਚ ਪੀ ਨੇ ਭਾਰਤ ਵਿੱਚ ਆਪਣੇ ਨੇਕਸਟ ਜਨਰੇਸ਼ਨ ਕਮਰਸ਼ੀਅਲ ਏ ਆਈ ਪੀਸੀ ਦੀ ਨਵੀਂ ਰੇਂਜ ਪੇਸ਼ ਕੀਤੀ। ਇਸ ਰੇਂਜ ਨੂੰ ਖਾਸ ਤੌਰ 'ਤੇ ਕੰਪਨੀਆਂ ਅਤੇ ਪ੍ਰੋਫ਼ੈਸ਼ਨਲਜ਼ ਦੀਆਂ ਬਦਲਦੀਆਂ ਹੋਈਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਡਿਜ਼ਾਇਨ ਕੀਤਾ ਗਿਆ ਹੈ। ਇਸ ਲਾਈਨਅਪ ਵਿੱਚ ਐਚ ਪੀ ਇਲਾਈਟਬੁੱਕ ਅਲਟਰਾ ਜੀ1ਆਈ 14 ਇੰਚ, ਐਚ ਪੀ ਇਲਾਈਟਬੁੱਕ ਐਕਸ ਜੀ1ਆਈ 14 ਇੰਚ ਅਤੇ ਐਚ ਪੀ ਇਲਾਈਟਬੁੱਕ ਐਕਸ ਜੀ1ਆਈ ਫਲਿੱਪ 14 ਇੰਚ ਮਾਡਲ ਸ਼ਾਮਲ ਹਨ। ਇਨ੍ਹਾਂ ਸਾਰੇ ਮਾਡਲਾਂ ਵਿੱਚ ਨਵੀਨਤਮ ਇੰਟੈਲ ਕੋਰ ਅਲਟਰਾ ਪ੍ਰੋਸੈਸਰ ਲਗਾਏ ਗਏ ਹਨ। ਇਸ ਦੇ ਇਲਾਵਾ, ਐਚ ਪੀ ਨੇ ਭਾਰਤ ਵਿੱਚ ਇਲਾਈਟਬੁੱਕ ਐਕਸ ਜੀ1ਏ 14 ਇੰਚ ਨੋਟਬੁੱਕ ਵੀ ਲਾਂਚ ਕੀਤੀ ਹੈ, ਜਿਸ ਵਿੱਚ ਏ ਐਮ ਡੀ ਰਾਇਜ਼ਨ ਪ੍ਰੋਸੈਸਰ ਅਤੇ ਐਚ ਪੀ-ਵਿਸ਼ੇਸ਼ ਐਨ ਪੀ ਯੂ ਸ਼ਾਮਲ ਹੈ, ਜੋ 55 ਟੀ ਓ ਪੀ ਐਸ ਤੱਕ ਦੀ ਪਰਫਾਰਮੈਂਸ ਦਿੰਦਾ ਹੈ। ਐਚ ਪੀ ਇੰਡੀਆ ਦੇ ਸੀਨੀਅਰ ਡਾਇਰੈਕਟਰ, ਪਰਸਨਲ ਸਿਸਟਮਸ ਵਿਨੀਤ ਗਿਹਾਨੀ ਨੇ ਕਿਹਾ, '2025 ਏਆਈ ਪੀਸੀ ਨੂੰ ਅਪਣਾਉਣ ਦੇ ਮਾਮਲੇ ਵਿੱਚ ਇੱਕ ਮਹੱਤਵਪੂਰਨ ਪੜਾਅ ਹੈ।'

## PUBLIC NOTICE

I Roshan Lal son of Ram Diyal and Kamaljeet wife of Roshan Lal R/o Sufi Pind, Jalandhar, PIN-144024 My son Rahul is not under my control. I disinherit him from my all movable and immovable property. Anybody dealing with him at their own risk.

I, Jaspal S/o Gian Chand and Kamlesh w/o Jaspal R/o Village Dhandour PO. Isharwal Jalandhar declare that our daughter Anjali out of our control. So we disowned her from our all moveable and immoveable property. anybody dealing with her at their own risk.

## ਨਾਂਅ ਦੀ ਬਦਲੀ

ਮੈਂ, ਗੁਰਮੀਤ ਲਾਲ ਪੁੱਤਰ ਸ੍ਰੀ ਕੁੰਦਨ ਲਾਲ ਵਾਸੀ ਪਿੰਡ ਜੱਲੋਵਾਲ ਕਲੋਨੀ ਡਾਕਖਾਨਾ ਜੱਲੋਵਾਲ ਤਹਿਸੀਲ ਆਦਮਪੁਰ ਜਿਲਾ ਜਲੰਧਰ, ਪੰਜਾਬ, ਨੇ ਆਪਣੀ ਨਬਾਲਿਗ ਲੜਕੀ ਅਨੁਸ਼ਕਾ ਦਾ ਨਾਮ ਬਦਲ ਕੇ ਅਨੁਸ਼ਕਾ ਰਾਣੀ ਰੱਖ ਲਿਆ ਹੈ।

ਮੈਂ, ਪਰਮਜੀਤ ਸਿੰਘ ਪੁੱਤਰ ਸ੍ਰੀ ਰਲਾ ਸਿੰਘ ਪਿੰਡ ਸੈਦੋਵਾਲ ਤਹਿਸੀਲ ਦਸੂਆ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਪਰਮਜੀਤ ਸਿੰਘ ਤੋਂ ਬਦਲ ਕੇ ਪ੍ਰੀਤਮ ਸਿੰਘ ਰੱਖ ਲਿਆ ਹੈ।

ਮੈਂ, ਜਸਕਰਨ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਰਾਜਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਜਸਕਰਨ ਤੋਂ ਬਦਲ ਕੇ ਜਸਕਰਨ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ, ਕੁਲਵਿੰਦਰ ਕੌਰ ਪਤਨੀ ਲੇਟ ਦਰਸ਼ਨ ਸਿੰਘ ਵਾਸੀ ਅਮਰ ਸਿੰਘ ਵਾਸੀ ਜੀ 2060, 2061, ਰਣਜੀਤ ਐਵੀਨਿਊ, ਅੰਮ੍ਰਿਤਸਰ, ਪੰਜਾਬ ਹਾਲ ਵਾਸੀ ਮਕਾਨ ਨੰ: 2268, ਜਲਵਾਯੂ ਵਿਹਾਰ, ਸੈਕਟਰ 67, ਮੋਹਾਲੀ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਰਾਜਬੀਰ ਸਿੰਘ, ਨੂੰਹ ਜਗਰੂਪ ਕੌਰ ਪਤਨੀ ਰਾਜਬੀਰ ਸਿੰਘ ਤੇ ਪੋਤੇ ਮਾਸਟਰ ਗੁਰਆਸੀਸ ਸਿੰਘ ਨੂੰ ਮਿਤੀ 14.10.2015 ਨੂੰ 'ਅਜੀਤ' ਅਖਬਾਰ ਰਾਹੀਂ। ਐਫੀਡੇਵਿਟ ਰਾਹੀਂ ਨੋਟਿਸ ਦੇ ਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਇਹ ਉਕਤ ਸਾਰੇ ਮੇਰੇ ਕਹਿਣੇ ਵਿਚ ਹਨ। ਮੈਂ ਆਪਣੇ ਵੱਲੋਂ ਦਿੱਤੇ ਬੇਦਖਲੀ ਨੋਟਿਸ ਨੂੰ ਰੱਦ ਕਰਦੀ ਹਾਂ । ਹੁਣ ਉਕਤ ਸਾਰੇ ਮੇਰੀ ਚੱਲ-ਅਚੱਲ ਜਾਇਦਾਦ ਦੇ ਕਾਨੂੰਨ ਅਨੁਸਾਰ) ਹੱਕਦਾਰ ਹੋਣਗੇ।

ਜਸਪਾਲ ਸਿੰਘ ਪੁੱਤਰ ਨਛੱਤਰ ਸਿੰਘਭੁਟਾਲ ਖੁਰਦਬੀਐਸ-898ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਮਨਦੀਪ ਸਿੰਘ ਪੁੱਤਰ ਛੋਟਾ ਸਿੰਘ ਦੇਹਲਾ ਰਕਬਾ ਭੁਟਾਲ ਖੁਰਦਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾ ਵਿੱਚ ਕਰ ਸਕਦਾ ਹੈ ਵੱਲੋਂ:- ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਬੰਗਾਂ।

ਮੈਂ, ਜਸਪਾਲ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਮਕਾਨ ਨੰ. 61, ਗਲੀ ਨੰ: 2-ਬੀ, ਬਾਬਾ ਦੀਪ ਸਿੰਘ ਨਗਰ, ਤਹਿ. ਵਾ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਮੇਰਾ ਵਾਕਿਆ ਅਬਾਦੀ ਪਠਾਨਕੋਟ ਬਾਈਪਾਸ, ਜਲੰਧਰ ਵਿਖੇ ਮੈਸ. ਓਂਕਾਰ ਟਰੇਨਿੰਗ ਐਂਡ ਟੈਸਟ ਸੈਂਟਰ ਦੇ ਨਾਂਅ ਨਾਲ ਇਮੀਗਰੇਸ਼ਨ ਦਾ ਕਾਰੋਬਾਰ ਹੈ। ਇਹ ਹੈ ਕਿ ਦੀਪਕ ਹਰਸ਼, ਜੋ ਮੇਰੇ ਨਾਲ ਕੰਮ ਕਰਦਾ ਸੀ, ਜੋ ਮੇਰੀ ਫਰਮ ਦੇ ਨਾਂਅ 'ਤੇ ਲੋਕਾਂ ਨਾਲ ਠੱਗੀਆਂ ਮਾਰਦਾ ਸੀ, ਜਿਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਸੀ। ਹੁਣ ਮੈਂ ਦੀਪਕ ਹਰਸ਼ ਨੂੰ ਆਪਣੀ ਫਰਮ ਵਿਚੋਂ ਕੱਢ ਦਿੱਤਾ ਹੈ। ਇਸ ਨਾਲ ਮੇਰਾ ਜਾਂ ਮੇਰੀ ਫਰਮ ਦਾ ਕੋਈ ਸੰਬੰਧ ਨਹੀਂ। ਜੋ ਕੋਈ ਇਸ ਨਾਲ ਲੈਣ-ਦੇਣ ਕਰੇਗਾ ਖੁਦ ਜ਼ਿੰਮੇਵਾਰ ਹੋਵੇਗਾ।

ਹਰਬੰਸ ਕੌਰ ਧਾਲੀਵਾਲ ਪਤਨੀ ਬਸੰਤ ਸਿੰਘ ਵਾਸੀ ਰਾਉਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦੇ ਨਾਂਅ ਚੱਲਦੇ ਬਿਜਲੀ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ-31-185 ਲੋਡ 12.5 ਹਾਰਸ ਪਾਵਰ ਨੂੰ ਆਪਣੇ ਨਾਂਅ ਕਰਵਾਉਣ ਲਈ ਮਨਪ੍ਰੀਤ ਸਿੰਘ ਧਾਲੀਵਾਲ ਪੁੱਤਰ ਹਰੀ ਸਿੰਘ ਵਾਸੀ ਰਾਉਕੇ ਕਲਾਂ, ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਨੇ ਸੰਬੰਧਤ ਦਫ਼ਤਰ ਪੀ.ਐੱਸ.ਪੀ.ਸੀ.ਐੱਲ ਬੱਧਨੀ ਵਿਖੇ ਕਾਗਜ਼ ਪੇਸ਼ ਕੀਤੇ ਹਨ। ਜੇਕਰ ਕਿਸੇ ਵਿਅਕਤੀ ਨੂੰ ਇਸ ਬਦਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਉਕਤ ਦਫ਼ਤਰ ਵਿਚ 15 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਹੋ ਕੇ ਲਿਖਤੀ ਇਤਰਾਜ਼ ਪੇਸ਼ ਕਰ ਸਕਦਾ ਹੈ, ਨਹੀਂ ਤਾਂ ਉਕਤ ਕੁਨੈਕਸ਼ਨ ਨਾਂਅ ਬਦਲੀ ਕਰ ਦਿੱਤਾ ਜਾਵੇਗਾ। ਸੰਬੰਧਤ ਨੋਟ ਕਰਨ।

ਹਰਬੰਸ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਤਖਾਣਵੱਧ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਵਾਕਿਆ ਰਕਬਾ ਤਖਾਣਵੱਧ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰ: ਏ ਪੀ-8277, 20 ਹਾਰਸ ਪਾਵਰ ਨੂੰ ਅੰਮ੍ਰਿਤਪਾਲ ਸਿੰਘ ਪੁੱਤਰ ਬੰਤ ਸਿੰਘ ਵਾਸੀ ਦੌਧਰ ਗਰਬੀ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਜੇ-84 ਬੰਤਾ ਸਿੰਘ ਪੁੱਤਰ ਇੰਦਰ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਗੁਰਬਖਸ਼ ਸਿੰਘ ਪੁੱਤਰ ਅਜੈਬ ਸਿੰਘ ਰਕਬਾ ਪਿੰਡ ਹਸ਼ਮਤ ਵਾਲਾ ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ । ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ. ਡੀ. ਓ. ਵੰਡ ਮੱਖੂ ਨਾਲ ਸੰਪਰਕ ਕਰੇ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਬਾਸਕਟਬਾਲ ਮੁਕਾਬਲੇ ਕਰਵਾਏ



ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਲੜਕੀਆਂ ਦੇ ਬਾਸਕਟਬਾਲ ਮੁਕਾਬਲੇ ਕਰਵਾਏ ਗਏ।ਇਹ ਜਾਣਕਾਰੀ ਦਿੰਦਿਆਂ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਨਿਰਲੇਪ ਕੌਰ ਦਿਓਲ ਨੇ ਦੱਸਿਆ ਕਿ ਬਾਸਕਟਬਾਲ (ਲੜਕੀਆਂ) ਦੇ ਇਨ੍ਹਾਂ ਅੰਤਰ-ਕਲਾਸ ਮੁਕਾਬਲਿਆਂ ਵਿੱਚ ਵੱਖ-ਵੱਖ ਕਲਾਸਾਂ ਬੀ ਏ, ਬੀ ਕਾਮ ਤੇ ਬੀ ਸੀ ਏ ਨੇ ਭਾਗ ਲਿਆ ਅਤੇ ਅੰਤਿਮ ਮੁਕਾਬਲੇ ਵਿੱਚ ਬੀ ਏ ਭਾਗ ਪਹਿਲਾ ਦੀਆਂ ਵਿਦਿਆਰਥਣਾਂ ਨੇ ਜਿੱਤ ਪ੍ਰਾਪਤ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਜੇਤੂ ਵਿਦਿਆਰਥਣਾਂ ਨੂੰ ਸੋਨ ਤਮਗਿਆਂ ਨਾਲ ਸਨਮਾਨਤ ਕੀਤਾ।ਇਸ ਅਵਸਰ ’ਤੇ ਆਈ ਕਿਊ ਏ ਸੀ ਕੋਆਰਡੀਨੇਟਰ ਡਾ. ਨਿਧੀ ਸਰੂਪ ਹਾਜ਼ਰ ਸਨ।ਇਨ੍ਹਾਂ ਮੁਕਾਬਲਿਆਂ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਰੀਰਕ ਸਿੱਖਿਆ ਵਿਭਾਗ ਦੇ ਪ੍ਰਾਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

## ਭਾਰਤੀ ਅੰਬੇਡਕਰ ਮਿਸ਼ਨ ਦੀ ਪਲੇਠੀ ਮੀਟਿੰਗ



ਪਾਇਲ/ਖੰਨਾ (ਸੁਖਵਿੰਦਰ ਭਾਦਲਾ)-ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਪੁਲਸ ਜ਼ਿਲ੍ਹਾ ਖੰਨਾ ਦੀ ਪਲੇਠੀ ਮੀਟਿੰਗ ਪੁਲਸ ਜ਼ਿਲ੍ਹਾ ਖੰਨਾ ਦੇ ਯੂਥ ਪ੍ਰਧਾਨ ਗੁਰਿੰਦਰ ਸਿੰਘ ਫੈਜਗੜ੍ਹ ਤੇ ਪਲਿਸ ਜ਼ਿਲ੍ਹਾ ਖੰਨਾ ਦੇ ਪ੍ਰਧਾਨ ਇੰਦਰਜੀਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ ’ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਪਹੁੰਚੇ। ਕੌਮੀ ਪ੍ਰਧਾਨ ਦਾ ਮਿਸ਼ਨ ਦੇ ਵੱਡੀ ਗਿਣਤੀ ਵਿੱਚ ਆਗੂਆਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਮਿਸ਼ਨ ਦਾ ਸਾਲਾਨਾ ਸਮਾਗਮ ‘ਬਾਬਾ ਸਾਹਿਬ ਤੁਝੇ ਸਲਾਮ’ 10 ਅਪ੍ਰੈਲ ਨੂੰ ਸੰਗਰੂਰ ਵਿਖੇ ਹੋਵੇਗਾ। ਇਸ ਪ੍ਰੋਗਰਾਮ ਵਿੱਚ 21 ਸ਼ਖ਼ਸੀਅਤਾਂ ਨੂੰ ਡਾ ਅੰਬੇਡਕਰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਅਤੇ ਸਪੋਰਟਸ ਕਲੱਬਾਂ ਦੇ ਤਿੰਨ ਤਿੰਨ-ਨੁਮਾਇੰਦਿਆਂ ਦਾ ਵੀ ਮਿਸ਼ਨ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਸਬੰਧੀ ਮਿਸ਼ਨ ਵੱਲੋਂ ਇੱਕ ਫਾਰਮ ਜਾਰੀ ਕੀਤਾ ਗਿਆ ਹੈ, ਜੋ 31 ਮਾਰਚ ਤੱਕ ਭਰ ਕੇ ਭੇਜਣਾ ਅਤਿ ਜ਼ਰੂਰੀ ਹੈ।ਇਹ ਫਾਰਮ ਸੋਸ਼ਲ ਮੀਡੀਆ ਜਾਂ ਮਿਸ਼ਨ ਦੇ ਕਿਸੇ ਵੀ ਸਾਥੀ ਕੋਲੋਂ ਪ੍ਰਾਪਤ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ 31 ਮਾਰਚ ਤੋਂ ਬਾਅਦ ਪ੍ਰਾਪਤ ਹੋਏ ਫਾਰਮ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਇਸ ਮੌਕੇ ਪੁਲਸ ਜ਼ਿਲ੍ਹਾ ਖੰਨਾ ਦੇ ਪ੍ਰਧਾਨ ਇੰਦਰਜੀਤ ਸਿੰਘ ਦੈਹਿੜੂ, ਪੁਲਸ ਜ਼ਿਲ੍ਹਾ ਖੰਨਾ ਦੇ ਯੂਥ ਪ੍ਰਧਾਨ ਗੁਰਿੰਦਰ ਸਿੰਘ ਫੈਜਗੜ੍ਹ, ਮਹਿਲਾ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮੈਡਮ ਨਜ਼ੀਰਾਂ ਬੇਗਮ, ਰਾਜਵਿੰਦਰ ਸਿੰਘ ਸੰਧੌਆ, ਜੰਗ ਸਿੰਘ, ਨੇਹਾ ਸ਼ਰਮਾ ਤੇ ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

## ਨਸ਼ਾ ਤਸਕਰਾਂ ਦੀਆਂ ਨਜਾਇਜ਼ ਉਸਾਰੀਆਂ ਢਾਹੀਆਂ



ਸੰਗਰੂਰ (ਪ੍ਰਵੀਨ ਸਿੰਘ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਸਖ਼ਤ ਹਦਾਇਤਾਂ ’ਤੇ ਨਸ਼ਾ ਤਸਕਰਾਂ ਖ਼ਿਲਾਫ਼ ਸੂਬੇ ਵਿੱਚ ਵਿੱਢੀ ਗਈ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੇ ਤਹਿਤ ਅੱਜ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਵੱਲੋਂ ਸਾਂਝੀ ਕਾਰਵਾਈ ਕਰਦੇ ਹੋਏ ਸੰਗਰੂਰ ਸ਼ਹਿਰ ਦੀ ਰਾਮ ਨਗਰ ਬਸਤੀ ਵਿਖੇ ਨਸ਼ਾ ਤਸਕਰਾਂ ਦੁਆਰਾ ਬਣਾਈਆਂ ਗਈਆਂ 2 ਨਜਾਇਜ਼ ਉਸਾਰੀਆਂ ਨੂੰ ਬੁਲਡੋਜ਼ਰ ਨਾਲ ਢਾਹੁਣ ਦੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਗਈ।ਇਸ ਮੁਹਿੰਮ ਦੀ ਅਗਵਾਈ ਐਸ ਐਸ ਪੀ ਸਰਤਾਜ ਸਿੰਘ ਚਾਹਲ ਤੇ ਐਸ ਡੀ ਐਮ ਚਰਨਜੋਤ ਸਿੰਘ ਵਾਲੀਆ ਨੇ ਕੀਤੀ। ਜਦਕਿ ਇਸ ਦੌਰਾਨ ਐਸ ਪੀ ਨਵਰੀਤ ਸਿੰਘ ਵਿਰਕ, ਡੀ ਐਸ ਪੀ ਸੁਖਦੇਵ ਸਿੰਘ ਅਤੇ ਤਹਿਸੀਲਦਾਰ ਵਿਸ਼ਵਜੀਤ ਸਿੰਘ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰਸ਼ੋਤਮ ਕੁਮਾਰ, ਨਾਇਬ ਤਹਿਸੀਲਦਾਰ ਬਲਜਿੰਦਰ ਸਿੰਘ ਵੀ ਮੌਜੂਦ ਸਨ।ਐਸ ਐਸ ਪੀ ਸਰਤਾਜ ਸਿੰਘ ਚਾਹਲ ਨੇ ਕਿਹਾ ਕਿ ਨਸ਼ਾ ਤਸਕਰਾਂ ਦਾ ਮੁਕੰਮਲ ਸਫਾਇਆ ਕਰਨ ਲਈ ਪੰਜਾਬ ਸਰਕਾਰ ਵੱਲੋਂ ਵਿੱਢੀ ਮੁਹਿੰਮ ਨੂੰ ਜ਼ਿਲ੍ਹਾ ਸੰਗਰੂਰ ਵਿੱਚ ਸਫਲਤਾ ਨਾਲ ਲਾਗੂ ਕਰਦੇ ਹੋਏ ਅੱਜ ਬੁਲਡੋਜ਼ਰ ਨਾਲ ਨਜਾਇਜ਼ ਇਮਾਰਤਾਂ ਢਾਹੁਣ ਦੀ ਪ੍ਰਸ਼ਾਸਨ ਵੱਲੋਂ ਇਹ ਦੂਜੀ ਕਾਰਵਾਈ ਕੀਤੀ ਗਈ ਹੈ। ਐਸ ਡੀ ਐਮ ਚਰਨਜੋਤ ਸਿੰਘ ਵਾਲੀਆ ਨੇ ਦੱਸਿਆ ਕਿ ਨਜਾਇਜ਼ ਉਸਾਰੀਆਂ ’ਤੇ ਕਾਰਵਾਈ ਕੀਤੀ ਗਈ ਹੈ, ਉਨ੍ਹਾਂ ਵਿੱਚੋਂ ਇੱਕ ਵਿੱਚ ਰਹਿੰਦੇ ਰਾਜਪਾਲ ਸਿੰਘ ਤੇ ਰਾਜਵਿੰਦਰ ਕੌਰ ਖ਼ਿਲਾਫ਼ ਐਨ ਡੀ ਪੀ ਐਸ ਤਹਿਤ ਕੁਲਵਾਰ 7 ਅਤੇ 4 ਪੁਲਿਸ ਕੇਸ ਦਰਜ ਹਨ ਅਤੇ ਜਦਕਿ ਦੂਜੇ ਮਕਾਨ ਵਿੱਚ ਰਹਿੰਦੀ ਔਰਤ ਨਾਂ ਦੀ ਮਹਿਲਾ ਖ਼ਿਲਾਫ਼ ਐਨ ਡੀ ਪੀ ਐਸ ਤਹਿਤ 4 ਕੇਸ ਦਰਜ ਹਨ। ਮੌਕੇ ’ਤੇ ਮੌਜੂਦ ਐਸ ਡੀ ਐਮ ਚਰਨਜੋਤ ਸਿੰਘ ਵਾਲੀਆ ਨੇ ਦੱਸਿਆ ਕਿ ਸਰਕਾਰੀ ਜ਼ਮੀਨ ’ਤੇ ਨਜਾਇਜ਼ ਕਬਜ਼ੇ ਤੇ ਉਸਾਰੀਆਂ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਡੀ ਸੀ ਦਫ਼ਤਰ ਕਰਮਚਾਰੀਆਂ ਵੱਲੋਂ ਪਲੇਠੀ ਡਾਇਰੀ ਰਿਲੀਜ਼



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਦਿ ਪੰਜਾਬ ਰਾਜ ਜ਼ਿਲ੍ਹਾ (ਡੀ ਸੀ) ਦਫ਼ਤਰ ਕਰਮਚਾਰੀ ਯੂਨੀਅਨ ਦੀ ਸ੍ਰੀ ਮੁਕਤਸਰ ਸਾਹਿਬ ਯੂਨਿਟ ਵੱਲੋਂ ਅੱਜ ਆਪਣੀ ਪਲੇਠੀ ਡਾਇਰੀ ਰਿਲੀਜ਼ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਅਤੇ ਜਨਰਲ ਸਕੱਤਰ ਪ੍ਰਭਪਿੰਦਰ ਸਿੰਘ ਨੇ ਦੱਸਿਆ ਕਿ ਇਸ ਡਾਇਰੀ ਵਿੱਚ ਜਿੱਥੇ ਵੱਖ-ਵੱਖ ਸਾਲਾਂ ਦੇ ਕੈਲੰਡਰ ਦਿੱਤੇ ਗਏ ਹਨ, ਉੱਥੇ ਹੀ ਡੀ ਸੀ ਦਫ਼ਤਰ ਦੇ ਮੁੱਚੇ ਸਟਾਫ ਦੇ ਮੋਬਾਇਲ ਨੰਬਰ ਵੀ ਦਰਜ ਹਨ।ਉਨ੍ਹਾਂ ਦੱਸਿਆ ਕਿ ਇਹ ਡਾਇਰੀ ਕਰਮਚਾਰੀਆਂ ਦੀ ਪਿਛਲੇ ਲੰਮੇ ਸਮੇਂ ਤੋਂ ਮੰਗ ਰਹੀ ਹੈ ਅਤੇ ਹੁਣ ਭਵਿੱਖ ਵਿੱਚ ਇਹ ਹਰੇਕ ਸਾਲ ਡਾਇਰੀ ਜਾਰੀ ਕੀਤੀ ਜਾਇਆ ਕਰੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਕੁਮਾਰ ਪੀ.ਏ., ਰੀਡਰ ਟੂ ਡੀ.ਸੀ. ਗੁਰਮੀਤਪਾਲ, ਹਰੀਸ਼ ਕੁਮਾਰ, ਹਰਬੰਸ ਸਿੰਘ, ਭੁਪਿੰਦਰ ਸਿੰਘ, ਓਮਪਾਲ ਸਿੰਘ, ਦੀਪਕ ਕੁਮਾਰ ਅਤੇ ਹਰਜੀਤ ਸਿੰਘ ਹਾਜ਼ਰ ਸਨ।

## ਮਾਊਂਟ ਲਿਟਰਾ ਜੀ ਸਕੂਲ ’ਚ ਕਿੰਡਰ ਗਾਰਟਨ ਗ੍ਰੈਜੂਏਸ਼ਨ ਡੇਅ ਮਨਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮਾਊਂਟ ਲਿਟਰਾ ਜੀ ਸਕੂਲ ’ਚ ਕਿੰਡਰ ਗਾਰਟਨ ਗ੍ਰੈਜੂਏਸ਼ਨ ਡੇਅ ਮਨਾਇਆ ਗਿਆ। ਕਿੰਡਰ ਗਾਰਟਨ ਗ੍ਰੈਜੂਏਸ਼ਨ ਪ੍ਰੀ-ਪ੍ਰਾਇਮਰੀ ਬੱਚਿਆਂ ਲਈ ਇੱਕ ਦਿਲਚਸਪ ਮੀਲ ਪੱਥਰ ਹੈ, ਕਿਉਂਕਿ ਇਹ ਉਮੀਦਾਂ ਅਤੇ ਸੰਭਾਵਨਾਵਾਂ ਨਾਲ ਭਰੇ ਭਵਿੱਖ ਵੱਲ ਉਨ੍ਹਾਂ ਦਾ ਪਹਿਲਾ ਕਦਮ ਹੈ।ਇਹ ਇੱਕ ਨਵੀਂ ਸ਼ੁਰੂਆਤ ਦੀ ਨਿਸ਼ਾਨਦੇਹੀ ਕਰਦਾ ਹੈ, ਜ਼ੋ ਉਨ੍ਹਾਂ ਦੇ ਸਕੂਲੀ ਜੀਵਨ, ਗਿਆਨ ਤੇ ਸਿੱਖਿਆ ਵੱਲ ਉਨ੍ਹਾਂ ਦੁਆਰਾ ਚੁੱਕੇ ਗਏ ਹਰ ਕਦਮ ਵਿੱਚ ਨਵੇਂ ਪਹਿਲੂ ਜੋੜਦਾ ਹੈ। ਵਿਦਿਆਰਥੀਆਂ ਨੂੰ ਆਸ਼ੀਰਵਾਦ ਦੇਣ ਤੇ ਉਨ੍ਹਾਂ ਨੂੰ ਦਾਖ਼ਲਾ ਸਿਖਿਆਰਥੀ ਬਣਨ ਲਈ ਉਤਸ਼ਾਹਤ ਕਰਨ ਲਈ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਪ੍ਰਿੰਸੀਪਲ ਗੀਤਾ ਪਿੰਡੇ ਨੇ ਆਪਣੀ ਹਾਜ਼ਰੀ ਨਾਲ ਇਸ ਮੌਕੇ ਨੂੰ ਮਹੱਤਵਪੂਰਨ ਬਣਾਇਆ।ਪ੍ਰੋਗਰਾਮ ਦੀ ਸ਼ੁਰੂਆਤ ਕਿੰਡਰਗਾਰਟਨ ਦੇ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਸੁਆਗਤੀ ਡਾਂਸ ਨਾਲ ਹੋਈ ਤੇ ਫਿਰ ਬੱਚਿਆਂ ਨੇ ਗ੍ਰੈਜੂਏਸ਼ਨ ਗੀਤ ਪੇਸ਼ ਕੀਤਾ।ਪ੍ਰੋਗਰਾਮ ਦਾ ਮੁੱਖ ਆਕਰਸ਼ਣ ਨਾਟਕ ਪੇਸ਼ਕਾਰੀ ਸੀ, ਜਿਸ ਵਿੱਚ ਨਿੱਕੀਆਂ ਪੰਜਾਬਣਾਂ ਵੱਲੋਂ ਪੰਜਾਬੀ ਡਾਂਸ ਪੇਸ਼ ਕੀਤਾ ਗਿਆ।ਇਸ ਸੰਪੂਰਨ ਛੋਟੇ ਬੱਚਿਆਂ ਲਈ ਇੱਕ ਖ਼ੁਸ਼ੀ ਭਰਿਆ ਤੇ ਯਾਦਗਾਰੀ ਦਿਨ ਸੀ, ਕਿਉਂਕਿ ਉਨ੍ਹਾਂ ਨੇ ਸਾਫ਼ੇ ਪਹਿਰਾਵਿਆਂ ਤੋਂ ਗ੍ਰੈਜੂਏਸ਼ਨ ਸਰਟੀਫਿਕੇਟ ਪ੍ਰਾਪਤ ਕੀਤੇ ਸਨ।ਸਮਾਗਮ ਵਿੱਚ ਪਹੁੰਚੇ ਬੱਚਿਆਂ ਦੇ ਮਾਪਿਆਂ ਨੇ ਇਸ ਸਮਾਗਮ ਦਾ ਭਰਪੂਰ ਆਨੰਦ ਮਾਣਿਆ। ਸਕੂਲ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਅਤੇ ਪ੍ਰਿੰਸੀਪਲ ਗੀਤਾ ਪਿੰਡੇ ਨੇ ਕਿਹਾ ਕਿ ਵਿਦਿਆਰਥੀ ਸਾਡੇ ਦੇਸ਼ ਦਾ ਉੱਜਵਲ ਭਵਿੱਖ ਹਨ ਅਤੇ ਇਹਨਾਂ ਨੂੰ ਸਹੀ ਸਿੱਖਿਆ ਤੇ ਉੱਤਮ ਭਵਿੱਖ ਦੇਣਾ ਸਾਡਾ ਸਭ ਦਾ ਪਹਿਲਾ ਫ਼ਰਜ਼ ਹੈ।

## ਸਰਦੂਲਗੜ੍ਹ ਲਈ ਰੇਲਵੇ ਦੀ ਮੰਗ ਮੰਗਣ ਲਈ ਬੀਬਾ ਬਾਦਲ ਦਾ ਧੰਨਵਾਦ



ਸਰਦੂਲਗੜ੍ਹ (ਅਵਤਾਰ ਜਟਾਣਾ)-ਲੋਕ ਸਭਾ ਦੇ ਸੈਸ਼ਨ ਦੌਰਾਨ ਬੀਬਾ ਹਰਸਿਮਰਤ ਕੌਰ ਬਾਦਲ ਨੇ ਆਪਣੇ ਸੰਬੋਧਨ ਦੌਰਾਨ ਪੰਜਾਬ ਤੇ ਲੋਕ ਸਭਾ ਬਠਿੰਡਾ ਦੇ ਵੱਖ-ਵੱਖ ਹਲਕਿਆਂ ਅੰਦਰ ਪੈਂਦੇ ਰੇਲਵੇ ਸਟੇਸ਼ਨਾਂ ਦੀਆਂ ਸਮੱਸਿਆਵਾਂ ਬਾਰੇ ਕੇਂਦਰ ਸਰਕਾਰ ਕੋਲ ਮੰਗਾਂ ਉਠਾਉਂਦਿਆਂ ਕਿਹਾ ਕਿ ਮਾਨਸਾ ਜ਼ਿਲ੍ਹੇ ਦੇ ਹਲਕਾ ਸਰਦੂਲਗੜ੍ਹ ਵਿੱਚ ਰੇਲਵੇ ਲਾਈਨ ਪਾਉਣ ਦੀ ਮੰਗ ਕੀਤੀ।ਇਸ ਸੰਬੰਧ ਵਿੱਚ ਬੋਲਦਿਆਂ ਉਨ੍ਹਾਂ ਦੱਸਿਆ ਕਿ ਰੇਲਵੇ ਸਾਡੇ ਦੇਸ਼ ਦੀ ਟਰਾਂਸਪੋਰਟ ਦੀ ਰੀੜ ਦੀ ਹੱਡੀ ਹੈ, ਕਿਉਂਕਿ ਰੇਲਵੇ ਗਰੀਬ ਤੇ ਮਿਡਲ ਕਲਾਸ ਲੋਕਾਂ ਲਈ ਆਵਾਜਾਈ ਦਾ ਸਾਧਨ ਹੈ, ਉੱਥੇ ਰੇਲਵੇ ਦੇਸ਼ ਭਰ ਅਨਾਜ, ਖਾਦਾਂ, ਤੇਲ ਤੇ ਜਰੂਰਤ ਅਦਾਰਿਆਂ ਦੇ ਸਮਾਨ ਪਹੁੰਚਾਉਣ ਦਾ ਕੰਮ ਕਰਦੀ ਹੈ।ਇਸ ਲਈ ਬੀਬਾ ਬਾਦਲ ਨੇ ਹਲਕਾ ਸਰਦੂਲਗੜ੍ਹ ਨੂੰ ਰੇਲਵੇ ਨਾਲ ਜੋੜਨ ਲਈ ਮੰਗ ਕਰਦੇ ਕਿਹਾ ਕਿ ਇਸ ਇਲਾਕੇ ਦੀ ਬਹੁਤ ਦੇਰ ਤੋਂ ਮੰਗ ਹੈ ਕਿ ਇਸ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਇਸ ਨੂੰ ਰੇਲਵੇ ਨਾਲ ਜੋੜਿਆ ਜਾਵੇ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਦਿਲਰਾਜ ਸਿੰਘ ਭੂੰਦੜ ਸਾਬਕਾ ਵਿਧਾਇਕ ਨੇ ਕਿਹਾ ਕਿ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਇਸ ਮੰਗ ਨਾਲ ਸਰਦੂਲਗੜ੍ਹ ਇਲਾਕੇ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਹੈ, ਕਿਉਂਕਿ ਇਹ ਹਲਕੇ ਦੇ ਵਿਕਾਸ ਦੀ ਨੁਹਾਰ ਬਦਲਣ ਲਈ ਬਹੁਤ ਮਹੱਤਵਪੂਰਨ ਸਿੱਧ ਹੋਵੇਗੀ।ਇਸ ਮੌਕੇ ਭੂੰਦੜ ਨਾਲ ਹਲਕਾ ਸਰਦੂਲਗੜ੍ਹ ਦੇ ਇੰਚਾਰਜ ਜਿਨ੍ਹਾਂ ਨੂੰ ਬੀਬਾ ਜੀ ਨੇ ਹਲਕੇ ਦੇ ਪ੍ਰਧਾਨ ਨਾਲ ਮਿਲ ਕੇ ਸਾਰੀ ਚਿੱਠੀ ਰਾਹੀਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਰਾਹੀਂ ਕਿਹਾ ਕਿ ਬੀਬਾ ਜੀ ਵੱਲੋਂ ਲੋਕ ਸਭਾ ਵਿੱਚ ਇਹ ਮੁੱਦਾ ਉਠਾਉਣ ਤੋਂ ਬਾਅਦ ਜੇਕਰ ਕੇਂਦਰ ਸਰਕਾਰ ਇਹ ਮੰਗ ਪ੍ਰਵਾਨ ਕਰ ਲੈਂਦੀ ਹੈ ਤਾਂ ਇਸ ਰੇਲਵੇ ਲਾਈਨ ਨਾਲ ਸਰਦੂਲਗੜ੍ਹ ਇਲਾਕੇ ਦੀ ਕਿਸਾਨੀ ਵੱਡਾ ਲਾਭ ਮਿਲੇਗਾ, ਕਿਉਂਕਿ ਇਸ ਨਾਲ ਫ਼ਸਲਾਂ ਤੇ ਕਸਬਿਆਂ ਦਾ ਮਾਲ ਸੰਚਾਰ ਵਧਾਵੇਗੀ, ਵਪਾਰ ਤੇ ਵਣਜ ਵਿੱਚ ਵਾਧਾ ਕਰਕੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਵੇਗੀ, ਸਿੱਖਿਆ, ਸਿਹਤ ਸੰਭਾਲ ਤੇ ਰੁਜ਼ਗਾਰ ਦੇ ਅਵਸਰ ਪ੍ਰਦਾਨ ਕਰੇਗੀ, ਆਵਾਜਾਈ ਦੇ ਖਰਚੇ ਤੇ ਯਾਤਰਾ ਦੇ ਸਮੇਂ ਨੂੰ ਘਟਾਉਣ ਵਿੱਚ ਸਹਾਈ ਹੋਵੇਗੀ।ਇਸ ਮੌਕੇ ਸ੍ਰੀ ਭੂੰਦੜ ਤੇ ਹੋਰ ਆਗੂਆਂ ਨੇ ਕਿਹਾ ਕਿ ਬੀਬਾ ਜੀ ਦੇ ਇਸ ਯਤਨ ਨਾਲ ਬਹੁਪੱਖੀ ਵਿਕਾਸ ਸੰਭਵ ਹੋਵੇਗਾ, ਜੋ ਸਮੁੱਚੇ ਇਲਾਕਾ ਨਿਵਾਸੀਆਂ ਵੱਲੋਂ ਬੀਬੀ ਜੀ ਦਾ ਇਸ ਉਪਰਾਲੇ ਲਈ ਧੰਨਵਾਦ ਕਰਦੇ ਹਾਂ।

# ਭਾਰਤ ਮਾਲਾ ਪ੍ਰੋਜੈਕਟ ਤਹਿਤ ਧੱਕੇ ਨਾਲ ਖੋਹੀਆਂ ਜਾ ਰਹੀਆਂ ਜ਼ਮੀਨਾਂ ਦੇ ਵਿਰੋਧ ’ਚ ਕਿਸਾਨਾਂ ਡੀ ਸੀ ਨੂੰ ਸੌਂਪਿਆ ਮੰਗ ਪੱਤਰ



ਫਿਰੋਜ਼ਪੁਰ (ਗੁਰਬਚਨ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਨੇ ਡੀ ਸੀ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਨੂੰ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਤੇ ਜ਼ਿਲ੍ਹਾ ਸਕੱਤਰ ਡਾ. ਗੁਰਮੇਲ ਸਿੰਘ ਫੱਤੇਵਾਲਾ ਦੀ ਅਗਵਾਈ ਵਿੱਚ ਕਿਸਾਨ ਵਫਦ ਨੇ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਸੌਂਪਿਆ। ਇਹ ਮੰਗ ਪੱਤਰ ਭਾਰਤ ਮਾਲਾ ਪ੍ਰੋਜੈਕਟ ਤਹਿਤ ਪੂਰੇ ਪੰਜਾਬ ਵਿੱਚ ਕਿਸਾਨਾਂ ਦੀਆਂ ਧੱਕੇ ਨਾਲ ਜ਼ਮੀਨਾਂ ਖੋਹਣ ਦੇ ਵਿਰੋਧ ’ਚ ਤੇ ਡੀ ਸੀ ਦਫ਼ਤਰ ਗੁਰਦਾਸਪੁਰ ਅੱਗੇ ਪੱਕੇ ਮੋਰਚੇ ਦੀ ਹਮਾਇਤ ਵਿੱਚ ਦਿੱਤਾ ਗਿਆ ਹੈ, ਜੋ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀਂ ਪਿੰਡ ਭਰਥ ਤੇ ਹੋਰ ਪਿੰਡਾਂ ਵਿੱਚ ਜਬਰੀ ਜ਼ਮੀਨਾਂ ਦਾ ਕਬਜ਼ਾ ਲੈਣ ਆਈ ਪੁਲਸ ਵੱਲੋਂ ਕਿਸਾਨਾਂ ’ਤੇ ਲਾਠੀਚਾਰਜ ਕਰਕੇ ਉਨ੍ਹਾਂ ਨੂੰ ਜ਼ਖ਼ਮੀ ਕੀਤਾ ਗਿਆ, ਜੋ ਅੱਤ ਨਿੰਦਣਯੋਗ ਵਰਤਾਰਾ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀਆਂ ਮੰਗਾਂ ਜਿਵੇਂ ਕਿ ਗੁਰਦਾਸਪੁਰ ਜ਼ਿਲ੍ਹੇ ਵਿੱਚ ਭਾਰਤ ਮਾਲਾ ਪ੍ਰੋਜੈਕਟ ਅਧੀਨ ਗੈਰ-ਕਾਨੂੰਨੀ ਢੰਗ ਨਾਲ ਐਕਵਾਇਰ ਕੀਤੀ ਜ਼ਮੀਨ ਦਾ ਨੋਟੀਫਿਕੇਸ਼ਨ ਰੱਦ ਕਰਕੇ ਭੂਮੀ ਗ੍ਰਹਿਣ ਐਕਟ 2013 ਅਨੁਸਾਰ 70 ਪ੍ਰਤੀਸ਼ਤ ਪਿੰਡਾਂ ਦੇ ਲੋਕਾਂ ਦੀ ਸਹਿਮਤੀ ਲੈਣ ਤੇ ਮਜ਼ਦੂਰਾਂ, ਦੁਕਾਨਦਾਰਾਂ, ਵਾਤਾਵਰਨ ਤੇ ਹੋਰ ਪੈਣ ਵਾਲੇ ਪ੍ਰਭਾਵਾਂ ਦਾ ਹੱਲ ਕੱਢ ਕੇ ਬਜ਼ਾਰੀ ਰੇਟ ਨਾਲੋਂ 4 ਗੁਣਾਂ ਤੇ ਇਸ ’ਤੇ 30 ਪ੍ਰਤੀਸ਼ਤ ਉਜਾੜਾ ਭੱਤਾ ਦੇ ਕੇ ਜ਼ਮੀਨ ਲਈ ਜਾਵੇ ਅਤੇ ਇਨ੍ਹਾਂ ਮੱਦਾਂ ਨੂੰ ਪੂਰੇ ਪੰਜਾਬ ਵਿੱਚ ਲਾਗੂ ਕੀਤਾ ਜਾਵੇ। 11 ਮਾਰਚ ਨੂੰ ਤਹਿਸੀਲ ਬਟਾਲਾ ਦੇ ਪਿੰਡ ਭਰਥ ਤੇ ਨੰਗਲ ਦੇ ਕਿਸਾਨਾਂ ਦੀ ਬਿਨਾਂ ਮੁਆਵਜ਼ਾ ਦਿੱਤੇ ਕਣਕ ਦੀ ਫ਼ਸਲ ਵਾਹੁਣ ਤੇ ਸ਼ਾਂਤਮਈ ਵਿਰੋਧ ਕਰ ਰਹੇ ਕਿਸਾਨਾਂ ’ਤੇ ਲਾਠੀਚਾਰਜ ਕਰਕੇ 7 ਕਿਸਾਨਾਂ ਨੂੰ ਜ਼ਖ਼ਮੀ ਕਰਨ ਵਾਲੇ ਦੋਸ਼ੀ ਪੁਲਸ ਅਧਿਕਾਰੀਆਂ ’ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਚੱਲ ਰਹੇ ਦੇਸ਼ ਵਿਆਪੀ ਅੰਦੋਲਨ ਦੌਰਾਨ ਸ਼ੰਭੂ ਮੋਰਚੇ ਵਿੱਚ ਸ਼ਹੀਦ ਹੋਏ ਕਿਸਾਨ ਸੁਖਵਿੰਦਰ ਸਿੰਘ ਪਿੰਡ ਰੰਘੜ ਨੰਗਲ ਤਹਿਸੀਲ ਬਟਾਲਾ ਤੇ ਸ਼ਹੀਦ ਹਰਜਿੰਦਰ ਸਿੰਘ ਪਿੰਡ ਵਰਸੋਲਾ ਤਹਿਸੀਲ ਜ਼ਿਲ੍ਹਾ ਗੁਰਦਾਸਪੁਰ ਦੇ ਪਰਵਾਰ ਨੂੰ ਮੰਨੀ ਹੋਈ ਮੰਗ ਮੁਤਾਬਕ 5 ਲੱਖ ਦਾ ਮੁਆਵਜ਼ਾ ਤੇ ਪਰਵਾਰ ਦੇ 1 ਮੈਂਬਰ ਨੂੰ ਸਰਕਾਰੀ ਨੌਕਰੀ ਤੇ ਉਨ੍ਹਾਂ ਦਾ ਸਮੁੱਚਾ ਕਰਜ਼ਾ ਪੰਜਾਬ ਸਰਕਾਰ ਦੇਵੇ। ਗੁਰਦਾਸਪੁਰ ਜ਼ਿਲ੍ਹੇ ਸਮੇਤ ਪੰਜਾਬ ਭਰ ਵਿੱਚ ਨਿੱਜੀ ਤੇ ਸਰਕਾਰੀ ਗੰਨਾ ਮਿੱਲਾਂ, ਗੰਨਾ ਐਕਟ ਅਨੁਸਾਰ 14 ਦਿਨਾਂ ਬਾਅਦ ਪੇਮੈਂਟ ਕਰਨ ਤੋਂ ਲੇਟ ਹੋਣ ’ਤੇ ਹਾਈਕੋਰਟ ਦੇ ਫ਼ੈਸਲੇ ਅਨੁਸਾਰ 15 ਪ੍ਰਤੀਸ਼ਤ ਵਿਆਜ ਦਿੱਤਾ ਜਾਵੇ, ਪੰਜਾਬ ਸਰਕਾਰ ਗੰਨੇ ਦਾ 61-50 ਪੈਸੇ ਪ੍ਰਤੀ ਕੁਇੰਟਲ ਬਣਦੀ ਰਾਸ਼ੀ ਤੁਰੰਤ ਗੰਨਾ ਮਿੱਲਾਂ ਨੂੰ ਜਾਰੀ ਕੀਤੀ ਜਾਵੇ। ਆਗੂਆਂ ਦੱਸਿਆ ਕਿ ਇਸੇ ਤਰ੍ਹਾਂ ਫਿਰੋਜ਼ਪੁਰ ਬਾਈਪਾਸ ਸੋਢੇਵਾਲਾ ਤੋਂ ਝੋਕ ਹਰੀਹਰ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤੇ ਬਗੈਰ ਪ੍ਰਸ਼ਾਸਨ ਕਿਸਾਨਾਂ ’ਤੇ ਦਬਾਅ ਪਾ ਰਿਹਾ ਹੈ, ਜੋ ਜਥੇਬੰਦੀ ਕਿਸਾਨਾਂ ਨਾਲ ਧੱਕੇਸ਼ਾਹੀ ਨਹੀਂ ਹੋਣ ਦੇਵੇਗੀ। ਇਸ ਮਸਲੇ ’ਤੇ ਵੀ ਅੱਜ ਮੰਗ ਪੱਤਰ ਸੌਂਪਿਆ ਗਿਆ ਹੈ। ਇਸ ਮੌਕੇ ਰਣਜੀਤ ਸਿੰਘ ਖੱਚਰ ਵਾਲਾ, ਜ਼ੋਨ ਪ੍ਰਧਾਨ ਫਿਰੋਜ਼ਪੁਰ ਗੁਰਮੇਲ ਸਿੰਘ ਜੀਆ ਬੱਗਾ, ਹਰਪਾਲ ਸਿੰਘ ਆਸਲ ਤੇ ਹੋਰ ਆਗੂ ਹਾਜ਼ਰ ਸਨ।

## ਫੱਕਰ ਬਾਬਾ ਦਾਮੂੰ ਸ਼ਾਹ ਕਮੇਟੀ ਨੇ ਬੈਸਟ ਰੇਡਰ ਤੇ ਜਾਫ਼ੀ ਦਾ ਹਾਰਲੇ ਮੋਟਰਸਾਈਕਲਾਂ ਨਾਲ ਕੀਤਾ ਸਨਮਾਨ



ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਦੇ ਲਾਗਲੇ ਪਿੰਡ ਲੁਹਾਰਾ ਵਿਖੇ ਮੋਗਾ-ਅੰਮ੍ਰਿਤਸਰ ਰੋਡ ’ਤੇ ਸਥਿਤ ਆਸਥਾ ਦੇ ਪ੍ਰਸਿੱਧ ਕੇਂਦਰ ਧੰਨ ਧੰਨ ਫੱਕਰ ਬਾਬਾ ਦਾਮੂੰਸ਼ਾਹ ਦੇ ਅਸਥਾਨ ’ਤੇ ਚੱਲ ਰਹੇ 43 ਵੇਂ ਸਲਾਨਾ ਖੇਡ ਅਤੇ ਸੱਭਿਆਚਾਰਕ ਮੇਲੇ ਦੌਰਾਨ ਅੱਜ ਕਬੱਡੀ ਓਪਨ ਪਿੰਡ ਵਾਰ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿਚ ਤਿੰਨ ਖਿਡਾਰੀ ਬਾਹਰੋਂ ਸਨ। ਇਨ੍ਹਾਂ ਮੁਕਾਬਲਿਆਂ ਵਿਚ ਹਾਕਮ ਸਿੰਘ ਵਾਲਾ ਨੇ ਪਹਿਲਾ ਅਤੇ ਲੁਹਾਰਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਕਬੱਡੀ 75 ਕਿਲੋ ਵਿਖ ਲੁਹਾਰਾ ਨੇ ਪਹਿਲਾ ਅਤੇ ਡਗਰੂ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਕਬੱਡੀ ਓਪਨ ਦੇ ਬੈਸਟ ਰੇਡਰ ਅੰਬਾ ਸੁਰ ਸਿੰਘ ਵਾਲਾ ਅਤੇ ਜਾਫ਼ੀ ਜੱਗੂ ਹਾਕਮ ਸਿੰਘ ਵਾਲਾ ਨੂੰ ਹਾਰਲੇ ਮੋਟਰਸਾਈਕਲ ਦੇ ਕੇ ਸਨਮਾਨਤ ਕੀਤਾ ਗਿਆ। ਕਬੱਡੀ 75 ਕਿਲੋ ਦੇ ਬੈਸਟ ਰੇਡਰ ਕਾਕਾ ਸੇਖਾ ਅਤੇ ਜਾਫ਼ੀ ਸੰਦੀਪ ਬਾਜਾਖਾਨਾ ਦਾ ਫਰਿਜਾਂ ਨਾਲ ਸਨਮਾਨ ਕੀਤਾ। ਜੇਤੂ ਟੀਮਾਂ ਨੂੰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸਰਪੰਚ ਜਗਜੀਵਨ ਸਿੰਘ ਲੁਹਾਰਾ, ਮੀਤ ਪ੍ਰਧਾਨ ਲਛਮਣ ਸਿੰਘ, ਖਜ਼ਾਨਚੀ ਸਾਬਕਾ ਸਰਪੰਚ ਕਰਮਜੀਤ ਸਿੰਘ ਅਤੇ ਸਕੱਤਰ ਜਸਪਾਲ ਸਿੰਘ ਆਦਿ ਆਗੂਆਂ ਨੇ ਨਗਦ ਰਾਸ਼ੀ, ਕਬੱਡੀ ਕੱਪ ਅਤੇ ਮੋਟਰਸਾਈਕਲ ਦੇ ਕੇ ਸਨਮਾਨਤ ਕੀਤਾ। ਪ੍ਰਧਾਨ ਜਗਜੀਵਨ ਸਿੰਘ ਲੁਹਾਰਾ ਨੇ ਦੱਸਿਆ ਕਿ 20 ਮਾਰਚ ਨੂੰ ਸੱਭਿਆਚਾਰ ਮੇਲੇ ਦੌਰਾਨ ਪ੍ਰੀਆ ਐਂਡ ਪਾਰਟੀ, ਮੀਤ ਐਂਡ ਪਾਰਟੀ, ਫਿਰੋਜ਼ ਖਾਨ ਐਂਡ ਪਾਰਟੀ, ਜਸ ਬਾਜਵਾ ਐਂਡ ਪਾਰਟੀ ਆਪਣੇ ਮਕਬੂਲ ਗੀਤਾਂ ਰਾਹੀਂ ਲੋਕਾਂ ਦਾ ਮਨੋਰੰਜਨ ਕਰਨਗੇ।ਆਲ ਓਪਨ ਦੇ ਜਾਫੀ ਅਤੇ ਬੈਸਟ ਖਿਡਾਰੀ ਨੂੰ ਮੋਟਰਸਾਈਕਲਾਂ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਸਕੱਤਰ ਜਸਪਾਲ ਸਿੰਘ ਗਿੱਲ, ਗੁਰਨਾਮ ਸਿੰਘ ਜੌਹਲ, ਨਵਤੇਜ ਪਾਲ ਸਿੰਘ, ਦੇਵ ਸਿੰਘ ਨੰਬਰਦਾਰ, ਮੱਘਰ ਸਿੰਘ ਨੰਬਰਦਾਰ, ਮੱਖਣ ਸਿੰਘ ਸਾਬਕਾ ਸਰਪੰਚ, ਸਾਬਕਾ ਮੈਂਬਰ ਅਮਰਜੀਤ ਸਿੰਘ, ਬਲਵਿੰਦਰ ਸਿੰਘ ਪ੍ਰਧਾਨ ਲੋਕਲ ਕਮੇਟੀ, ਗੁਰਮੇਲ ਸਿੰਘ, ਜਸਵੰਤ ਸਿੰਘ ਚੀਮਾ, ਦਰਸ਼ਨ ਸਿੰਘ ਫੌਜੀ, ਹਰੀ ਸਿੰਘ, ਜਗਸੀਰ ਸਿੰਘ ਸੀਰਾ ਮੈਂਬਰ ਪੰਚਾਇਤ, ਗੁਰਦੀਪ ਸਿੰਘ ਜੌਹਲ, ਰਾਜਾ ਸਿੰਘ, ਗੁਰਤੇਜ ਸਿੰਘ ਮੈਂਬਰ, ਦਵਿੰਦਰ ਕੌਰ ਮੈਂਬਰ, ਮੁਖਤਿਆਰ ਕੌਰ ਮੈਂਬਰ, ਅਨੂਪਜੀਤ ਕੌਰ ਮੈਂਬਰ, ਮਨਜੀਤ ਕੌਰ, ਮਨਜੀਤ ਕੌਰ ਧਾਲੀਵਾਲ, ਕਲੱਬ ਦੇ ਪ੍ਰਧਾਨ ਗੁਰਦੀਪ ਸਿੰਘ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ, ਲਖਵਿੰਦਰ ਸਿੰਘ ਕਲੱਬ ਸਕੱਤਰ, ਛਿੰਦਰ, ਗੋਪੀ, ਜੱਸਾ ਡੇਰੀ ਵਾਲਾ, ਰਾਮ ਸਿੰਘ, ਬੂਟਾ ਸਿੰਘ ਚੀਮਾ, ਲਵਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਹਰਮਨ ਸਿੰਘ, ਸਤਨਾਮ ਸਿੰਘ, ਲੱਖਾ ਸੰਘਾ, ਬਚਿੱਤਰ ਸਿੰਘ, ਡਾਕਟਰ ਕੁਲਵੰਤ ਸਿੰਘ, ਜੀਤਾ ਸੰਘਾ, ਬਲਵੀਰ ਸਿੰਘ ਜੱਗਾ, ਬੰਟੀ ਸਿੰਘ ਦੇ ਇਲਾਵਾ ਜੱਗਾ, ਬਿੱਲਾ, ਦੀਪਾ, ਜੀਤਾ, ਗੱਗੂ, ਲੱਖਾ ਗੋਪੀ, ਲਖਵੀਰ ਅਤੇ ਦੀਪਾ ਜੌਹਲ (ਸਾਰੇ ਟੂਰਨਾਮੈਂਟ ਕਮੇਟੀ ਮੈਂਬਰ) ਹਾਜ਼ਰ ਸਨ।

## ਸਮਿਤ ਸਿੰਘ ਮਾਨ ਰਿਸਰਚ ਕੋਆਡੀਨੇਟਰ ਨਿਯੁਕਤ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)

ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਵਿਰੋਧੀ ਧਿਰ ਵਿੱਚ ਨੇਤਾ ਰਾਹੁਲ ਗਾਂਧੀ ਦੇ ਨਿੱਜੀ ਸਲਾਹਕਾਰ ਅਤੇ ਸਾਂਸਦ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਸੰਸਦ ਵਿੱਚ ਗਠਿਤ ਕਮੇਟੀ ਦੇ ਵਿਸ਼ੇਸ ਸਲਾਹਕਾਰ ਸਮਿਤ ਸਿੰਘ ਮਾਨ ਨੂੰ ਕੇਰਲਾ ਵਿਧਾਨ ਸਭਾ ਚੋਣਾਂ ਲਈ ਪਾਰਟੀ ਦਾ ਰਿਸਰਚ ਕੋਆਡੀਨੇਟਰ ਨਿਯੁਕਤ ਕੀਤਾ ਹੈ।

ਪਾਰਟੀ ਦੇ ਮੀਡੀਆ ਅਤੇ ਪਬਲਿਸਟੀ ਵਿਭਾਗ ਦੇ ਚੇਅਰਮੈਨ ਪਵਨ ਖੇੜਾ ਦੇ ਦਸਤਖਤਾਂ ਹੇਠ ਜਾਰੀ ਹੋਏ ਇਸ ਪੱਤਰ ਵਿੱਚ ਸਮਿਤ ਸਿੰਘ ਨੂੰ ਕੇਰਲਾ ਵਿਖੇ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾ ਲਈ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ।ਉਨ੍ਹਾਂ ਆਪਣੀ ਨਿਯੁਕਤੀ ਲਈ ਪਾਰਟੀ ਦੇ ਕੌਮੀ ਆਗੂ ਸੋਨੀਆ ਗਾਂਧੀ, ਪ੍ਰਿੰਯਕਾ ਗਾਂਧੀ, ਕੌਮੀ ਪ੍ਰਧਾਨ ਮਲਿਕਾਅਰਜੁਨ ਖੜਗੇ ਸਮੇਤ ਸਮੁੱਚੀ ਕਾਂਗਰਸ ਲੀਡਰਸ਼ਿਪ ਦਾ ਧੰਨਵਾਦ ਕੀਤਾ ਹੈ।

## ਈ ਟੀ ਟੀ 5994 ਬੈਕਲਾਗ ਨੂੰ ਸਰਕਾਰ ਜਲਦ ਪੂਰਾ ਕਰੇ : ਆਗੂ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਈ.ਟੀ.ਟੀ. 5994 ਬੈਕਲਾਗ ਅਧਿਆਪਕ ਯੂਨੀਅਨ ਦੀ ਇੱਕ ਅਹਿਮ ਮੀਟਿੰਗ ਸ਼ਹੀਦ ਊਧਮ ਸਿੰਘ ਪਾਰਕ ਵਿੱਚ ਕੀਤੀ ਗਈ, ਜਿਸ ਵਿੱਚ ਸੂਬਾ ਕਮੇਟੀ ਨੇ ਭਾਗ ਲਿਆ ਅਤੇ ਕੇਡਰ ਨੂੰ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਸੰਬੰਧੀ ਤਿਆਰ ਰਹਿਣ ਲਈ ਲਾਮਬੰਦ ਕੀਤਾ ਗਿਆ।ਯੂਨੀਅਨ ਆਗੂ ਅਸ਼ੋਕ ਬਾਵਾ ਨੇ ਕਿਹਾ ਕਿ ਸਰਕਾਰ ਨੂੰ ਇਸ ਤਰ੍ਹਾਂ ਉਹ ਆਪਣੀਆਂ ਪੋਸਟਾਂ ਖਤਮ ਨਹੀਂ ਕਰਨ ਦੇਣਗੇ।ਜੇਕਰ ਸਰਕਾਰ 2994 ਈ.ਟੀ.ਟੀ. ਅਧਿਆਪਕਾਂ ਦਾ ਬੈਕਲਾਗ ਨਹੀਂ ਦਿੰਦੀ ਤਾਂ ਸਰਕਾਰ ਨੂੰ ਹਰ ਮੰਚ ’ਤੇ ਘੇਰਿਆ ਜਾਵੇਗਾ ਅਤੇ ਮੁੱਖ ਮੰਤਰੀ ਤੋਂ ਲੈ ਕੇ ਕੈਬਨਿਟ ਮੰਤਰੀ, ਐੱਮ.ਐੱਲ.ਏ. ਦੀਆਂ ਸਾਰੀਆਂ ਰੈਲੀਆਂ ਨੂੰ ਭੰਗ ਕੀਤਾ ਜਾਵੇਗਾ ਤੇ ਹਰ ਪਾਸੇ ਸਰਕਾਰ ਦਾ ਵਿਰੋਧ ਕੀਤਾ ਜਾਵੇਗਾ ਅਤੇ ਅਸੀਂ ਆਪਣੀ ਅਵਾਜ਼ ਲੋਕਾਂ ਤੱਕ ਪੁਹੰਚਾਉਣ ਲਈ ਪਿੰਡ-ਪਿੰਡ, ਸ਼ਹਿਰ-ਸ਼ਹਿਰ ਸਰਕਾਰ ਦਾ ਜਲੂਸ ਕੱਢ ਰੈਲੀਆਂ ਵੀ ਕਰਾਂਗੇ।ਅੰਤ ਵਿੱਚ ਅਸ਼ੋਕ ਬਾਵਾ ਨੇ ਕਿਹਾ ਕਿ ਅਸੀਂ ਸਰਕਾਰ ਅੱਗੇ ਬੇਨਤੀ ਕਰਦੇ ਹਾਂ ਕਿ 5994 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਵਿਚਲਾ 2994 ਬੈਕਲਾਗ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਵੇ ਅਤੇ ਸਕਰੂਟਨੀ ਕਰਵਾ ਚੁੱਕੇ ਸਾਰੇ ਉਮੀਦਵਾਰਾਂ ਨੂੰ ਸਰਕਾਰ ਜਲਦ ਤੋਂ ਜਲਦ ਨਿਯੁਕਤੀ ਪੱਤਰ ਦੇ ਕੇ ਸਕੂਲਾਂ ਵਿੱਚ ਵਿੱਚ ਭੇਜੇ, ਕਿਉਂਕਿ ਇਹ ਭਰਤੀ ਸਰਕਾਰ ਦੀ ਪਹਿਲੀ ਕੈਬਨਿਟ ਦੀ ਭਰਤੀ ਹੈ।ਇਸ ਮੀਟਿੰਗ ਵਿੱਚ ਯੂਨੀਅਨ ਆਗੂ ਅਸ਼ੋਕ ਬਾਵਾ, ਕੁਲਵਿੰਦਰ ਸ਼ਾਮਾ, ਮਨਦੀਪ ਕੰਬੋਜ, ਰਾਜ ਕੁਮਾਰ ਧਰਮਪੁਰਾ, ਜਸਵਿੰਦਰ ਸਿੰਘ, ਸਰਬਜੀਤ ਸਿੰਘ ਪਿੰਡੀ, ਸਰਬਜੀਤ ਗੋਲੂਕਾ, ਵਿਜੇ ਕੁਮਾਰ, ਸੁਰਿੰਦਰ ਕੁਮਾਰ, ਰਾਜ ਕੁਮਾਰ, ਸਕਤੀ, ਮੀਨੂ ਮੈਡਮ, ਅਮਨ ਸ੍ਰੀ ਮੁਕਤਸਰ ਸਾਹਿਬ ਆਦਿ ਮੈਂਬਰ ਮੌਜੂਦ ਸਨ।

## 2027 ਤੱਕ ਮਾਲੇਰਕੋਟਲਾ ਨੂੰ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ : ਜਮੀਲ ਉਰ ਰਹਿਮਾਨ




ਮਾਲੇਰਕੋਟਲਾ (ਅਸਗਰ ਪਰਿਹਾਰ)

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ’ਚ ਆਮ ਆਦਮੀ ਪਾਰਟੀ ਦੀ ਸਰਕਾਰ ਜਨਤਾ ਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ।ਸਮੁੱਚੇ ਪੰਜਾਬ ਅੰਦਰ ਵਿਕਾਸ ਕਾਰਜ ਤੇਜੀ ਨਾਲ ਕਰਾਏ ਜਾ ਰਹੇ ਹਨ।ਹਰੇਕ ਗਲੀ-ਮੁਹੱਲੇ, ਪਿੰਡ ਅਤੇ ਕਸਬੇ ਦੇ ਲੋਕਾਂ ਦੀਆਂ ਸਮੱਸਿਆਵਾਂ ਜਾਨਣ ਲਈ ਵਿਧਾਇਕਾਂ ਵੱਲੋਂ ਆਪਣੇ ਕੌਂਸਲਰਾਂ ਅਤੇ ਸਰਪੰਚਾਂ ਨਾਲ ਮੀਟਿੰਗਾਂ ਕਰਕੇ ਜ਼ਮੀਨੀ ਪੱਧਰ ’ਤੇ ਜਾ ਕੇ ਆਮ ਜਨਤਾ ਦੇ ਮਸਲੇ ਹੱਲ ਕੀਤੇ ਜਾ ਰਹੇ ਹਨ, 2027 ਤੱਕ ਮਲੇਰਕੋਟਲਾ ਨੂੰ ਨਮੂਨੇ ਦਾ ਹਲਕਾ ਬਣਾਇਆ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਲੇਰਕੋਟਲਾ ਤੋਂ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਨੇ ਕਿਲਾ ਰਹਿਮਤਗੜ੍ਹ ਦੇ ਵਾਰਡ ਨੰਬਰ 09 ਦੇ ਮੁਹੱਲਾ ਗਰੀਨ ਟਾਊਨ ਸਾਹਮਣੇ ਤਕੀਆ ਵਿਖੇ ਇੰਟਰਲਾਕ ਟਾਇਲਾਂ ਦੇ ਫ਼ਰਸ਼ ਦਾ ਉਦਘਾਟਨ ਕਰਨ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਸਥਾਨਕ ਕੌਂਸਲਰ ਸ਼੍ਰੀਮਤੀ ਅਨਮ ਪਤਨੀ ਮੁਹੰਮਦ ਅਸਲਮ ਕਾਲਾ ਨੇ ਆਪਣੇ ਵਾਰਡ ਦੇ ਜੋ ਵੀ ਹੋਣ ਵਾਲੇ ਕੰਮ ਅਤੇ ਸਮੱਸਿਆਵਾਂ ਉਨ੍ਹਾਂ ਦੇ ਧਿਆਨ ’ਚ ਲਿਆਂਦੀਆਂ ਗਈਆਂ ਹਨ। ਉਨ੍ਹਾਂ ਦਾ ਹੱਲ ਪਹਿਲ ਦੇ ਅਧਾਰ ’ਤੇ ਕੀਤਾ ਗਿਆ ਹੈ। ਵਿਧਾਇਕ ਰਹਿਮਾਨ ਨੇ ਮੁਹੱਲਾ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕੋਈ ਵੀ ਸਮੱਸਿਆ ਜਾ ਹੋਣ ਵਾਲਾ ਕੰਮ ਹੈ ਤਾਂ ਬਿਨਾਂ ਝਿਜਕ ਦੱਸੋ ਤੁਰੰਤ ਹੀ ਉਸਦਾ ਹੱਲ ਕੀਤਾ ਜਾਵੇਗਾ।ਮੁਹੰਮਦ ਅਸਲਮ ਕਾਲਾ ਨੇ ਦੱਸਿਆ ਕਿ ਉਕਤ ਮੁਹੱਲੇ ’ਚ ਸ਼ਾਨਦਾਰ ਇੰਟਰਲਾਕ ਟਾਇਲਾਂ ਦੇ ਫਰਸ਼ ਲਈ 23.5 ਲੱਖ ਰੁਪਏ ਖਰਚ ਕਰਕੇ ਖ਼ੂਬਸੂਰਤ ਦਿੱਖ ਬਣਾਈ ਜਾਵੇਗੀ ਤੇ ਵਾਰਡ ਬਾਕੀ ਰਹਿੰਦੇ ਕੰਮ ਵੀ ਆਗਾਮੀ ਦਿਨਾਂ ਵਿੱਚ ਮੁਕੰਮਲ ਕਰਾਏ ਜਾਣਗੇ।

## ਸ਼ਹਿਰ ਦਾ ਵਿਕਾਸ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤਾ ਜਾਵੇਗਾ : ਕਾਕਾ ਬਰਾੜ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼ਹਿਰ ਦੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸਮੀਖਿਆ ਲਈ ਬੈਠਕ ਹੋਈ, ਜਿਸ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਅਭੀਜੀਤ ਕਪਲਿਸ਼ ਨੇ ਕੀਤੀ, ਜਦੋਂ ਕਿ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਅਤੇ ਨਗਰ ਕੌਂਸਲ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਸ਼ੰਮੀ ਤੇਰੀਆ ਵੀ ਵਿਸ਼ੇਸ਼ ਤੌਰ ’ਤੇ ਇਸ ਬੈਠਕ ਵਿੱਚ ਹਾਜ਼ਰ ਹੋਏ। ਬੈਠਕ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ਦੇ ਕੌਂਸਲਰਾਂ ਨੇ ਵੀ ਭਾਗ ਲਿਆ।ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਵਿਕਾਸ ਕਾਰਜ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹੋਣਗੇ।ਉਨ੍ਹਾਂ ਕਿਹਾ ਕਿ ਸ਼ਹਿਰ ਸਭ ਦਾ ਸਾਂਝਾ ਹੈ ਤੇ ਸਾਰੀਆਂ ਧਿਰਾਂ ਇਸ ਦੇ ਵਿਕਾਸ ਲਈ ਸਹਿਯੋਗ ਕਰਨ।ਵਿਧਾਇਕ ਨੇ ਦੱਸਿਆ ਕਿ ਮਾਡਲ ਟਾਊਨ ਤੋਂ ਦੁਸਹਿਰਾ ਗਰਾਊਂਡ ਤੱਕ ਨਵੀਂ ਪਾਈਪਲਾਈਨ ਦਾ ਪ੍ਰੋਜੈਕਟ ਵੀ ਤਿਆਰ ਕੀਤਾ ਜਾ ਰਿਹਾ ਹੈ, ਜਿਸ ’ਤੇ 2.5 ਕਰੋੜ ਰੁਪਏ ਖਰਚ ਆਉਣ ਦਾ ਅੰਦਾਜ਼ਾ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸੀਵਰੇਜ ਸਮੱਸਿਆ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਕੌਂਸਲਰਾਂ ਤੋਂ ਉਨ੍ਹਾਂ ਦੇ ਵਾਰਡਾਂ ਵਿੱਚ ਹੋਣ ਵਾਲੇ ਕੰਮਾਂ ਸਬੰਧੀ ਜਾਣਕਾਰੀ ਹਾਸਲ ਕੀਤੀ ਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ 24 ਮਾਰਚ ਤੱਕ ਕੌਂਸਲਰਾਂ ਤੋਂ ਪ੍ਰਾਪਤ ਸੁਝਾਵਾਂ ਅਨੁਸਾਰ ਹੋਣ ਵਾਲੇ ਵਿਕਾਸ ਕਾਰਜਾਂ ਦੇ ਐਸਟੀਮੇਟ ਤਿਆਰ ਕਰਾਏ ਜਾਣ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਹਿਲਾਂ ਤੋਂ ਬਕਾਇਆ ਪਏ ਨਗਰ ਕੌਂਸਲ ਦੇ ਮਤਿਆਂ ਸਬੰਧੀ ਵੀ ਸੂਚੀਆਂ ਤਿਆਰ ਕੀਤੀਆਂ ਜਾਣ।ਬੈਠਕ ਵਿੱਚ ਫੈਸਲਾ ਹੋਇਆ ਕਿ 27 ਮਾਰਚ ਨੂੰ ਨਗਰ ਕੌਂਸਲ ਦੇ ਹਾਊਸ ਦੀ ਬੈਠਕ ਹੋਵੇਗੀ ਤਾਂ ਜੁ ਸ਼ਹਿਰ ਵਿੱਚ ਹੋਣ ਵਾਲੇ ਕੰਮਾਂ ਸਬੰਧੀ ਨਗਰ ਕੌਂਸਲ ਵੱਲੋਂ ਮਤੇ ਪਾਸ ਕਰ ਦਿੱਤੇ ਜਾਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਬਾਅਦ ਇੱਕ ਤਕਨੀਕੀ ਮਾਹਿਰ ਇੰਜਨੀਅਰਾਂ ਦੀ ਟੀਮ ਵੱਲੋਂ ਪੜਤਾਲ ਕੀਤੀ ਜਾਵੇਗੀ ਤੇ 10 ਅਪ੍ਰੈਲ ਤੱਕ ਹੋਣ ਯੋਗ ਕੰਮਾਂ ਸਬੰਧੀ ਟੈਂਡਰ ਲਗਾ ਕੇ ਕੰਮ ਸ਼ੁਰੂ ਕਰਾਏ ਜਾਣਗੇ।

## ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ 23 ਨੂੰ

ਫਰੀਦਕੋਟ (ਡਿਸੂਜ਼ਾ, ਬੇਦੀ)-ਸ੍. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫ਼ੇਅਰ ਸੁਸਾਇਟੀ ਫ਼ਰੀਦਕੋਟ ਪੰਜਾਬ ਵੱਲੋਂ ਖ਼ੂਨਦਾਨ ਕੈਂਪ 23 ਮਾਰਚ ਨੂੰ ਲਗਾਇਆ ਜਾ ਰਿਹਾ ਹੈ।ਇਸ ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਸਹਿਯੋਗੀ ਸਾਂਝ ਬਲੱਡ ਕਲੱਬ, ਭਾਈ ਘਨੱਈਆ ਯੂਥ ਕਲੱਬ, ਆਲ ਇੰਡੀਆ ਕਿਸਾਨ ਯੂਨੀਅਨ ਏਕਤਾ ਫਤਿਹ, ਭਾਰਤੀ ਕਿਸਾਨ ਯੂਨੀਅਨ ਮਝੈਲ, ਕਲਮਾਂ ਦੇ ਰੰਗ ਸਾਹਿਤ ਸਭਾ ਫ਼ਰੀਦਕੋਟ, ਹੈਲਪ ਫਾਰ ਨੀਡੀ ਆਦਿ ਹਨ।ਇਸ ਮੌਕੇ ਸੁਸਾਇਟੀ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ, ਚੇਅਰਮੈਨ ਪ੍ਰੋ. ਬੀਰ ਇੰਦਰ ਸਰਾਂ ਤੇ ਪ੍ਰਧਾਨ ਸ਼ਿਵਨਾਥ ਦਰਦੀ ਨੇ ਦੱਸਿਆ ਕਿ ਇਹ ਕੈਂਪ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਕੀਤਾ ਜਾ ਰਿਹਾ ਹੈ, ਜੋਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫ਼ਰੀਦਕੋਟ ਦੇ ਬਲੱਡ ਬੈਂਕ ਵਿਭਾਗ ਵਿੱਚ ਸਵੇਰੇ 9.30 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਲਗਾਇਆ ਜਾ ਰਿਹਾ ਹੈ।ਸ਼ਰਨਜੀਤ ਸਿੰਘ ਸਰਾਂ ਸੂਬਾ ਪ੍ਰਧਾਨ, ਰਾਜਨ ਦੁਆ ਤੇ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸੰਸਥਾਵਾਂ ਵੱਲੋਂ ਇਹ ਫ਼ੈਸਲਾ ਵੀ ਕੀਤਾ ਹੈ ਕਿ ਜਲ ਜੀਵਨ ਮੋਰਚਾ ਨਿਗਰਾਨ ਕਮੇਟੀ ਨੂੰ ਸਨਮਾਨਤ ਕੀਤਾ ਜਾਵੇਗਾ।ਇਸ ਕੈਂਪ ’ਚ ਹਰੇਕ ਖ਼ੂਨਦਾਨੀ ਨੂੰ ਸਰਟੀਫ਼ਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਜਾਵੇਗਾ ਤੇ ਪੱਤਰਕਾਰ ਵੀਰਾਂ ਨੂੰ ਸੁਸਾਇਟੀ ਵੱਲੋਂ ਵਿਸ਼ੇਸ਼ ਸਨਮਾਨਤ ਕੀਤਾ ਜਾਵੇਗਾ।

## ਕੋਹਲੀ ਡਾਇੰਗ ਇੰਡਸਟਰੀ ’ਚ ਹੋਏ ਹਾਦਸੇ ਸੰਬੰਧੀ ਟਰੇਡ ਯੂਨੀਅਨ ਦਾ ਵਫਦ ਅਧਿਕਾਰੀਆਂ ਨੂੰ ਮਿਲਿਆ

ਲੁਧਿਆਣਾ (ਐੱਮ ਐੱਸ ਭਾਟੀਆ)

ਬੀਤੇ ਦਿਨ ਯੂਨਾਈਟਿਡ ਫਰੰਟ ਆਫ ਟਰੇਡ ਯੂਨੀਅਨਜ਼ ਦਾ ਵਫਦ ਡਿਪਟੀ ਡਾਇਰੈਕਟਰ ਆਫ ਇੰਡਸਟਰੀਜ਼ ਲੁਧਿਆਣਾ ਤੇ ਸਹਾਇਕ ਕਿਰਤ ਕਮਿਸ਼ਨਰ ਲੁਧਿਆਣਾ ਨੂੰ ਮਿਲਿਆ ਅਤੇ ਫੋਕਲ ਪੁਆਇੰਟ ਲੁਧਿਆਣਾ ਵਿਖੇ ਕੋਹਲੀ ਡਾਇੰਗ ਇੰਡਸਟਰੀ ਵਿੱਚ ਹੋਈ ਦੁਰਘਟਨਾ ਦੇ ਮ੍ਰਿਤਕਾਂ ਤੇ ਪੀੜਤਾਂ ਲਈ ਜਿੱਥੇ ਮੁਆਵਜ਼ੇ ਦੀ ਮੰਗ ਕੀਤੀ, ਉਥੇ ਫੈਕਟਰੀ ਦੇ ਮਾਲਕਾਂ ਤੇ ਹੋਰ ਜ਼ਿੰਮੇਵਾਰ ਅਫਸਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਵੀ ਮੰਗ ਕੀਤੀ।ਇਸ ਫਰੰਟ ਵਿੱਚ ਏਟਕ, ਸੀਟੂ, ਇੰਟਕ ਤੇ ਸੀਟੀਯੂ ਪੰਜਾਬ ਦੇ ਨੁਮਾਇੰਦੇ ਸ਼ਾਮਲ ਸਨ, ਜਿਨ੍ਹਾਂ ਨੇ ਇਨ੍ਹਾਂ ਦੋਨਾਂ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤਾ, ਜਿਸ ਵਿੱਚ ਮੰਗ ਕੀਤੀ ਗਈ ਕਿ ਮ੍ਰਿਤਕਾਂ ਦੇ ਪਰਵਾਰਾਂ ਨੂੰ ਮੁਆਵਜ਼ੇ ਵਜੋਂ ਤੁਰੰਤ 10 ਲੱਖ ਰੁਪਏ ਦਿੱਤੇ ਜਾਣ ਸਮੇਤ ਮ੍ਰਿਤਕਾਂ ਦੇ ਹਰੇਕ ਕਾਮੇ ਨੂੰ ਪੀ ਐੱਫ ਤੇ ਈ ਐੱਸ ਆਈ ਦਾ ਲਾਭ ਦਿੱਤਾ ਜਾਵੇ।ਜ਼ਖ਼ਮੀਆਂ ਨੂੰ ਮੁਆਵਜ਼ੇ ਵਜੋਂ ਤੁਰੰਤ 5/- ਲੱਖ ਰੁਪਏ ਦਿੱਤੇ ਜਾਣ ਤੇ ਪੂਰੀ ਤਰ੍ਹਾਂ ਠੀਕ ਹੋਣ ਤੱਕ ਮੁਫ਼ਤ ਇਲਾਜ ਯਕੀਨੀ ਬਣਾਇਆ ਜਾਵੇ ਤੇ ਲੋੜਵੰਦਾਂ ਨੂੰ ਅਪੰਗਤਾ ਲਾਭ ਵੀ ਦਿੱਤੇ ਜਾਣ।ਸਾਰੇ ਕਾਮਿਆਂ ਨੂੰ ਫਰਵਰੀ ਤੇ ਮਾਰਚ ਮਹੀਨੇ ਦੀ ਬਣਦੀ ਤਨਖਾਹ ਦਾ ਭੁਗਤਾਨ ਤੁਰੰਤ ਕੀਤਾ ਜਾਵੇ।ਉਨ੍ਹਾਂ ਨੂੰ ਨਿਯਮਤ ਤਨਖਾਹ ਉਦੋਂ ਤੱਕ ਦਿੱਤੀ ਜਾਵੇ, ਜਦੋਂ ਤੱਕ ਫੈਕਟਰੀ ਦੁਬਾਰਾ ਚਾਲੂ ਨਹੀਂ ਹੁੰਦੀ।ਫੈਕਟਰੀ ਵਿੱਚ ਕੰਮ ਕਰਨ ਵਾਲੇ ਹਰੇਕ ਕਾਮੇ ਨੂੰ ਸਮੇਤ ਮ੍ਰਿਤਕ ਕਾਮਿਆਂ ਦੇ ਪੀ ਐੱਫ ਗਰੈਚੂਟੀ, ਈ ਐੱਸ ਆਈ ਤੇ ਹੋਰ ਬਣਦੇ ਲਾਭ ਦਿੱਤੇ ਜਾਣ।ਵਫਦ ਵੱਲੋਂ ਇਸ ਗੱਲ ’ਤੇ ਵੀ ਜ਼ੋਰ ਦਿੱਤਾ ਗਿਆ ਕਿ ਲੁਧਿਆਣਾ ਵਿੱਚ ਬਹੁਤ ਸਾਰੀਆਂ ਫੈਕਟਰੀਆਂ ਵਿੱਚ ਕਿਰਤ ਕਾਨੂੰਨ ਲਾਗੂ ਨਹੀਂ ਹੋ ਰਹੇ, ਨਾ ਹੀ ਸਾਰੇ ਮਜ਼ਦੂਰਾਂ ਦੀ ਹਾਜ਼ਰੀ ਲੱਗਦੀ ਹੈ ਤੇ ਨਾ ਹੀ ਮਜ਼ਦੂਰਾਂ ਦਾ ਈ ਪੀ ਐੱਫ ਜਾਂ ਈ ਐੱਸ ਆਈ ਕੱਟਿਆ ਜਾਂਦਾ ਹੈ।ਕਿਰਪਾ ਕਰਕੇ ਇਸ ਨੂੰ ਯਕੀਨੀ ਬਣਾਇਆ ਜਾਵੇ। ਵਫਦ ਵਿੱਚ ਡੀ. ਪੀ. ਮੌੜ, ਸੁਖਵਿੰਦਰ ਸਿੰਘ ਲੋਟੇ, ਗੁਰਜੀਤ ਸਿੰਘ ਜਗਪਾਲ, ਜਗਦੀਸ਼ ਚੰਦ, ਐੱਸ ਕੇ ਤਿਵਾੜੀ, ਸਰਬਜੀਤ ਸਰਹਾਲੀ, ਹਨੂਮਾਨ ਪ੍ਰਸ਼ਾਦ, ਸਮਰ ਬਹਾਦਰ, ਰਾਮ ਬਰਿਛ ਤੇ ਅਜੀਤ ਕੁਮਾਰ ਸ਼ਾਮਲ ਸਨ।

## ਬੁਲੇਟ ’ਤੇ ਪਟਾਕੇ ਪਾਉਣ ਵਾਲਿਆਂ ਦੇ ਕੱਟੇ ਚਲਾਨ, 2,23,000 ਰੁਪਏ ਜੁਰਮਾਨਾ ਕੀਤਾ

ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇੰਚਾਰਜ ਟ੍ਰੈਫ਼ਿਕ ਪੁਲਿਸ ਥਾਣੇਦਾਰ ਪਵਨ ਕੁਮਾਰ ਦੀ ਅਗਵਾਈ ਹੇਠ ਟ੍ਰੈਫ਼ਿਕ ਪੁਲਸ ਦੀ ਟੀਮ ਨੇ ਵਹੀਕਲਾਂ ਦੀ ਜਾਂਚ ਲਈ ਨਾਕੇਬੰਦੀ ਕਰ ਕੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਦੋ-ਪਹੀਆ ਵਾਹਨਾਂ ਦੇ ਚਲਾਨ ਕੱਟੇ।ਨਾਕਾਬੰਦੀ ਦੌਰਾਨ ਬੁਲੇਟ ਦੇ ਪਟਾਕੇ ਪਾਉਣ ਵਾਲਿਆਂ ’ਤੇ ਵਿਸ਼ੇਸ਼ ਨਜ਼ਰ ਰੱਖ ਕੇ ਸ਼ਿਕੰਜਾ ਕੱਸਿਆ ਗਿਆ ਅਤੇ ਮਸ਼ੀਨ ਦੀ ਮਦਦ ਨਾਲ 30 ਦੇ ਕਰੀਬ ਈ-ਚਲਾਨ ਕਰਕੇ 2,23,000 ਰੁਪਏ ਜੁਰਮਾਨਾ ਕੀਤਾ ਗਿਆ।ਜ਼ਿਕਰਯੋਗ ਹੈ ਕਿ ਸਵੇਰੇ ਹੀ ਬੁਲੇਟ ਮੋਟਰਸਾਈਕਲ ’ਤੇ ਪੇਪਰ ਦੇਣ ਆਉਂਦੇ ਕੁਝ ਵਿਦਿਆਰਥੀਆਂ ਦੀ ਪਟਾਕੇ ਪਾਉਂਦਿਆਂ ਦੀ ਵੀਡੀਓ ਵਾਇਰਲ ਹੋਈ ਸੀ, ਜਿਸ ਤੋਂ ਤੁਰੰਤ ਬਾਅਦ ਸੰਗਰੂਰ ਟ੍ਰੈਫ਼ਿਕ ਪੁਲਸ ਨੇ ਇਸ ਕਾਰਵਾਈ ਨੂੰ ਅੰਜਾਮ ਦਿੱਤਾ।ਟ੍ਰੈਫ਼ਿਕ ਇੰਚਾਰਜ ਪਵਨ ਕੁਮਾਰ ਨੇ ਦੱਸਿਆ ਕਿ ਇਸ ਟੀਮ ਵਿੱਚ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਤੇ ਰਾਮ ਸਿੰਘ ਅਤੇ ਪੀ.ਐਚ.ਜੀ. ਮਨਜੀਤ ਸਿੰਘ ਸ਼ਾਮਲ ਸਨ।ਉਨ੍ਹਾਂ ਦੱਸਿਆ ਕਿ ਸ਼ਹਿਰ ਅੰਦਰ ਆਵਾਜਾਈ ਨਿਯਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਵਾਉਣ ਲਈ ਉਨ੍ਹਾਂ ਦੀ ਟੀਮ ਵੱਲੋਂ ਨਾਕਾਬੰਦੀ ਕਰਦਿਆਂ ਵਹੀਕਲਾਂ ਦੀ ਜਾਂਚ ਕੀਤੀ ਗਈ ਤੇ ਬੁਲੇਟ ਮੋਟਰਸਾਈਕਲਾਂ ਨੂੰ ਰੋਕ ਕੇ ਉਨ੍ਹਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਪਟਾਕੇ ਪਾਉਣ ਵਾਲਿਆਂ ਦੇ ਚਲਾਨ ਕੱਟੇ ਗਏ। ਉਨ੍ਹਾਂ ਕਿਹਾ ਕਿ ਮੋਟਰਸਾਇਕਲਾਂ ਤੇ ਤੀਜੀ ਸਵਾਰੀ ਕਰਨ ਵਾਲੇ ਚਾਲਕਾਂ ਦੇ ਵੀ ਚਲਾਨ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਵਾਹਨ ਚਾਲਕ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਤੇ ਆਪਣੇ ਵਾਹਨਾਂ ਦੇ ਕਾਗਜ਼ਾਤ ਪੂਰੇ ਰੱਖਣ

## ਸਰਦਾਰੀਆਂ ਮਾਨਣ ਵਾਲਿਆਂ ਨੂੰ ਅਕਾਲੀ ਦਲ ਦੀ ਢਾਲ ਬਣ ਕੇ ਸਾਥ ਦੇਣ ਦੀ ਲੋੜ : ਸੰਨੀ ਗਿੱਲ

ਮੋਗਾ (ਇਕਬਾਲ ਸਿੰਘ ਖਹਿਰਾ)-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਤੇ ਉਪ ਮੁੱਖ ਮੰਤਰੀ ਸ੍. ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਲੀਡਰਸ਼ਿਪ ਨੂੰ ਬਦਨਾਮ ਕਰਨ ਲਈ ਵਿਰੋਧੀ ਆਏ ਦਿਨ ਕੋਈ ਨਾ ਕੋਈ ਨਵਾਂ ਬਹਾਨਾ ਲੱਭਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ ਤੇ ਮੌਜੂਦਾ ਸਮੇਂ ’ਚ ਬਣੇ ਹਾਲਾਤਾਂ ਦਾ ਲਾਭ ਉਠਾਉਣ ਲਈ ਵੀ ਵਿਰੋਧੀ ਪਾਰਟੀਆਂ ਪੂਰੀ ਤਰ੍ਹਾਂ ਪੱਬਾਂ ਭਾਰ ਹਨ ਤਾਂ ਕਿ ਪਾਰਟੀ ਤੇ ਸੁਖਬੀਰ ਸਿੰਘ ਬਾਦਲ ਨੂੰ ਬਦਨਾਮ ਕੀਤਾ ਜਾ ਸਕੇ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰਾਂ ਸਾਹਿਬਾਨਾਂ ਨੂੰ ਨਿਯੁਕਤ ਕਰਨ ਜਾਂ ਸੇਵਾ ਮੁਕਤ ਕਰਨ ਦਾ ਅਧਿਕਾਰ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ ਤੇ ਵਿਰੋਧੀ ਜਾਣ ਬੁੱਝ ਕੇ ਕੂੜ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਸ਼੍ਰੋਮਣੀ ਅਕਾਲੀ ਦਲ ਲਈ ਸਰਬਉੱਚ ਅਸਥਾਨ ਹੈ ਤੇ ਸ਼੍ਰੋਮਣੀ ਅਕਾਲੀ ਦਲ ਲਈ ਬੇਹੱਦ ਸਤਿਕਾਰ ਦਾ ਪਾਤਰ ਹੈ।ਇਸ ਲਈ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਉਪਰ ਯਕੀਨ ਕਰਨ ਦੀ ਲੋੜ ਨਹੀਂ ਅਤੇ ਜਿਨ੍ਹਾਂ ਨੇ ਅਕਾਲੀ ਦਲ ਦੀ ਸਰਕਾਰ ਸਮੇਂ ਸਰਦਾਰੀਆਂ ਮਾਣੀਆਂ, ਉਨ੍ਹਾਂ ਨੂੰ ਹੁਣ ਢਾਲ ਬਣ ਕੇ ਖੜ੍ਹਨ ਦੀ ਲੋੜ ਹੈ, ਪਰ ਵਿਰੋਧੀ ਨਹੀਂ ਚਾਹੁੰਦੇ ਕਿ ਪੰਜਾਬ ਦਾ ਭਲਾ ਕਰਨ ਵਾਲੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਮਜ਼ਬੂਤ ਹੋਵੇ ਅਤੇ ਉਹ ਆਏ ਦਿਨ ਪਾਰਟੀ ਤੇ ਸੁਖਬੀਰ ਸਿੰਘ ਬਾਦਲ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਹਨ, ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਉਹ ਖੇਤਰੀ ਪਾਰਟੀ ਹੈ, ਜਿਸ ਦਾ ਜਨਮ ਕੁਰਬਾਨੀਆਂ ਦੇ ਮੁੱਢ ਤੋਂ ਬੱਝਿਆ ਅਤੇ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਵੀ ਜ਼ਿੰਦਾ ਸੀ ਤੇ ਭਵਿੱਖ ਵਿੱਚ ਵੀ ਜ਼ਿੰਦਾ ਰਹੇਗੀ। ਵਿਰੋਧੀ ਕਿੰਨੀਆਂ ਵੀ ਚਾਲਾਂ ਚੱਲਣ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਹੀਂ ਹੋਣਗੇ ਤੇ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਆਗੂ ਅਤੇ ਵਰਕਰ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਤਤਪਰ ਰਹਿੰਦੇ ਹਨ।

**UMMEED HOUSING FINANCE PVT. LTD**
Registered office at : Unit 2009-14, 20th Floor, Tower – 2, Magnum Global Park Golf Course Extension Road, Sect-58, Gurugram (Haryana)-122002
CIN: U64990HR2016PTC057984

ਅੰਤਿਕਾ IV [(ਦੇਖੋ ਰੂਲ 8 (1)] ਕਬਜ਼ਾ ਨੋਟਿਸ

ਜਦੋਂਕਿ ਨਿਮਨਹਸਤਾਖਰੀ ‘ਸਕਿਊਰਿਟੀਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ (ਐਕਟ 2002 (54 ਆਫ 2002) ਅਧੀਨ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ (ਰੂਲ 3) ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਏ ਕਰਜ਼ਦਾਰਾਂ ਨੂੰ ਨੋਟਿਸ ’ਚ ਦਰਸਾਈ ਰਕਮ ਦੀ ਅਦਾਇਗੀ ਦੀ ਅਸਲ ਮਿਤੀ ਤੱਕ ਸਾਰੀਆਂ ਲਾਗਤਾਂ, ਚਾਰਜੀਸ ਅਤੇ ਖਰਚਿਆਂ ਸਮੇਤ ਨੋਟਿਸ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਸੰਬੰਧਤ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਵਾਪਸ ਅਦਾ ਕਰਨ ’ਚ ਅਸਫਲ ਰਹੇ ਹਨ ਅਤੇ ਉਨ੍ਹਾਂ ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਊਰਿਟੀ-ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈ ਜਾਇਦਾਦ ਦਾ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਨੂੰ ਖਾਸ ਕਰ ਅਤੇ ਆਮ ਜਨਤਾ ਨੂੰ ਆਮ ਤੌਰ ’ਤੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤੀ ਗਈ ਕੋਈ ਵੀ ਸੌਦੇਬਾਜ਼ੀ ਉਮੀਦ ਹਾਊਸਿੰਗ ਫਾਈਨਾਂਸ ਪ੍ਰਾਈ: ਲਿਮ: ਨੂੰ ਹੇਠਾਂ ਵਰਨਣ ਇੱਕ ਰਾਸ਼ੀ ਸਮੇਤ ਅਦਾਇਗੀ ਦੀ ਮਿਤੀ ਤੱਕ ਬਣਦੇ ਵਿਆਜ਼, ਲਾਗਤਾਂ ਅਤੇ ਖਰਚਿਆਂ ਦਾ ਹੱਕਦਾਰ ਬਣਾਏਗੀ।

ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਵਿਵਸਥਾਵਾਂ ਅਧੀਨ ਸਕਿਓਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਦਿੱਤੇ ਗਏ ਸਮੇਂ ਵੱਲ ਦਿਵਾਉਂਦਾ ਹੈ।

ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ ਗਰੰਟਰਾਂ, ਸਕਿਓਰਟੀਜ਼, ਬਕਾਇਆ ਰਕਮਾਂ, ਡਿਮਾਂਡ ਨੋਟਿਸ ਸੈਕਸ਼ਨ 13 (2) ਅਧੀਨ ਭੇਜੇ ਗਏ ਹਨ ਅਤੇ ਇਸ ਅਧੀਨ ਦਾਅਵਾ ਕੀਤੀ ਗਈ ਰਕਮ ਅਤੇ ਕਬਜ਼ੇ ਦੀ ਮਿਤੀ ਹੇਠਾਂ ਦਰਸਾਏ ਅਨੁਸਾਰ ਹੈ :

| ਕਰਜ਼ਦਾਰ, ਸਹਿ-ਕਰਜ਼ਦਾਰ, ਗਰੰਟਰ ਦਾ ਨਾਂਅ ਅਤੇ ਪਤਾ ਕਰਜ਼ਾ ਖਾਤਾ ਨੰ. ਅਤੇ ਕਰਜ਼ਾ ਰਾਸ਼ੀ | ਡਿਮਾਂਡ ਨੋਟਿਸ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ |
|---|---|---|
| | 17 ਦਸੰਬਰ 2024 | 18 ਮਾਰਚ 2025 |
| | ਬਕਾਇਆ ਰਕਮ ਰੁਪਏ ’ਚ | |
| 1. ਸਾਵਨ ਕੁਮਾਰ ਪੁੱਤਰ ਬਾਬੂ ਰਾਮ (ਕਰਜ਼ਦਾਰ) 2. ਮੁਕੇਸ਼ ਰਾਣੀ ਪਤਨੀ ਬਾਬੂ ਰਾਮ (ਸਹਿ-ਕਰਜ਼ਦਾਰ) ਉਕਤ ਦੋਵੇਂ ਵਾਸੀ ਮੁੱਲਾਂਪੁਰ ਗਰੀਬਦਾਸ ਤਹਿਸੀਲ ਖਰੜ ਜ਼ਿਲ੍ਹਾ ਐਸ.ਏ. ਐਸ. ਨਗਰ ਮੋਹਾਲੀ- 140901 ਕਰਜਾ ਨੰ. LXCHD02921-220011563 ਕਰਜਾ ਇਕਰਾਰਨਾਮਾ ਮਿਤੀ 29-05-2021 ਕਰਜਾ ਰਾਸ਼ੀ- ਰੁਪਏ 8,98,000/- | ਰੁਪਏ 9,44,901/-(ਰੁਪਏ ਨੌਂ ਲੱਖ ਚੁਤਾਲੀ ਹਜ਼ਾਰ ਨੌਂ ਸੌ ਇੱਕ ਕੇਵਲ) 17 ਦਸੰਬਰ 2024 ਅਨੁਸਾਰ ਜਮ੍ਹਾਂ 18 ਦਸੰਬਰ 2024 ਹੋਰ ਵਿਆਜ਼ ਅਤੇ ਹੋਰ ਖਰਚੇ । | |

ਸਕਿਉਰਡ ਐੱਸਟ ਦੇ ਵੇਰਵੇ : ਜਾਇਦਾਦ ਰਕਬਾ 00 ਕਨਾਲ 05 ਮਰਲੇ ਦੇ ਸਾਰੇ ਹਿੱਸੇ, ਖੇਵਟ/ਖਤੌਨੀ ਨੰ. 165/174 ਖਸਰਾ ਨੰ. 32//15(7-11), ਕਿੱਤਾ 01 ਵਿੱਚ ਸ਼ਾਮਿਲ ਜ਼ਮੀਨ ਰਕਬਾ 07 ਕਨਾਲ 11 ਮਰਲੇ ਦਾ 5/151 ਸ਼ੇਅਰ ਅਰਥਾਤ 00 ਕਨਾਲ 05 ਮਰਲੇ, ਜੋ ਪਿੰਡ ਪੜੌਲ ਹੱਦਬਸਤ ਨੰ. 340 ਸਬ ਤਹਿਸੀਲ ਮਾਜਰੀ ਤਹਿਸੀਲ ਖਰੜ ਅਤੇ ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਸਥਿਤ। ਹੱਦਾਂ : ਮਿਤੀ 29.04.2021 ਦੀ ਮੁਲਾਂਕਣ ਰਿਪੋਰਟ ਅਨੁਸਾਰ : ਉੱਤਰ : ਹੋਰਨਾਂ ਦੀ ਜਾਇਦਾਦ, ਦੱਖਣ : ਹੋਰਨਾਂ ਦੀ ਜਾਇਦਾਦ, ਪੂਰਬ : ਸੜਕ, ਪੱਛਮ : ਹੋਰਨਾਂ ਦੀ ਜਾਇਦਾਦ।

ਮਿਤੀ : 19 ਮਾਰਚ 2025
ਸਥਾਨ : ਗੁਰੂਗ੍ਰਾਮ, ਹਰਿਆਣਾ
ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ-9650055701
ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈ. ਲਿਮ.

LPU DISTANCE EDUCATION
Bridging the Distance in Education
Recognized by UGC
NAAC GRADE A++

University Grants Commission (UGC - DEB) ਦੁਆਰਾ ਮਾਨਤਾ ਪ੍ਰਾਪਤ

ਨਿੱਜੀ ਸੰਪਰਕ ਪ੍ਰੋਗਰਾਮ ਲਈ ਰਜਿਸਟਰੇਸ਼ਨ ਸ਼ੁਰੂ

LPU ਡਿਸਟੈਂਸ ਐਜੂਕੇਸ਼ਨ ਦੇ ਜਨਵਰੀ-ਫਰਵਰੀ 2025 ਸੈਸ਼ਨ ਦੇ ਨਵੇਂ ਅਤੇ ਮੌਜੂਦਾ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਿੱਤੇ ਗਏ ਸੈਸ਼ਨ ਦੀਆਂ ਨਿੱਜੀ ਸੰਪਰਕ ਪ੍ਰੋਗਰਾਮ-Personal Contact Programme (PCP) ਕਲਾਸਾਂ ਲਈ ਰਜਿਸਟਰੇਸ਼ਨ ਸ਼ੁਰੂ ਹੋ ਗਈ ਹੈ| PCP ਲਈ LPU e-Connect ਰਾਂਹੀ ਰਜਿਸਟਰ ਕੀਤਾ ਜਾ ਸਕਦਾ ਹੈ:

LPU e-Connect --> PCP --> PCP Registration

PCP ਲਈ ਰਜਿਸਟਰ ਕਰਨ ਦੀ ਆਖ਼ਰੀ ਮਿਤੀ 15 ਅਪ੍ਰੈਲ 2025 ਹੈ।

Visit www.lpude.in Call: 01824-521360

ਉੱਤਰ ਰੇਲਵੇ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ/ਮਾਲਭਾੜਾ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-WVM25-7 | 25.03.2025 ਨੂੰ 11.00 ਵਜੇ | ਫਰੀਦਕੋਟ, ਫਿਲਲੌਰ, ਫ਼ਿਰੋਜ਼ਪੁਰ ਕੈਂਟ, ਅੰਮ੍ਰਿਤਸਰ ਅਤੇ ਫਗਵਾੜਾ ਰੇਲਵੇ ਸਟੇਸ਼ਨ ਉਤੇ ਵਾਟਰ ਵੇਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-PRKG 25-6 | 25.03.2025 ਨੂੰ 11.30 ਵਜੇ | ਕਪੂਰਥਲਾ ਰੇਲਵੇ ਸਟੇਸ਼ਨ ਉਤੇ ਪਾਰਕਿੰਗ ਜਗ੍ਹਾਂ ਦਾ ਠੇਕੇ ਉਤੇ ਅਲਾਟਮੈਂਟ। |
| EAFZR-PnU25-5 | 25.03.2025 ਨੂੰ 12.30 ਵਜੇ | ਬਟਾਲਾ, ਕੋਟਕਪੂਰਾ, ਅਤੇ ਮੁਕਤਸਰ ਰੇਲਵੇ ਸਟੇਸ਼ਨਾਂ ਉਤੇ ਪੇ ਐਂਡ ਯੂਜ ਪਖਾਨਿਆਂ ਦੇ ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਅਨੁਬੰਧ ਦਾ ਅਲਾਟਮੈਂਟ। |
| EAFZR-CTG25-8 | 26.03.2025 ਨੂੰ 11.30 ਵਜੇ | ਜਲੰਧਰ ਕੈਂਟ ਅਤੇ ਫਗਵਾੜਾ ਰੇਲਵੇ ਸਟੇਸ਼ਨਾਂ ਉਤੇ ਕੈਟਰਿੰਗ ਸਟਾਲ ਦਾ ਠੇਕੇ ਦਾ ਅਲਾਟਮੈਂਟ। |
| EAFZR-OH25-9 | 28.03.2025 ਨੂੰ 11.00 ਵਜੇ | ਵਾਣਿਜਿਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ: 1) ਸਾਹਨੇਵਾਲ, ਅੰਮ੍ਰਿਤਸਰ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਉਤੇ ਪਾਣੀ ਦੀ ਟੰਕੀਆਂ ਦੇ ਓਵਰਹੇਡ ਦੇ ਉਪਰ। 2) ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ ਅਤੇ ਪਟਟੀ ਰੇਲਵੇ ਸਟੇਸ਼ਨ ਤੋਂ ਸਟੇ ਲੇਵਲ ਕਰੋਸਿੰਗ ਉਤੇ ਸਟੇਟਿਕ ਮੀਡਿਯਾ ਦੇ ਦੁਵਾਰਾ ਤੋਂ। 3) ਗੋਰਾਯਾ ਅਤੇ ਲੋਹਿਯਾ ਖਾਸ ਰੇਲਵੇ ਸਟੇਸ਼ਨ ਉਤੇ ਸਟੇਟਿਕ ਮੀਡਿਯਾ ਦੇ ਦੁਵਾਰਾ ਤੋਂ। 4) ਮਖੂ ਅਤੇ ਨਕੋਦਰ ਰੇਲਵੇ ਸਟੇਸ਼ਨ ਉਤੇ ਸਟੇਟਿਕ ਮੀਡਯਾ / ਪਾਣੀ ਦੀ ਟੰਕੀ ਦੇ ਓਵਰਹੇਡ ਦੇ ਉਪਰ। |
| EAFZR-CTG25-9 | 28.03.2025 ਨੂੰ 11.00 ਵਜੇ | ਬਾੜੀ ਬ੍ਰਹਮਣਾ, ਸਾਂਬਾ, ਨਗਰੋਟਾ ਸੂਰਿਯਾਂ, ਨੂਰਪੁਰ ਰੋਡ, ਗੁਲੇਰ, ਨਗਰੋਟਾ, ਪਾਲਮਪੁਰ ਹਿਮਾਚਲ, ਟਾਂਡਾ ਉਡਮੁਡ ਅਤੇ ਭੋਗਪੁਰ ਸਿਰਵਾ ਰੇਲਵੇ ਸਟੇਸ਼ਨਾਂ ਉਤੇ ਕੈਟਰਿੰਗ ਸਟਾਲ ਦਾ ਠੇਕੇ ਉਤੇ ਅਲਾਟਮੈਂਟ। |
| EAFZR-MIS25-5 | 28.03.2025 ਨੂੰ 11.30 ਵਜੇ | 1) ਰੇਲਵੇ ਸਟੇਸ਼ਨ ਪਠਾਨਕੋਟ ਕੈਂਟ ਵਿਚ ਸ਼ਾਂਤੀਪੂਰਦ / ਸ਼ਿਥਿਲ ਜੋਨ ਵਿਚ ਬਾਡੀ ਰਿਲੀਫ ਚੇਯਰ ਦੀ ਸਥਾਪਨਾ, ਸੰਚਾਲਨ ਅਤੇ ਰੱਖ-ਰੱਖਾਵ ਦੇ ਠੇਕੇ ਦਾ ਅਲਾਟਮੈਂਟ। 2) ਕਠੂਆ, ਪਠਾਨਕੋਟ ਕੈਂਟ ਅਤੇ ਉਧਮਪੁਰ ਰੇਲਵੇ ਸਟੇਸ਼ਨਾਂ ਉਤੇ ਵਾਟਰ ਵੇਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ |
| EAFZR-MPS25-5 | 28.03.2025 ਨੂੰ 12.30 ਵਜੇ | ਕਠੂਆ ਅਤੇ ਫਰੀਦਕੋਟ ਰੇਲਵੇ ਸਟੇਸ਼ਨਾਂ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦੇ ਲਈ ਅਨੁਬੰਧ ਦਾ ਅਲਾਟਮੈਂਟ। |
| EAFZR-CTG25-10 | 01.04.2025 ਨੂੰ 11.00 ਵਜੇ | ਖੇਮਕਰਣ, ਮੁਕਤਸਰ, ਤਰਨਤਾਰਨ, ਸਾਹਨੇਵਾਲ, ਕਰਤਾਰਪੁਰ, ਆਰਸੀਐਫ-ਕਪੂਰਥਲਾ ਹਾਲਟ, ਨਵਾਂ ਸ਼ਹਿਰ ਦੋਆਬਾ, ਨਕੋਦਰ, ਵੇਰਕਾ, ਜਗਰਾਊਂ, ਫ਼ਿਰੋਜ਼ਪੁਰ ਸਿਟੀ ਅਤੇਫਾਜਿਲਕਾ ਰੇਲਵੇ ਸਟੇਸ਼ਨਾਂ ਉਤੇ ਕੈਟਰਿੰਗ ਸਟਾਲ ਦਾ ਠੇਕੇ ਦਾ ਅਲਾਟਮੈਂਟ। |
| EAFZR-MIS25-6 | 01.04.2025 ਨੂੰ 11.30 ਵਜੇ | 1) ਰੇਲਵੇ ਸਟੇਸ਼ਨ ਅੰਮ੍ਰਿਤਸਰ ਅਤੇ ਜਲੰਧਰ ਸਿਟੀ, ਪਠਾਨਕੋਟ ਕੈਂਟ ਵਿਚ ਸ਼ਾਂਤੀਪੂਰਦ / ਸ਼ਿਥਿਲ ਜੋਨ ਵਿਚ ਬਾਡੀ ਰਿਲੀਫ ਚੇਯਰ ਦੀ ਸਥਾਪਨਾ, ਸੰਚਾਲਨ ਅਤੇ ਰੱਖ-ਰੱਖਾਵ ਦੇ ਠੇਕੇ ਦਾ ਅਲਾਟਮੈਂਟ। 2) ਰੇਲਵੇ ਸਟੇਸ਼ਨ ਫ਼ਿਰੋਜ਼ਪੁਰ ਕੈਂਟ ਉਤੇ ਪਲਾਸਟਿਕ ਬੋਤਲ ਕਰਸ਼ਿੰਗ ਮਸ਼ੀਨ ਦੀ ਸਥਾਪਨਾ, ਸੰਚਾਲਨ ਅਤੇ ਰੱਖ-ਰੱਖਾਵ ਅਤੇ ਉਸ ਉਤੇ ਵਾਣਿਜਯਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-MPS25-6 | 01.04.2025 ਨੂੰ 11.30 ਵਜੇ | ਜਲੰਧਰ ਛਾਵਣੀ ਰੇਲਵੇ ਸਟੇਸ਼ਨ ਉਤੇ ਬਹੁਉਦੇਸ਼ੀਯ ਸਟਾਲ (ਐਮਪੀਐਸ) ਦੇ ਲਈ ਅਨੁਬੰਧ ਦਾ ਅਲਾਟਮੈਂਟ। |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੈੱਬਸਾਈਟ www.ireps.gov.in ਉਤੇ ਜਾਉ।
ਨੰਬਰ: MC/38015/Pub/E-Auction/FZR/22 Date: 17.03.2025 823/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਬ੍ਰਿਜ ਲਾਈਨ, ਜੰਮੂ ਤਵੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ, ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲੜੀ ਨੰ. | ਨਿਵਿਦਾ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁਲਣ ਦੀ ਮਿਤੀ | IREPS ਤੇ ਬੋਲੀ ਲਗਾਉਣ ਦੀ ਮਿਤੀ | ਨਿਵਿਦਾ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1. | OT-06-JAT-2025 | Dy. CE/BL/JAt ਦੇ ਅਧਿਕਾਰ ਖੇਤਰ ਵਿਚ ਫਿਰੋਜ਼ਪੁਰ ਡਵੀਜਨ ਉਤੇ SSE/BR/M/BDGM ਦੇ ਤਹਿਤ BDGM-BRML ਸੈਕਸ਼ਨ ਵਿਚ ਵਖ-ਵਖ ਪੁਲਾਂ ਦੀ ਪੇਂਟਿੰਗ ਦਾ ਕੰਮ ਕਰਨਾ। | 2,46,61,562.10 | 2,73,300.00 | 04.04.2025 | 21.03.2025 ਤੋਂ 04.04.2025 | 0 | 10 ਮਹੀਨੇ |

| | |
|---|---|
| ਨਿਵਿਦਾ ਪੇਸ਼ ਕਰਨ ਅਤੇ ਨਿਵਿਦਾ ਖੋਹਲਨ ਦੇ ਲਈ ਮਿਤੀ ਅਤੇ ਸਮਾਂ | ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15.00 ਵਜੇ ਤਕ ਉਸੇ ਸਮੇਂ 15:00 ਵਜੇ ਦੇ ਬਾਅਦ। |
| ਵੈਬਸਾਈਟ ਵੇਰਵਾ ਜਿਥੇ ਨਿਵਿਦਾ ਦਾ ਪੂਰਾ ਵੇਰਵਾ ਵੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ। | ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਦੀ ਵੈਬ ਸਾਈਟ www.nr.indianrailways.gov.in ’ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ’ਤੇ ਉਪਲਬਧ ਹੈ। |

No.80-W/30/Bridges/ Invitation Dated: 12.03.2025 821/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਸੀ ਐੱਨ ਜੀ ਬਾਇਓ ਗੈਸ ਪਲਾਂਟ ਬੰਦ ਕਰਵਾਉਣ ਲਈ ਧਰਨਾ ਭਲਕ ਤੋਂ ਦੇਣ ਦੀ ਚੇਤਾਵਨੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਮਾਰਕਿਟ ਐਸੋਸੀਏਸ਼ਨ ਭੋਗਪੁਰ, ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਪ੍ਰਮੁੱਖ ਨੁਮਾਇੰਦਿਆਂ, ਜਿਹਨਾਂ 'ਚ ਰਾਜ ਕੁਮਾਰ ਰਾਜਾ , ਬਲਵਿੰਦਰ ਸਿੰਘ ਮੱਲੀ ਨੰਗਲ, ਮੁਕੇਸ਼ ਚੰਦਰ , ਅਸ਼ਵਨ ਭੱਲਾ, ਵਿਸ਼ਾਲ ਬਹਿਲ , ਯੋਗੇਸ਼ ਅਰੋੜਾ, ਅੰਮ੍ਰਿਤਪਾਲ ਸਿੰਘ ਖਰਲ, ਚਰਨਜੀਤ ਸਿੰਘ ਡੱਲਾ, ਲੱਕੀ ਤੂਰ, ਰਿਕੀ ਬੇਦੀ , ਦੀਪਕ ਮੁਲਤਾਨੀ ਵੱਲੋਂ ਮੀਟਿੰਗ ਭੋਗਪੁਰ ਵਿਖੇ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਆਗੂਆਂ ਨੇ ਸਹਿਕਾਰੀ ਖੰਡ ਮਿੱਲ ਭੋਗਪੁਰ ਵਿੱਚ ਲੱਗ ਰਹੇ ਸੀ ਐਨ ਜੀ ਬਾਇਓ ਗੈਸ ਪਲਾਂਟ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਪਲਾਂਟ ਲੱਗਣ ਨਾਲ ਸ਼ਹਿਰ ਭੋਗਪੁਰ ਹੀ ਨਹੀਂ, ਸਗੋਂ ਨੇੜਲੇ 10 ਕਿਲੋਮੀਟਰ ਆਲੇ ਦੁਆਲੇ ਦੇ ਪਿੰਡ ਵੀ ਪ੍ਰਭਾਵਿਤ ਹੋਣਗੇ, ਕਿਉਂਕਿ ਧਰਤੀ ਹੇਠਲਾ ਪਾਣੀ, ਹਵਾ ਅਤੇ ਵਾਤਾਵਰਣ ਪ੍ਰਦੂਸ਼ਿਤ ਹੋ ਜਾਣ ਕਾਰਨ ਮੱਖੀਆਂ ਮੱਛਰਾਂ ਦੀ ਭਰਮਾਰ ਨਾਲ ਘਾਤਕ ਬਿਮਾਰੀਆਂ ਕਾਰਨ ਇਲਾਕੇ ਦੀਆਂ ਫਸਲਾਂ ਅਤੇ ਆਉਣ ਵਾਲੀਆਂ ਨਸਲਾਂ ਤਬਾਹ ਹੋ ਜਾਣਗੀਆਂ।ਉਹਨਾਂ ਕਿਹਾ ਕਿ ਜਿਸ ਤਰ੍ਹਾਂ ਅਜ਼ਾਦੀ ਤੋਂ ਬਾਅਦ ਭੋਗਪੁਰ ਨੇ ਤੇਜ਼ੀ ਨਾਲ ਸਰਬਪੱਖੀ ਵਿਕਾਸ ਕਰਕੇ ਵੱਡੇ ਸ਼ਹਿਰ ਦਾ ਰੂਪ ਧਾਰਿਆ ਉਸੇ ਤਰ੍ਹਾਂ ਸੀ ਐਨ ਜੀ ਬਾਇਓ ਗੈਸ ਪਲਾਂਟ ਚਾਲੂ ਹੋਣ ਨਾਲ ਥੋੜ੍ਹੇ ਸਮੇਂ ਅੰਦਰ ਹੀ ਸ਼ਹਿਰ ਤਬਾਹ ਹੋ ਜਾਵੇਗਾ। ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬ ਸਰਕਾਰ ਅਤੇ ਸਬੰਧਤ ਸਰਕਾਰੀ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਸੀ ਐਨ ਜੀ ਬਾਇਓ ਗੈਸ ਪਲਾਂਟ ਵਿੱਚ ਚੱਲ ਰਿਹਾ ਕੰਮ ਬੰਦ ਕਰਵਾਇਆ ਜਾਵੇ, ਨਹੀਂ ਤਾਂ ਇਲਾਕੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ, ਵੱਖ ਵੱਖ ਕਿਸਾਨ ਯੂਨੀਅਨਾਂ , ਮਾਰਕਿਟ ਐਸੋਸੀਏਸ਼ਨ ਭੋਗਪੁਰ ਅਤੇ ਸ਼ਹਿਰ ਵਾਸੀ 20 ਮਾਰਚ ਨੂੰ ਅਣਮਿੱਥੇ ਸਮੇਂ ਲਈ ਕੌਮੀ ਮਾਰਗ ਉਪਰ ਟੀ ਪੁਆਇੰਟ 'ਤੇ ਧਰਨਾ ਦੇਣ ਲਈ ਮਜਬੂਰ ਹੋਣਗੇ। ਸਾਰੀ ਜ਼ਿੰਮੇਵਾਰੀ ਸਰਕਾਰ ਅਤੇ ਸਰਕਾਰੀ ਪ੍ਰਸ਼ਾਸਨ ਦੀ ਹੋਵੇਗੀ। ਵੱਖਰੇ ਤੌਰ 'ਤੇ ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਵੀ ਕਿਹਾ ਕਿ ਉਹ ਪਲਾਂਟ ਨੂੰ ਬੰਦ ਕਰਾਉਣ ਵਾਲੇ ਲੋਕਾਂ ਨਾਲ ਚਟਾਨ ਵਾਂਗ ਖੜੇ ਹਨ।

# ਠੇਕਾ ਮੁਲਾਜ਼ਮਾਂ ਵੱਲੋਂ ਖੰਨਾ ਵਿਖੇ ਸੂਬਾ ਪੱਧਰੀ ਰੈਲੀ 21 ਨੂੰ, ਤਿਆਰੀਆਂ ਮੁਕੰਮਲ



**ਕਾਲਾ ਸੰਘਿਆਂ (ਮਨਜੀਤ ਮਾਨ)** ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ ਕਟਾਰੀਆ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਪਵਨਦੀਪ ਸਿੰਘ, ਸ਼ੇਰ ਸਿੰਘ ਖੰਨਾ, ਸਿਮਰਨਜੀਤ ਸਿੰਘ ਨੀਲੋਂ, ਜਸਪ੍ਰੀਤ ਸਿੰਘ ਗਗਨ ਅਤੇ ਸੁਰਿੰਦਰ ਕੁਮਾਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਗਿਆ ਕਿ ਪੰਜਾਬ ਸਰਕਾਰ ਦੇ ਕਾਰਪੋਰੇਟ-ਪੱਖੀ ਵਤੀਰੇ ਨੂੰ ਵੇਖਦਿਆਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ 21 ਮਾਰਚ ਨੂੰ ਖੰਨਾ ਦੀ ਅਨਾਜ ਮੰਡੀ ਵਿੱਚ ਇੱਕ ਰੋਹ ਭਰਪੂਰ ਸੂਬਾ ਪੱਧਰੀ ਰੈਲੀ ਕਰਨ ਦਾ ਫੈਸਲਾ ਕੀਤਾ ਹੋਇਆ ਹੈ, ਜਿਸ ਦੀਆਂ ਪੰਜਾਬ-ਭਰ ਵਿੱਚ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਟੀਮਾਂ ਬਣਾ ਕੇ ਠੇਕਾ ਮੁਲਾਜ਼ਮਾਂ ਦੇ ਘਰ-ਘਰ ਜਾ ਕੇ ਪ ਰਵਾਰ ਦੇ ਸਾਰੇ ਜੀਆਂ ਦੀ ਰੈਲੀ ਵਿੱਚ ਸ਼ਮੂਲੀਅਤ ਕਰਵਾਉਣ ਦੀਆਂ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਇਹਨਾਂ ਜ਼ੋਰਦਾਰ ਤਿਆਰੀਆਂ ਮੁਤਾਬਕ ਖੰਨਾ ਰੈਲੀ ਸਫ਼ਲ ਹੋਵੇਗੀ ਅਤੇ ਪਿਛਲੇ ਤਿੰਨ ਸਾਲਾਂ ਦੇ ਅਰਸੇ ਵਿੱਚ ਗੱਲਬਾਤ ਕਰਨ ਤੋਂ ਇਨਕਾਰੀ ਪੰਜਾਬ ਸਰਕਾਰ ਨੂੰ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਲਈ ਮਜ਼ਬੂਰ ਕਰੇਗੀ।ਮੋਰਚੇ ਦੇ ਸੂਬਾਈ ਆਗੂਆਂ ਕਿਹਾ ਕਿ ਭਰਾਤਰੀ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਕਿਸਾਨ-ਮਜ਼ਦੂਰ ਯੂਨੀਅਨ ਫਿਰੋਜ਼ਪੁਰ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ) ਪੰਜਾਬ, ਖੰਨਾ ਮਜ਼ਦੂਰ ਯੂਨੀਅਨ, ਇਨਕਲਾਬੀ ਜ਼ਮਹੂਰੀ ਫਰੰਟ ਪੰਜਾਬ, ਡੈਮੋਕ੍ਰੇਟਿਕ ਟੀਚਰ ਫਰੰਟ ਪੰਜਾਬ, ਲੋਕ ਮੋਰਚਾ ਪੰਜਾਬ ਅਤੇ ਸਟੀਲ ਮੋਲਡਰ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਖੰਨਾ ਰੈਲੀ ਲਈ ਸਮਰਥਨ ਜੁਟਾਉਣ ਦਾ ਐਲਾਨ ਕੀਤਾ ਗਿਆ ਹੈ। ਮੋਰਚੇ ਦੇ ਸੂਬਾਈ ਆਗੂਆਂ ਨੇ ਸਮੂਹ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਖੰਨਾ ਵਿਖੇ ਕੀਤੀ ਜਾ ਰਹੀ ਇਸ ਸੂਬਾ ਪੱਧਰੀ ਰੈਲੀ ਨੂੰ ਸਫ਼ਲ ਬਣਾਉਣ ਦ ਅਪੀਲ ਕੀਤੀ ਹੈ।

# ਸ਼੍ਰੋਮਣੀ ਅਕਾਲੀ ਦਲ ਦੇ ਮੁੱਢਲੇ ਮੈਂਬਰਾਂ ਨੇ ਕਾਂਗਰਸ ਦਾ ਪੱਲਾ ਫੜਿਆ

**ਬਲਾਚੌਰ ( ਜਸਵਿੰਦਰ ਬੈਂਸ)**- ਪਿੰਡ ਬਿਛੋੜੀ ਤੋਂ ਨਰਿੰਦਰ ਸਿੰਘ ਜੱਸੀ ਜਰਨਲ ਸਕੱਤਰ ਬੀ. ਸੀ. ਸੀ. ਅਤੇ ਰਛਵਿੰਦਰ ਸਿੰਘ ਬੱਲ ਵਾਈਸ ਚੇਅਰਮੈਨ ਪੰਚਾਇਤੀ ਰਾਜ ਸੰਗਠਨ ਦੇ ਯਤਨਾਂ ਸਦਕਾ ਸ਼੍ਰੋਮਣੀ ਅਕਾਲੀ ਦੱਲ ਪਾਰਟੀ ਨੂੰ ਛੱਡ ਪਰਮਿੰਦਰ ਢਾਹਾਂ, ਦਾਰਾ ਸਿੰਘ ਬੱਲ, ਦੀਦਾਰ ਸਿੰਘ ਖੜਬੜ, ਕੁਲਵਿੰਦਰ ਸਹੋਤਾ, ਬਲਵੀਰ ਸਹੋਤਾ, ਬਲਵਿੰਦਰ ਕੁਮਾਰ ਸਾਥੀਆਂ ਸਮੇਤ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ। ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਏ ਸਾਥੀਆਂ ਨੂੰ ਬਨਦਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਕਾਂਗਰਸ ਪਾਰਟੀ ਉਨ੍ਹਾਂ ਲਈ ਹਰ ਸਮੇਂ ਹਾਜ਼ਰ ਰਹੇਗੀ।ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਆਲ ਇੰਡੀਆ ਕਾਂਗਰਸ ਕਮੇਟੀ ਸਕੱਤਰ ਅਤੇ ਪੰਜਾਬ ਕਾਂਗਰਸ ਦੇ ਸਹਿ ਇੰਚਾਰਜ ਸ੍ਰੀ ਰਵਿੰਦਰ ਉੱਤਮ ਰਾਓ ਡਾਲਵੀ, ਕੇ. ਪੀ. ਰਾਣਾ ਸਾਬਕਾ ਸਪੀਕਰ, ਡਾ. ਅਮਰ ਸਿੰਘ ਸਾਂਸਦ ਫਤਿਹਗੜ੍ਹ ਸਾਹਿਬ, ਆਲ ਇੰਡੀਆ ਕਾਂਗਰਸ ਕਮੇਟੀ ਦੇ Joint Treasurer ਅਤੇ ਪੰਜਾਬ ਦੇ ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ, ਚੌਧਰੀ ਦਰਸ਼ਨ ਲਾਲ ਮੰਗੂਪੁਰ ਸਾਬਕਾ ਵਿਧਾਇਕ ਬਲਾਚੌਰ, ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਚੌਧਰੀ ਤਰਸੇਮ ਚੰਨਿਆਣੀ ਸਾਬਕਾ ਚੇਅਰਮੈਨ, ਹਰਜੀਤ ਜਾਡਲੀ ਮੀਤ ਪ੍ਰਧਾਨ ਡੀ.ਸੀ.ਸੀ., ਗਿਆਨ ਸਿੰਘ ਭੰਨੂ ਮੈਂਬਰ ਬੀ.ਸੀ.ਸੀ., ਮੋਹਨ ਲਾਲ ਸਰਪੰਚ, ਚਰਨਜੀਤ ਕੁੱਕੂ ਚੌਧਰੀ, ਬਲਜਿੰਦਰ ਮਾਣੇਵਾਲ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੰਗਠਨ, ਸੂਬੇਦਾਰ ਜਗਤਾਰ ਸਿੰਘ, ਸਤਪਾਲ ਜੱਸਲ, ਸੱਤਪਾਲ ਕਲੇਰ, ਸੁਰਿੰਦਰ ਪੱਪੂ, ਬਲਵੀਰ ਸਿੰਘ ਸਹੋਤਾ, ਬਿੰਦਾ ਪੰਚ, ਕੁਲਵਿੰਦਰ ਸਹੋਤਾ, ਦੀਦਾਰ ਸਿੰਘ ਖੜਬੜ, ਗੁਰਦੀਪ ਪੰਚ, ਰਾਜਨ ਕੁਮਾਰ, ਗੁਰਪ੍ਰੀਤ ਸਿੰਘ ਸਹੋਤਾ, ਰਾਜੂ, ਸੁਖਵਿੰਦਰ ਸਿੰਘ ਸੁੱਖਾ, ਮਹਿੰਦਰ ਸਿੰਘ ਥਾਣੇਦਾਰ, ਗੁਰਦੇਵ ਸਿੰਘ, ਸੋਨੂੰ ਨੰਬਰਦਾਰ, ਲਖਵੀਰ ਸਿੰਘ ਗਰਚਾ, ਓਂਕਾਰ ਸਿੰਘ, ਧਰਮਵੀਰ ਸਿੰਘ ਮਹਿਲਾ ਸੰਗਠਨ ਤੋਂ ਅਨੀਤਾ ਰਾਣੀ, ਸੁਖਵਿੰਦਰ ਕੌਰ ਪੰਚ, ਤਰਸੇਮ ਕੋਰ, ਬਲਜਿੰਦਰ ਕੌਰ, ਮਨਜੀਤ ਕੌਰ, ਗੀਤਾ ਰਾਣੀ, ਸ਼ਿਖਾ ਗਰਚਾ, ਰਣਜੀਤ ਕੌਰ, ਸਨਵੀਨ ਬੱਲ, ਬਲਵੀਰ ਕੌਰ, ਕਿਰਨਪ੍ਰੀਤ ਕੌਰ ਪੰਚ, ਹਾਜ਼ਰ ਸਨ।

# ਨਸ਼ਿਆਂ ਦੇ ਖਾਤਮੇ ਲਈ ਇਕਜੁੱਟ ਹੋਣ ਦਾ ਦਿੱਤਾ ਸੱਦਾ



**ਜਲੰਧਰ -(ਇਕਬਾਲ ਸਿੰਘ ਉੱਭੀ/ਸ਼ੈਲੀ ਐਲਬਰਟ)** -ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਆਪਣੇ ਕਿਸਮ ਦੇ ਪਹਿਲੇ ਪ੍ਰੋਗਰਾਮ 'ਸੰਪਰਕ' ਦੌਰਾਨ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਲੋਕਾਂ ਨੂੰ ਜ਼ਿਲ੍ਹੇ ਵਿੱਚੋਂ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਲਈ ਇੱਕਜੁੱਟ ਹੋਣ ਦਾ ਸੱਦਾ ਦਿੱਤਾ।ਡੀ ਏ ਵੀ ਕਾਲਜ ਵਿਖੇ ਗੱਲਬਾਤ ਦੌਰਾਨ ਪੁਲਸ ਕਮਿਸ਼ਨਰ ਨੇ ਕਿਹਾ ਕਿ ਪੰਜਾਬੀਆਂ ਨੂੰ ਵਿਰੋਧੀ ਹਾਲਾਤ ਵਿਚ ਵੀ ਅੱਗੇ ਵਧਣ ਦੀ ਭਾਵਨਾ ਦਾ ਆਸ਼ੀਰਵਾਦ ਪ੍ਰਾਪਤ ਹੈ।ਅੱਤਵਾਦ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਸੂਬੇ ਨੂੰ ਸ਼ਾਂਤੀਪੂਰਣ ਅਤੇ ਪ੍ਰਗਤੀਸ਼ੀਲ ਸੂਬਾ ਬਣਾਉਣ ਦੀ ਦ੍ਰਿੜ ਵਚਨਬੱਧਤਾ ਅਤੇ ਪੱਕੇ ਇਰਾਦੇ ਕਰਕੇ ਪੰਜਾਬੀਆਂ ਨੇ ਉਨ੍ਹਾਂ 'ਕਾਲੇ ਦਿਨਾਂ' ਨੂੰ ਵੀ ਪਾਰ ਕਰ ਲਿਆ। ਉਨ੍ਹਾਂ ਲੋਕਾਂ ਨੂੰ ਜ਼ਿਲ੍ਹੇ ਵਿੱਚੋਂ ਨਸ਼ਿਆਂ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਉਸੇ ਭਾਵਨਾ ਨੂੰ ਜਗਾਉਣ ਦੀ ਅਪੀਲ ਕੀਤੀ।ਪੁਲਸ ਕਮਿਸ਼ਨਰ ਨੇ ਲੋਕਾਂ ਨੂੰ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਬਾਰੇ ਖੁੱਲ੍ਹ ਕੇ ਸੂਚਨਾ ਦੇਣ ਲਈ ਕਿਹਾ ਤਾਂ ਜੋ ਨਸ਼ਿਆਂ ਦੀ ਸਪਲਾਈ ਚੇਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਤੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਨਸ਼ਿਆਂ ਦੀ ਸਪਲਾਈ ਲਾਈਨ ਤੋੜ ਦਿੱਤੀ ਹੈ ਅਤੇ ਹੁਣ ਸਮੇਂ ਦੀ ਲੋੜ ਹੈ ਕਿ ਨਸ਼ੇ 'ਤੇ ਨਿਰਭਰ ਵਿਅਕਤੀਆਂ ਦਾ ਇਲਾਜ ਕਰਕੇ ਇਸ ਦੀ ਮੰਗ ਨੂੰ ਰੋਕਿਆ ਜਾਵੇ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਉਦੇਸ਼ ਨਸ਼ਿਆਂ ਨਾਲ ਨਜਿੱਠਣ ਲਈ ਵੱਧ ਤੋਂ ਵੱਧ ਜਨਤਕ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੁਆਇੰਟ ਪੁਲਿਸ ਕਮਿਸ਼ਨਰ ਸੰਦੀਪ ਕੁਮਾਰ ਸ਼ਰਮਾ, ਏ.ਡੀ.ਸੀ.ਪੀ. ਤੇਜਬੀਰ ਸਿੰਘ ਹੁੰਦਲ ਅਤੇ ਸਖਵਿੰਦਰ ਸਿੰਘ, ਏ.ਸੀ.ਪੀ. ਰਿਸ਼ਭ ਭੋਲਾ ਤੇ ਸ੍ਰੀ ਵੈਨੇਲਾ ਤੋਂ ਇਲਾਵਾ ਉਦਯੋਗ, ਸਮਾਜਿਕ ਅਤੇ ਧਾਰਮਿਕ ਸੰਗਠਨਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ਲਾਇਲਪੁਰ ਖ਼ਾਲਸਾ ਕਾਲਜ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਦਾ ਵਿਦਿਅਕ ਟੂਰ



**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਜ਼ੂਆਲੋਜੀ ਅਤੇ ਬਾਟਨੀ ਵਿਭਾਗ ਨੇ ਨੂਰਮਹਿਲ ਦੇ ਕ੍ਰਿਸ਼ੀ ਵਿਗਿਆਨ ਕੇਂਦਰ (ਕੇ.ਵੀ.ਕੇ.) ਦਾ ਇੱਕ ਵਿਦਿਅਕ ਦੌਰਾ ਆਯੋਜਿਤ ਕੀਤਾ । ਡਾ. ਗਗਨਦੀਪ ਕੌਰ ਮੁਖੀ ਜ਼ੂਆਲੋਜੀ ਤੇ ਬਾਟਨੀ ਵਿਭਾਗ, ਡਾ. ਹਮਿੰਦਰ ਸਿੰਘ ਅਤੇ ਡਾ. ਸਰਬਜੀਤ ਸਿੰਘ ਦੀ ਰਹਿਨੁਮਾਈ ਅਧੀਨ 34 ਵਿਦਿਆਰਥੀਆਂ ਦੇ ਵਿਸ਼ੇਸ਼ ਸਮੂਹ ਨੇ ਇਸ ਵਿਦਿਅਕ ਟੂਰ ਵਿਚ ਸ਼ਿਰਕਤ ਕੀਤੀ। ਇਸ ਵਿਦਿਅਕ ਟੂਰ ਦਾ ਉਦੇਸ਼ ਖੇਤੀਬਾੜੀ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੀ ਭੂਮਿਕਾ ਬਾਰੇ ਵਿਦਿਆਰਥੀਆਂ ਦੀ ਸਮਝ ਨੂੰ ਮਜ਼ਬੂਤ ?ਕਰਨਾ ਅਤੇ ਸਿਧਾਂਤਕ ਗਿਆਨ ਅਤੇ ਵਿਹਾਰਕ ਖੇਤਰੀ ਉਪਯੋਗਾਂ ਸਰਗਰਮ ਉਪਯੋਗਾਂ ਵਿਚਲੀ ਸਾਂਝ ਬਾਰੇ ਜਾਣਕਾਰੀ ਮੁਹੱਈਆ ਕਰਨਾ ਸੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਫੈਕਲਟੀ ਮੈਂਬਰਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਜੈਵਿਕ ਵਿਗਿਆਨ ਅਤੇ ਖੇਤੀਬਾੜੀ ਦੇ ਵਿਹਾਰਕ ਪਹਿਲੂਆਂ ਬਾਰੇ ਵਿਦਿਆਰਥੀਆਂ ਦੀ ਸਮਝ ਨੂੰ ਵਧਾਉਣ ਵਿੱਚ ਅਜਿਹੇ ਵਿਦਿਅਕ ਟੂਰ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਇਹ ਅਨੁਭਵ ਸਿੱਖਣ ਦੇ ਮੌਕੇ ਵਿਦਿਆਰਥੀਆਂ ਨੂੰ ਅਸਲ-ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਲੋੜੀਂਦੇ ਗਿਆਨ ਅਤੇ ਹੁਨਰਾਂ ਬਾਰੇ ਸਮਝ ਬਣਾਉਣ ਲਈ ਬਹੁਤ ਜ਼ਰੂਰੀ ਹਨ । ਵਿਦਿਅਕ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ ਦੇ ਖੇਤਰ ਵਿੱਚ ਆਧੁਨਿਕ ਖੇਤੀਬਾੜੀ ਅਭਿਆਸਾਂ ਅਤੇ ਵਿਗਿਆਨਕ ਤਰੱਕੀਆਂ ਦਾ ਵਿਹਾਰਕ ਅਨੁਭਵ ਪ੍ਰਾਪਤ ਹੋਇਆ। ਉਨ੍ਹਾਂ ਨੂੰ ਮਧੂ-ਮੱਖੀ ਪਾਲਣ, ਵਰਮੀਕੰਪੋਸਟਿੰਗ, ਬੱਕਰੀ ਪਾਲਣ, ਏਕੀਕ੍ਰਿਤ ਮੱਛੀ ਪਾਲਣ, ਜੈਵਿਕ ਖੇਤੀ, ਫਸਲ ਪ੍ਰਬੰਧਨ, ਮਿੱਟੀ ਪਰੀਖਣ ਅਤੇ ਏਕੀਕ੍ਰਿਤ ਕੀਟ ਪ੍ਰਬੰਧਨ ਸਮੇਤ ਵੱਖ-ਵੱਖ ਖੇਤੀਬਾੜੀ ਤਕਨੀਕਾਂ ਦੀ ਵਿਸਤ੍ਰਿਤ ਸੰਖੇਪ ਜਾਣਕਾਰੀ ਦਿੱਤੀ ਗਈ । ਕੇ.ਵੀ.ਕੇ. ਦੇ ਮਾਹਿਰਾਂ ਨੇ ਆਧੁਨਿਕ ਖੇਤੀ ਉਪਕਰਣਾਂ ਅਤੇ ਟਿਕਾਊ ਖੇਤੀਬਾੜੀ ਅਭਿਆਸਾਂ ਦੀ ਵਰਤੋਂ ਦਾ ਪ੍ਰਦਰਸ਼ਨ ਕੀਤਾ । ਡਾ. ਬਲਵੀਰ ਕੌਰ, ਸਹਾਇਕ ਪ੍ਰੋਫੈਸਰ, ਬਾਗਬਾਨੀ ਨੇ ਕੇ.ਵੀ.ਕੇ. ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਡਾ. ਰੋਹਿਤ ਗੁਪਤਾ, ਸਹਾਇਕ ਪ੍ਰੋਫੈਸਰ, ਪਸ਼ੂ ਵਿਗਿਆਨ ਨੇ ਏਕੀਕ੍ਰਿਤ ਖੇਤੀ ਪ੍ਰਣਾਲੀ ਦੇ ਮਾਡਲਾਂ ਦੇ ਬਾਰੇ ਜਾਣੂ ਕਰਵਾਇਆ ਅਤੇ ਡਾ. ਹਰਵਿੰਦਰ ਸਿੰਘ, ਸਹਾਇਕ ਪ੍ਰੋਫੈਸਰ, ਪੌਦਾ ਸੁਰੱਖਿਆ ਨੇ ਵਰਮੀਕੰਪੋਸਟਿੰਗ ਅਤੇ ਮਧੂ-ਮੱਖੀ ਪਾਲਣ ਬਾਰੇ ਇੱਕ ਸੰਖੇਪ ਜਾਣਕਾਰੀ ਦਿੱਤੀ ।

# ਸਵੈ-ਇੱਛੁਕ ਖ਼ੂਨਦਾਨ ਕੈਂਪ 23 ਨੂੰ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ )**— ਉਪਕਾਰ ਟਰੱਸਟ ਗੜ੍ਹਸ਼ੰਕਰ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਿਤ ਸਵੈ-ਇੱਛਕ ਖੂਨਦਾਨ ਕੈਂਪ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 23 ਮਾਰਚ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਯੋਕੋਹਾਮਾ ਹੋਟਲ ਬੰਗਾ ਰੋਡ ਗੜ੍ਹਸ਼ੰਕਰ ਵਿਖੇ ਲਗਾਇਆ ਜਾ ਰਿਹਾ । ਡਾਕਟਰ ਲਖਵਿੰਦਰ ਕੁਮਾਰ ਬਿਲੜੋ ਨੇ ਇਲਾਕੇ ਦੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ 23 ਮਾਰਚ ਨੂੰ ਕੈਂਪ ਵਿੱਚ ਵੱਧ ਤੋਂ ਵੱਧ ਖੂਨਦਾਨ ਕਰਨ।ਖੂਨਦਾਨ ਦੀ ਮਹੱਤਤਾ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ ਖੂਨ ਦਾਨ ਹੀ ਕੀਤਾ ਜਾ ਸਕਦਾ ਹੈ , ਇਸ ਨੂੰ ਬਣਾਇਆ ਨਹੀਂ ਜਾ ਸਕਦਾ ।ਖੂਨਦਾਨ ਕਰਨ ਨਾਲ ਕਿਸੇ ਲੋੜਵੰਦ ਦੀ ਜਾਨ ਬਚ ਸਕਦੀ ਹੈ ਅਤੇ ਤੰਦਰੁਸਤ ਜਿੰਦਗੀ ਜਿਓਣ ਲਈ ਖੂਨਦਾਨ ਕਰਨਾ ਵੀ ਜਰੂਰੀ ਹੈ।



# ਕਿਡਜ਼ਜ਼ੋਨ ਸਕੂਲ ਦਾ ਸਾਲਾਨਾ ਸਮਾਗਮ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਕਿਡਜ਼ਜ਼ੋਨ ਸਕੂਲ ਅਤੇ ਬਾਈਟ ਸੰਸਥਾ ਵਿਖੇ ਸਾਲਾਨਾ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੂੰ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਤੇ ਇਨਾਮ ਤੇ ਸਰਟੀਫਿਕੇਟ ਵੰਡੇ ਗਏ। ਨੰਨ੍ਹੇ-ਮੁੰਨੇ ਬੱਚਿਆਂ ਨੇ ਆਪਣੇ ਮਾਤਾ ਪਿਤਾ ਅਤੇ ਆਪਣੇ ਅਧਿਆਪਕਾਂ ਨਾਲ ਇਸ ਸਫ਼ਲਤਾ ਨੂੰ ਸਾਂਝਾ ਕੀਤਾ। ਬੱਚਿਆਂ ਦੇ ਮਾਤਾ ਪਿਤਾ ਨੇ ਸੰਸਥਾ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਕਿਡਜ਼ਜ਼ੋਨ ਸਕੂਲ ਵਿੱਚ ਉਨ੍ਹਾਂ ਦੇ ਬੱਚਿਆਂ ਦਾ ਬਹੁਤ ਵਧੀਆ ਪਲੇਟਫਾਰਮ ਹੈ, ਜਿੱਥੇ ਉਨ੍ਹਾਂ ਦੀ ਨੀਂਹ ਮਜ਼ਬੂਤ ਹੁੰਦੀ ਹੈ ਤੇ ਬੱਚਿਆਂ ਦਾ ਸਰਬਪੱਖੀ ਵਿਕਾਸ ਹੁੰਦਾ ਹੈ।ਇਸ ਮੌਕੇ ਮੈਡਮ ਕੁਲਦੀਪ ਕੌਰ, ਕਮਲਪ੍ਰੀਤ ਕੌਰ, ਪਰਦੀਪ, ਪਾਇਲ, ਜਸਪ੍ਰੀਤ, ਸਿਮਰਨ, ਨਵਜੋਤ, ਜਸ਼ੋਤੀ ਅਤੇ ਸੰਦੀਪ ਕੁਮਾਰ ਅਤੇ ਡਾਇਰੈਕਟਰ ਅਰਵਿੰਦਰ ਸਿੰਘ ਗਿੱਲ ਨੇ ਆਏ ਹੋਏ ਸਮੂਹ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਮਨਜੀਤ ਸਿੰਘ ਵਿੱਕੀ, ਪਵਨ ਭੱਟੀ, ਕੁਲਵਿੰਦਰ ਤੇਤਾ, ਸੁਧੀਰ ਪੁਰੀ, ਗੁਰਵਿੰਦਰ ਸਿੰਘ, ਸੰਤੋਸ਼ ਕੁਮਾਰੀ, ਸਿਮਰਨ ਅਤੇ ਰਾਜੂ ਸਮਾਰੋਹ ਵਿਚ ਸ਼ਿਰਕਤ ਕੀਤੀ।



# ਨਸ਼ਿਆਂ ਵਿਰੁੱਧ ਜੰਗ 'ਚ ਲੋਕ ਸਰਕਾਰ ਦਾ ਸਾਥ ਦੇਣ : ਮਨਜੀਤ ਕੌਰ



**ਕਾਲਾ ਸੰਘਿਆਂ (ਮਨਜੀਤ ਮਾਨ )** ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਜੰਗੀ ਪੱਧਰ 'ਤੇ ਸ਼ੁਰੂ ਕੀਤੀ ਗਈ ਮੁਹਿੰਮ ਨਸ਼ਿਆਂ ਵਿਰੁੱਧ ਚੰਗਾ ਉਪਰਾਲਾ ਹੈ। ਲੋਕਾਂ ਨੂੰ ਇਸ ਮੁਹਿੰਮ ਵਿੱਚ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਸਮਾਜ ਵਿੱਚ ਵੱਡੀ ਤਬਦੀਲੀ ਆ ਸਕੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੌਂਸਲਰ ਮਨਜੀਤ ਕੌਰ ਨੇ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਲੋਕ ਪੁਲਸ ਅਤੇ ਸਰਕਾਰ ਨਾਲ ਨਸ਼ਾ ਵੇਚਣ ਵਾਲਿਆਂ ਬਾਰੇ ਸਹੀ ਜਾਣਕਾਰੀ ਸਾਂਝੀ ਕਰਨ ਤਾਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਡੱਕਣਾ ਆਸਾਨ ਹੋ ਜਾਵੇਗਾ। ਇਸ ਲਈ ਬਿਨਾਂ ਕਿਸੇ ਡਰ ਤੋਂ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦਿੱਤੀ ਜਾਵੇ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਦੀ ਭਲਾਈ ਲਈ ਅੱਗੇ ਆਉਣ।

# ਸੜਕ ਨੂੰ ਚੌੜਾ ਕਰਨ ਦਾ ਨੀਂਹ ਪੱਥਰ ਬੀਬੀ ਮਾਨ ਨੇ ਰੱਖਿਆ

**ਨਕੋਦਰ (ਮਨਜੀਤ ਮਾਨ)** ਹਲਕਾ ਨਕੋਦਰ ਦੇ ਐਮ ਐਲ ਏ ਮੈਡਮ ਇੰਦਰਜੀਤ ਕੌਰ ਮਾਨ ਨੇ ਨੂਰਮਹਿਲ ਰੋਡ ਤੋਂ ਬੀਰ ਪਿੰਡ ਨੂੰ ਜਾਂਦੀ ਸੜਕ ਨੂੰ 10 ਫੁੱਟ ਤੋਂ 18 ਫੁੱਟ ਤੱਕ ਚੌੜਾ ਕਰਨ ਦੇ ਕਾਰਜ ਦਾ ਨੀਹ ਪੱਥਰ ਰੱਖਿਆ। ਗੇਟ ਤੋਂ ਬੀਰ ਪਿੰਡ ਨੂੰ ਜਾਂਦੀ ਸੜਕ ਦੀ ਹਾਲਤ ਕਾਫੀ ਲੰਮੇ ਸਮੇਂ ਤੋਂ ਖਸਤਾ ਸੀ। ਮੈਡਮ ਇੰਦਰਜੀਤ ਕੌਰ ਮਾਨ ਨੇ ਪਿੰਡ ਵਾਸੀਆਂ ਦੀ ਇਸ ਮੁੱਖ ਮੰਗ ਨੂੰ ਮੁੱਖ ਰੱਖਦੇ ਹੋਏ ਇਸ ਸੜਕ ਦਾ ਨੀਂਹ ਪੱਥਰ ਰੱਖਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋ ਦੱਸਿਆ ਕਿ ਇਸ ਸੜਕ ਦੀ ਕੁੱਲ ਲਾਗਤ 74 ਲੱਖ ਰੁਪਏ ਹੈ ਅਤੇ ਇਸ ਸੜਕ ਨੂੰ ਬਹੁਤ ਜਲਦੀ ਹੀ ਬਣਾ ਦਿੱਤਾ ਜਾਵੇਗਾ।ਇਸ ਤਰ੍ਹਾਂ ਦੀਆਂ ਸੜਕਾਂ ਬਣਾਉਣ ਵਾਸਤੇ ਪਿੰਡ ਤੇ ਸ਼ਹਿਰ ਵਿੱਚ ਹੋਰ ਵੀ ਨੀਹ ਪੱਥਰ ਰੱਖੇ ਜਾਣਗੇ। ਇਸ ਮੌਕੇ ਤੇ ਉਹਨਾਂ ਦੇ ਨਾਲ ਪ੍ਰਸ਼ਾਸਨ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਦੀ ਟੀਮ ਜਿਸ ਵਿੱਚ ਮੰਡੀ ਬੋਰਡ ਤੇ ਨਵੇਂ ਚੁਣੇ ਚੇਅਰਮੈਨ ਕਰਨੈਲ ਰਾਮ ਬਾਲੂ , ਦਰਸ਼ਨ ਸਿੰਘ ਟਾਹਲੀ ਸਟੇਟ ਸੈਕਟਰੀ, ਬਲਦੇਵ ਸਹੋਤਾ , ਅਮਰਜੀਤ ਸਿੰਘ , ਸਰਬਜੀਤ ਸਿੰਘ ਸੋਹੀ, ਸ਼ਾਂਤੀ ਸਰੂਪ ਸਟੇਟ ਸੈਕਟਰੀ ਐਸ ਸੀ ਐਸਟੀ ਵਿੰਗ ,ਆਤਮਾ ਸਿੰਘ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ ਤੇ ਹਾਜ਼ਰ ਸਨ।



# ਨਵਾਂ ਸਾਲ ਤੇ ਹੋਲਾ-ਮਹੱਲਾ ਮਨਾਇਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਗੁਰੂ ਨਾਨਕ ਮਿਸ਼ਨਰੀ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ, ਲੁਹਾਰਾ, ਭੋਗਪੁਰ ਚੇਅਰਮੈਨ ਗਿਆਨੀ ਸਵਰਨ ਸਿੰਘ (ਕੈਨੇਡਾ), ਡਾਇਰੈਕਟਰ ਕੁਲਵੰਤ ਸਿੰਘ ਜੰਮੂ, ਪ੍ਰਧਾਨ ਮਨਦੀਪ ਸਿੰਘ ਖਾਲਸਾ, ਸਕੱਤਰ ਮਨਿੰਦਰ ਸਿੰਘ, ਟਰੱਸਟੀ ਅਮਰਜੀਤ ਸਿੰਘ ਜੰਮੂ, ਟਰੱਸਟੀ ਸਰਦਾਰਨੀ ਰਮਨਦੀਪ ਕੌਰ, ਪ੍ਰਿੰਸੀਪਲ ਡਾ. ਕਮਲਜੀਤ ਕੌਰ ਤੇ ਸਮੂਹ ਸਟਾਫ਼ ਵੱਲੋਂ ਨਵਾਂ ਸਾਲ ਤੇ ਹੋਲਾ ਮਹੱਲਾ ਮਨਾਇਆ ਗਿਆ।ਵਿਦਿਆਰਥਣਾਂ ਦੁਆਰਾ ਹੋਲੇ ਮਹੱਲੇ ਦੀ ਮਹੱਤਤਾ ਬਾਰੇ ਲੇਖ ਰਚਨਾ, ਸੁੰਦਰ ਲਿਖਾਈ ਮੁਕਾਬਲਾ, ਖੇਡਾਂ ਦੇ ਵਿੱਚ ਖੋ ਖੋ, ਊਠਕ ਬੈਠਕ, ਬੋਰੀ ਦੌੜ, ਚਮਚਾ (ਸਪੂਨ) ਦੌੜ, ਰੋਜ਼ਮਰਾ ਦੇ ਜੀਵਨ ਵਿਚ ਵਰਤੀ ਜਾਂਦੀ ਅੰਗਰੇਜ਼ੀ ਭਾਸ਼ਾ ਦੀ ਸ਼ਬਦਾਵਲੀ ਦੀ ਬਜਾਏ ਪੰਜਾਬੀ ਭਾਸ਼ਾ ਦੇ ਉੱਤੇ ਕਾਰਜ ਕਰਨ ਦਾ ਅਭਿਆਸ ਸ਼ੁਰੂ ਕੀਤਾ ਗਿਆ। ਇਸ ਤੋਂ ਇਲਾਵਾ ਵਿਦਿਆਰਥਣਾਂ ਦੁਆਰਾ 'ਬਸੰਤ ਕੀ ਵਾਰ' ਦੇ ਭੋਗ ਪਾਏ ਗਏ ਜਿਹੜੇ ਮਾਘੀ ਦੇ ਤਿਉਹਾਰ ਸਮੇਂ ਆਰੰਭ ਕੀਤੇ ਗਏ ਸਨ।ਅੰਤ ਵਿੱਚ ਅਵੱਲ ਰਹਿਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨ ਚਿੰਨ੍ਹ ਵੀ ਪ੍ਰਦਾਨ ਕੀਤੇ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਇੰਸਟੀਟਿਊਟ ਪ੍ਰਧਾਨ, ਮਨਦੀਪ ਸਿੰਘ ਖਾਲਸਾ ਭੋਗਪੁਰ, ਆਤਮ ਪਰਗਾਸ ਸੋਸ਼ਲ ਵੈਲਫੇਅਰ ਕੌਂਸਲ ਲੁਧਿਆਣਾ ਵੱਲੋਂ ਸਿਮਰਪ੍ਰੀਤ ਸਿੰਘ,ਗੁਰਮਤਿ ਸੰਗੀਤ ਤੋਂ ਸੰਤੋਖ ਸਿੰਘ ਉਸਤਾਦ, ਪ੍ਰਿੰਸੀਪਲ ਡਾ. ਕਮਲਜੀਤ ਕੌਰ ਤੇ ਸਮੂਹ ਸਟਾਫ ਹਾਜ਼ਰ ਸਨ।

# ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਦਸਤਾਰ ਭੇਟ



**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਗੁਰਮਤਿ ਗਿਆਨ ਸਭਾ ਨਰਾਇਣਗੜ੍ਹ ਛੇਹਰਟਾ ਨੇ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਨਵੇਂ ਥਾਪੇ ਗਏ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਮਰਿਆਦਾ ਅਨੁਸਾਰ ਨਵ ਨਿਯੁਕਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਮੁੱਚੀ ਸਭਾ ਦੇ ਮੈਂਬਰਾਂ ਸਮੇਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਦਸਤਾਰ ਭੇਟ ਕੀਤੀ ਅਤੇ ਸਿੰਘ ਸਾਹਿਬ ਵੱਲੋਂ ਵੀ ਸਭਾ ਦੇ ਮੁੱਖ ਸੇਵਾਦਾਰ ਨੂੰ ਸਿਰਪਾਓ ਭੇਟ ਕੀਤਾ ਗਿਆ।ਇਸ ਮੌਕੇ ਬੋਲਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਇਸ ਸਮੇਂ ਕੌਮ ਨੂੰ ਧਰਮ ਪ੍ਰਚਾਰ ਦੀ ਲੋੜ ਹੈ, ਜਿਸ ਦੇ ਤਹਿਤ ਅਸੀਂ ਸਭ ਤੋਂ ਪਹਿਲਾਂ ਗਰੀਬ ਸਿੱਖਾਂ ਦੀ ਸਾਰ ਲਵਾਂਗੇ । ਇਸ ਦੀ ਸ਼ੁਰੂਆਤ ਅਸੀਂ ਖਾਲਸੇ ਦੇ ਪ੍ਰਗਟ ਦਿਵਸ ਵਿਸਾਖੀ ਵਾਲੇ ਦਿਨ ਤੋਂ ਕਰ ਰਹੇ ਹਾਂ।ਕੌਮ ਨੂੰ ਦਰਪੇਸ਼ ਸਮੱਸਿਆਵਾਂ 'ਤੇ ਗੱਲ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਖਾਲਸਾ ਪੰਥ ਹਮੇਸ਼ਾ ਚੜ੍ਹਦੀ ਕਲਾ 'ਚ ਹੈ, ਚੜ੍ਹਦੀ ਕਲਾ 'ਚ ਰਹੇਗਾ ।ਇਸ ਮੌਕੇ ਸਭਾ ਦੇ ਮੁੱਖ ਸੇਵਾਦਾਰ ਪ੍ਰਿੰਸੀਪਲ ਮੇਜਰ ਸਿੰਘ ਡੱਲੇਕੇ ਨੇ ਸਿੰਘ ਸਾਹਿਬ ਨੂੰ ਭਰੋਸਾ ਦਿਵਾਇਆ ਕਿ ਅਸੀਂ ਧਰਮ ਪ੍ਰਚਾਰ ਦੇ ਖੇਤਰ ਵਿੱਚ ਹਰ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਿੱਖ ਰਹਿਤ ਮਰਿਆਦਾ ਅਨੁਸਾਰ ਹੀ ਚੱਲਦੇ ਹਾਂ। ਸਿੰਘ ਸਾਹਿਬ ਜੀ ਦੇ ਸਨਮਾਨ ਸਮੇਂ ਹਾ ਪੰਥਕ ਕਵੀ ਭਾਈ ਸੁਖਵਿੰਦਰ ਸਿੰਘ ਰਟੌਲ, ਭਾਈ ਬਲਵਿੰਦਰ ਸਿੰਘ ਮਿਸ਼ਨਰੀ ਸਰਕਲ ਸ੍ਰੀ ਅਨੰਦਪੁਰ ਸਾਹਿਬ ,ਡਾਕਟਰ ਨਿਸ਼ਾਨ ਸਿੰਘ, ਪਰਮਜੀਤ ਸਿੰਘ ਥਾਣੇਦਾਰ, ਸੂਬੇਦਾਰ ਮੇਜਰ ਨਿਰੰਜਨ ਸਿੰਘ, ਰਜਵੰਤ ਸਿੰਘ ਕੋਟਲਾ, ਪ੍ਰੇਮ ਸਿੰਘ ਨਰਾਇਣਗੜ੍ਹ, ਪ੍ਰੋਫੈਸਰ ਸੰਦੀਪ ਸਿੰਘ, ਜਗਜੀਤ ਸਿੰਘ ਰਾਮੂਵਾਲ, ਅਮਰੀਕ ਸਿੰਘ ਨਰਾਇਣਗੜ੍ਹ, ਗੁਰਬਾਜ ਸਿੰਘ ਛੇਹਰਟਾ ਤੇ ਸਰਮੁੱਖ ਸਿੰਘ ਬਬਰਾਹ ਹਾਜ਼ਰ ਸਨ।

# ਮੁਫਤ ਗੁਰਮਤਿ ਸਿਖਲਾਈ ਕੈਂਪ ਅੱਜ

**ਭੋਗਪੁਰ (ਕੁਲਵੀਰ ਸਿੰਘ ਕਾਹਲੋ)** ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਰਕਲ ਭੋਗਪੁਰ (36) ਵੱਲੋਂ 15 ਦਿਨਾਂ ਗੁਰਮਤਿ ਸਿਖਲਾਈ ਕੈਂਪ ਨੋਬਲ ਟਰੇਨਿੰਗ ਸੈਂਟਰ, ਪ੍ਰੀਤ ਨਗਰ, ( ਡੱਲੀ ਭੋਗਪੁਰ ) ਵਿਖੇ 19 ਮਾਰਚ ਤੋਂ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਨਰਸਰੀ ਤੋਂ ਪੰਜਵੀਂ ਕਲਾਸ ਦੇ ਬੱਚਿਆਂ ਨੂੰ ਨੈਤਿਕ ਸਿੱਖਿਆ, ਗੁਰਮੁਖੀ ਲਿੱਪੀ, ਅੰਗਰੇਜ਼ੀ ਵਿਆਕਰਣ ਅਤੇ ਗੁਰਬਾਣੀ ਕੀਰਤਨ ਦੀ ਸਿਖਲਾਈ ਮੁਫ਼ਤ ਦਿੱਤੀ ਜਾਵੇਗੀ।ਇਸ ਕੈਂਪ ਦੀ ਰਜਿਸਟਰੇਸ਼ਨ ਫੀਸ 30 ਰੁਪਏ ਨਿਰਧਾਰਿਤ ਕੀਤੀ ਗਈ ਹੈ ਅਤੇ ਕੈਂਪ ਦਾ ਸਮਾਂ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ 12 ਵਜੇ ਤੱਕ ਦਾ ਹੋਵੇਗਾ ।

# 12 ਜ਼ਰੂਰਤਮੰਦ ਲੜਕੀਆਂ ਦੇ ਕਰਵਾਏ ਵਿਆਹ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਭੰਗਾਲਾ ਦੇ ਗੁਰੁਦੁਆਰਾ ਦੇਹਰਾ ਸਾਹਿਬ ਜੀ ਵਿਖੇ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਰੂਰਤਮੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ ਸ਼੍ਰੀ ਗੁਰੂ ਰਾਮਦਾਸ ਜੀ ਆਨੰਦ ਕਾਰਜ ਸੁਸਾਇਟੀ ਵੱਲੋਂ ਕਰਵਾਏ ਗਏ। ਸਭ ਤੋਂ ਪਹਿਲਾਂ 12 ਜੋੜਿਆ ਦੀ ਰਜਿਸਟਰੇਸ਼ਨ ਸੁਸਾਇਟੀ ਦੇ ਮੈਂਬਰਾਂ ਵੱਲੋਂ ਕੀਤੀ ਗਈ ਉਪਰੰਤ ਰੱਖੇ ਗਏ ਪਾਠ ਦੇ ਭੋਗ ਪਾਏ ਗਏ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਜੋੜਿਆ ਦੇ ਆਨੰਦ ਕਾਰਜ ਕਰਵਾਏ ਗਏ। ਜੋੜਿਆਂ ਨੂੰ ਅਸ਼ੀਰਵਾਦ ਦੇਣ ਲਈ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਮੋਹਤਵਰ ਵਿਅਕਤੀ ਹਾਜਰ ਹੋਏ। ਨਵੇਂ ਵਿਆਹੇ ਜੋੜਿਆਂ ਨੂੰ ਰੋਜਾਨਾ ਵਰਤੋਂ ਵਿੱਚ ਆਉਣ ਵਾਲੇ ਸਮਾਨ ਜਿਵੇਂ ਕਿ ਬੈੱਡ,ਅਲਮਾਰੀ ,ਪੱਖਾ ,ਕੁਰਸੀਆਂ, ਮੇਜ, ਕੱਪੜੇ ,ਭਾਂਡੇ, ਕਪੜੇ,ਐਲ.ਸੀ.ਡੀ ਅਤੇ ਹੋਰ ਵੀ ਬਹੁਤ ਸਾਰਾ ਸਮਾਨ ਦਿੱਤਾ ਗਿਆ। ਇਸ ਮੌਕੇ 'ਤੇ ਦੂਰ ਦੁਰਾਡੇ ਪਿੰਡਾਂ ਤੋਂ ਆਈਆਂ ਸੰਗਤਾਂ ਲਈ ਸਵੇਰ ਤੋਂ ਹੀ ਚਾਹ ਪਕੌੜਿਆਂ ਅਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ।



# ਸੀਵਰੇਜ਼ ਦਾ ਗੰਦਾ ਪਾਣੀ ਸਤਲੁਜ 'ਚ ਪਾਉਣ 'ਤੇ ਲੋਕ ਇਨਸਾਫ਼ ਮੰਚ ਵੱਲੋਂ ਸਖ਼ਤ ਇਤਰਾਜ਼



**ਫਿਲੌਰ, (ਨਿਰਮਲ)**- ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੀ ਟੀਮ ਵੱਲੋਂ ਸਤਲੁਜ ਦਰਿਆ ਵਿੱਚ ਪੈ ਰਹੇ ਗੰਦੇ ਪਾਣੀ 'ਤੇ ਸਖ਼ਤ ਇਤਰਾਜ਼ ਕੀਤਾ ਗਿਆ।ਮੰਚ ਦੇ ਪ੍ਰਧਾਨ ਜਰਨੈਲ ਫਿਲੌਰ, ਮੁੱਖ ਬੁਲਾਰੇ ਐਡਵੋਕੇਟ ਸੰਜੀਵ ਭੌਰਾ, ਸਕੱਤਰ ਪਰਸ਼ੋਤਮ ਫਿਲੌਰ, ਸੀਨੀਅਰ ਮੀਤ ਪ੍ਰਧਾਨ ਹੰਸ ਰਾਜ,ਅੰਬੇਡਕਰ ਸ਼ਕਤੀ ਦਲ ਦੇ ਗੋਲਡੀ ਨਾਹਰ ਦੀ ਅਗਵਾਈ ਵਿੱਚ ਦਰਿਆ ਦਾ ਦੌਰਾ ਕੀਤਾ ਗਿਆ। ਆਗੂਆਂ ਵਲੋਂ ਕਿਲ੍ਹਾ ਰੋਡ ਤੇ ਸ਼ਮਸ਼ਾਨ ਘਾਟ ਨੇੜੇ ਨਗਰ ਕੌਂਸਲ ਫਿਲੌਰ ਤੇ ਸੀਵਰੇਜ਼ ਬੋਰਡ ਵਲੋਂ ਲਗੇ ਟ੍ਰੀਟਮੈਂਟ ਪਲਾਂਟ 2.6 (ਐਮ ਐਲ ਡੀ) ਐਸ ਟੀ ਪੀ ਉੱਤਰੀ ਫਿਲੌਰ ਦਾ ਦੌਰਾ ਵੀ ਕੀਤਾ ਗਿਆ ਜਿਸ ਵਿਚੋਂ ਬਿਨਾਂ ਸਾਫ ਕੀਤਿਆਂ ਪਾਣੀ ਨਾਲ ਲਗਦੀ ਡਰੇਨ ਵਿੱਚ ਡਿੱਗਦਾ ਹੈ ਅਤੇ ਇਸ ਤੋਂ ਹੁੰਦਾ ਹੋਇਆ ਮਹਾਤਮਾ ਗਾਂਧੀ ਧਾਮ ਕੋਲ਼ ਪਾਈਪਾਂ ਰਾਹੀਂ ਸਿੱਧਾ ਸਤਲੁਜ ਦਰਿਆ ਵਿੱਚ ਮਿਲਦਾ ਹੈ।ਟ੍ਰੀਟਮੈਂਟ ਪਲਾਂਟ ਤੇ ਸਤਲੁਜ ਦਰਿਆ ਵਿੱਚ ਡਿੱਗਦੇ ਗੰਦੇ ਪਾਣੀ ਦੇ ਸੈਂਪਲ ਦੇ ਟੈਸਟ ਤੇ ਕਿਸੇ ਪ੍ਰਾਈਵੇਟ ਥਾਂ ਤੋਂ ਟੀ ਡੀ ਐਸ ਚੈੱਕ ਕਰਾਇਆ ਗਿਆ ਜਿਸ ਦਾ ਮਾਪ ਸੱਤ ਸੌ ਤੋਂ ਉੱਪਰ ਨੋਟ ਕੀਤਾ ਗਿਆ। ਆਗੂਆਂ ਨੇ ਕਿਹਾ ਕਿ ਗੰਦਾ ਪਾਣੀ ਸਤਲੁਜ ਦਰਿਆ ਵਿੱਚ ਪੈਣ ਕਰਕੇ ਸਾਡੇ ਪਵਿੱਤਰ ਸੋਮੇ ਖਰਾਬ ਹੋ ਰਹੇ ਹਨ ਤੇ ਪਾਣੀ ਵਿੱਚਲੇ ਜੀਵਾਂ ਦਾ ਜੀਵਨ ਖਤਰੇ ਵਿਚ ਹੈ ਤੇ ਇਨਸਾਨਾਂ ਤੇ ਪਸ਼ੂਆਂ ਨੂੰ ਪਾਣੀ ਕਾਰਨ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਰਹੀਆਂ ਹਨ ਜਿਹਨਾਂ ਵਿਚ ਕਾਲਾ ਪੀਲੀਆ ਤੇ ਕੈਂਸਰ ਵਰਗੀਆਂ ਨਾ ਮੁਰਾਦ ਬਿਮਾਰੀਆਂ ਸ਼ਾਮਲ ਹਨ। ਆਗੂਆਂ ਨੇ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕੀ ਪਾਣੀ ਨੂੰ ਪੂਰਨ ਟ੍ਰੀਟ ਕਰਕੇ ਹੀ ਦਰਿਆ ਵਿੱਚ ਪਾਇਆ ਜਾਵੇ।ਆਗੂਆਂ ਨੇ ਕਿਹਾ ਕਿ ਉਹ 21 ਮਾਰਚ ਨੂੰ ਇਸ ਮਸਲੇ ਸੰਬੰਧੀ ਡਿਪਟੀ ਕਮਿਸ਼ਨਰ ਜਲੰਧਰ ਨੂੰ ਮਿਲਕੇ ਉਹਨਾਂ ਦੇ ਧਿਆਨ ਵਿੱਚ ਲਿਆਉਣਗੇ ਅਗਰ ਫੇਰ ਵੀ ਕੋਈ ਹੱਲ ਨਹੀਂ ਹੋਇਆ ਤਾਂ ਸ਼ਹਿਰ ਫਿਲੌਰ ਦੇ ਵਸਨੀਕਾਂ ਅਤੇ ਇਲਾਕੇ ਦੇ ਵਾਤਾਵਰਨ ਪ੍ਰੇਮੀਆਂ ਨੂੰ ਨਾਲ ਲੈ ਕੇ ਸਥਾਨਕ ਪ੍ਰਸ਼ਾਸ਼ਨ ਵਿਰੁੱਧ ਅਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਮੌਕੇ, ਡਾਕਟਰ ਸੰਦੀਪ ਕੁਮਾਰ, ਕੁਲਦੀਪ ਲੰਬੜਦਾਰ, ਰਾਮ ਜੀ ਦਾਸ ਗੰਨਾ ਪਿੰਡ, ਸੁਰਿੰਦਰ ਮੱਲਾਂ, ਸੰਨੀ ਜਗਤਪੁਰਾ ਆਦਿ ਆਗੂ ਹਾਜ਼ਰ ਸਨ।

# ਸੰਧਵਾਂ ਨੇ ਧਰਮਿੰਦਰ ਪ੍ਰਧਾਨ ਨੂੰ ਅਰਧ-ਸਰਕਾਰੀ ਪੱਤਰ ਲਿਖਿਆ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**— ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਭਾਰਤ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਇੱਕ ਅਰਧ-ਸਰਕਾਰੀ ਪੱਤਰ ਲਿਖ ਕੇ ਉਨ੍ਹਾਂ ਦਾ ਧਿਆਨ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਨ.ਸੀ.ਈ.ਆਰ.ਟੀ.), ਨਵੀਂ ਦਿੱਲੀ ਅਧੀਨ ਪ੍ਰਕਾਸ਼ਿਤ ਪੰਜਾਬੀ ਪਾਠ ਪੁਸਤਕ ਪੰਜਾਬੀ ਪ੍ਰਾਈਮਰ (ਪੰਜਾਬੀ ਕਾਇਦਾ) ਵਿੱਚ ਕਈ ਗਲਤੀਆਂ ਵੱਲ ਦਿਵਾਇਆ ਹੈ। ਇਹ ਕਿਤਾਬ ਬਾਲਵਾਟਿਕਾ/ਆਂਗਣਵਾੜੀ ਪੱਧਰ ਦੇ ਬੱਚਿਆਂ ਅਤੇ ਬਾਲਗ ਸਾਖਰਤਾ ਪ੍ਰੋਗਰਾਮਾਂ ਲਈ ਤਿਆਰ ਕੀਤੀ ਗਈ ਹੈ, ਜਿਸ ਵਿੱਚ ਸਪੈਲਿੰਗ ਅਤੇ ਤੱਥਾਂ, ਖਾਸ ਕਰਕੇ ਪੰਜਾਬੀ ਵਰਣਮਾਲਾ ਦੇ ਪ੍ਰਕਾਸ਼ਨ ਵਿੱਚ ਕਈ ਗਲਤੀਆਂ ਹਨ।ਉਨ੍ਹਾਂ ਦੱਸਿਆ ਕਿ ਉਕਤ ਕਿਤਾਬ ਵਿੱਚ ਸਭ ਤੋਂ ਵੱਡੀਆਂ ਗਲਤੀਆਂ ਵਿੱਚੋਂ ਇੱਕ ਇਹ ਹੈ ਕਿ ਪੰਜਾਬੀ ਵਰਣਮਾਲਾ ਨੂੰ ਸਹੀ ਤਰਤੀਬ 'ੳ' ਦੀ ਬਜਾਏ 'ਅ' ਤੋਂ ਗਲਤ ਤਰੀਕੇ ਨਾਲ ਸ਼ੁਰੂ ਕੀਤਾ ਗਿਆ ਹੈ।ਅਜਿਹੀਆਂ ਬੁਨਿਆਦੀ ਗਲਤੀਆਂ ਨਾ ਸਿਰਫ਼ ਨੌਜਵਾਨ ਸਿਖਿਆਰਥੀਆਂ ਨੂੰ ਗੁੰਮਰਾਹ ਕਰਦੀਆਂ ਹਨ ਬਲਕਿ ਬਾਲਗਾਂ ਲਈ ਸਾਖਰਤਾ ਪਹਿਲਕਦਮੀਆਂ ਦੀ ਪ੍ਰਭਾਵਸ਼ੀਲਤਾ ਨੂੰ ਵੀ ਕਮਜ਼ੋਰ ਕਰਦੀਆਂ ਹਨ। ਸੰਧਵਾਂ ਨੇ ਕਿਹਾ ਕਿ ਇਹ ਜ਼ਰੂਰੀ ਹੈ ਕਿ ਵਿਦਿਅਕ ਸਮੱਗਰੀ, ਖਾਸ ਕਰਕੇ ਬੁਨਿਆਦੀ ਸਿੱਖਿਆ ਲਈ ਤਿਆਰ ਕੀਤੀਆਂ ਗਈਆਂ ਸਮੱਗਰੀਆਂ ਵਿੱਚ ਸ਼ੁੱਧਤਾ ਅਤੇ ਪ੍ਰਮਾਣਿਕਤਾ ਦੇ ਉੱਚਤਮ ਮਿਆਰਾਂ ਨੂੰ ਕਾਇਮ ਰੱਖਿਆ ਜਾਵੇ।ਉਨ੍ਹਾਂ ਨੇ ਭਾਰਤ ਸਰਕਾਰ ਦੇ ਸਿੱਖਿਆ ਮੰਤਰੀ ਨੂੰ ਅਪੀਲ ਵੀ ਕੀਤੀ ਕਿ ਉਹ ਪੰਜਾਬੀ ਭਾਸ਼ਾ ਦੇ ਯੋਗ ਮਾਹਰਾਂ ਅਤੇ ਵਿਦਵਾਨਾਂ ਤੋਂ ਇਸ ਪਾਠ ਪੁਸਤਕ ਦੀ ਤੁਰੰਤ ਸਮੀਖਿਆ ਅਤੇ ਸੋਧ ਕਰਵਾਉਣ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਦਿਆਰਥੀਆਂ ਨੂੰ ਸਹੀ ਅਤੇ ਭਰੋਸੇਯੋਗ ਸਮੱਗਰੀ ਮਿਲੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਅਜਿਹੀਆਂ ਗਲਤੀਆਂ ਨੂੰ ਰੋਕਣ ਵਾਸਤੇ ਆਉਣ ਵਾਲੇ ਸਮੇਂ 'ਚ ਹੋਣ ਵਾਲੀਆਂ ਸਾਰੀਆਂ ਪ੍ਰਕਾਸ਼ਨਾਵਾਂ ਲਈ ਇੱਕ ਸਖ਼ਤ ਸੰਪਾਦਕੀ ਅਤੇ ਗੁਣਵੱਤਾ-ਜਾਂਚ ਪ੍ਰਕਿਰਿਆ ਸਥਾਪਤ ਕਰਨਾ ਬਹੁਤ ਜ਼ਰੂਰੀ ਹੈ।ਸੰਧਵਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਡੇ ਦੇਸ਼ ਵਿੱਚ ਬੁਨਿਆਦੀ ਸਿੱਖਿਆ ਅਤੇ ਸਾਖਰਤਾ ਪ੍ਰੋਗਰਾਮਾਂ ਦੀ ਸਫ਼ਲਤਾ ਲਈ ਗਲਤੀ-ਮੁਕਤ ਸਿੱਖਣ ਸਮੱਗਰੀ ਨੂੰ ਯਕੀਨੀ ਬਣਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਇਸ ਮਾਮਲੇ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਲਈ ਤੁਰੰਤ ਦਖਲ ਦੇਣ ਦੀ ਬੇਨਤੀ ਵੀ ਕੀਤੀ।

# ਤੇਜ਼ ਰਫ਼ਤਾਰ ਇਨੋਵਾ ਨੇ 4 ਵਿਅਕਤੀ ਕੀਤੇ ਜ਼ਖ਼ਮੀ

**ਫਿਲੌਰ, (ਨਿਰਮਲ)**- ਬੀਤੀ ਦੇਰ ਸ਼ਾਮ ਨੈਸ਼ਨਲ ਹਾਈਵੇ ਫਿਲੌਰ ਵਿਖੇ ਵੇਰਕਾ ਮਿਲਕ ਪਲਾਂਟ ਦੇ ਸਾਹਮਣੇ ਇੱਕ ਹਾਦਸੇ ਦੌਰਾਨ 4 ਵਿਅਕਤੀ ਜਖਮੀ ਹੋ ਗਏ।



ਪ੍ਰਾਪਤ ਜਾਣਕਾਰੀ ਮੁਤਾਬਕ ਇੱਕ ਕਾਲੇ ਰੰਗ ਦੀ ਇਨੋਵਾ ਗੱਡੀ ਤੇਜ਼ ਰਫ਼ਤਾਰ ਆਈ ਜਿਸ ਨੇ ਬੱਸ ਅੱਡੇ 'ਤੇ ਖੜੀਆਂ ਸਵਾਰੀਆਂ ਅਤੇ ਦੋ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਦੌਰਾਨ ਦੋ ਮਹਿਲਾਵਾਂ ਅਤੇ ਦੋ ਵਿਅਕਤੀ ਜਖਮੀ ਹੋ ਗਏ ਜਿਨਾਂ ਨੂੰ ਐਸ ਐਸ ਐਫ ਦੀ ਟੀਮ ਨੇ ਰਾਹਗੀਰਾਂ ਦੀ ਮਦਦ ਨਾਲ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ । ਇਸ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ 112 ਦੀ ਪੁਲਸ ਨੇ ਇਨੋਵਾ ਗੱਡੀ 'ਚ ਸਵਾਰ ਵਿਅਕਤੀ ਨੂੰ ਕਾਬੂ ਕਰ ਲਿਆ।ਜ਼ਖਮੀਆਂ 'ਚ ਇੱਕ ਵਿਅਕਤੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ।

# ਕਰਨਲ ਤੇ ਉਸ ਦੇ ਪੁੱਤਰ ਦੀ ਕੁੱਟਮਾਰ ਦੀ ਖਹਿਰਾ ਨੇ ਕੀਤੀ ਸਖ਼ਤ ਨਿੰਦਾ

**ਭੁਲੱਥ (ਮਨਪ੍ਰੀਤ ਸਿੰਘ)**- ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਪੁਲਸ ਅਧਿਕਾਰੀਆਂ ਵੱਲੋਂ ਇੱਕ ਫੌਜੀ ਕਰਨਲ ਅਤੇ ਉਸ ਦੇ ਪੁੱਤਰ ਦੀ ਬੇਰਹਿਮੀ ਨਾਲ ਕੁੱਟਮਾਰ ਦੀ ਘਟਨਾ ਦੀ ਤਿੱਖੀ ਨਿੰਦਾ ਕੀਤੀ ਹੈ ।ਹਾਲਾਂਕਿ ਐੱਫ.ਆਈ.ਆਰ ਅਣਪਛਾਤੇ ਵਿਅਕਤੀਆਂ ਖਿਲਾਫ ਦਰਜ ਕਰ ਦਿੱਤੀ ਗਈ ਹੈ, ਜੋ ਕਿ ਨਿਆਂ ਦਾ ਸਿਰੇ ਤੋਂ ਮਖੌਲ ਹੈ ਤੇ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਬਚਾਉਣ ਦੀ ਕੋਸ਼ਿਸ਼ ਹੈ। ਖਹਿਰਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਖਿਲਾਫ ਬੋਲਦਿਆਂ ਕਿਹਾ ਕਿ ਭਗਵੰਤ ਮਾਨ ਨੇ ਪੰਜਾਬ ਨੂੰ ਇੱਕ ਪੁਲਸ ਰਾਜ 'ਚ ਬਦਲ ਦਿੱਤਾ ਹੈ, ਜਿੱਥੇ ਹਿਰਾਸਤੀ ਯਾਤਨਾ, ਪੁਲਸ ਦੀ ਮਨਮਾਨੀ ਅਤੇ ਲੋਕਾਂ ਦੇ ਮੂਲ ਅਧਿਕਾਰਾਂ ਦੀ ਦਬਾਹਟ ਆਮ ਗੱਲ ਬਣ ਗਈ ਹੈ। ਉਹਨਾਂ ਕਿਹਾ ਕਿ ਤੁਰੰਤ ਸਖਤ ਕਾਰਵਾਈ ਦੀ ਮੰਗ ਕਰਦਿਆਂ ਸਪੱਸ਼ਟ ਕੀਤਾ ਕਿ ਸਿਰਫ਼ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਮੁਅੱਤਲ (ਸਸਪੈਂਡ) ਕਰ ਦੇਣਾ ਨਿਆਂ ਨਹੀਂ ਹੈ। ਇਹ ਸਿਰਫ਼ ਲੋਕਾਂ ਦੀ ਅੱਖਾਂ 'ਚ ਧੂਲ ਪਾਉਣ ਦੀ ਕੋਸ਼ਿਸ਼ ਹੈ। ਦੋਸ਼ੀ ਪੁਲਸ ਅਧਿਕਾਰੀ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ, ਉਨ੍ਹਾਂ 'ਤੇ ਸਬੰਧਤ ਫੌਜਦਾਰੀ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਖਤ ਤੋਂ ਸਖਤ ਸਜ਼ਾ ਮਿਲਣੀ ਚਾਹੀਦੀ ਹੈ।



# ਕਾਨੂੰਗੋ ਹੁਸਨ ਲਾਲ ਦਾ ਨੰਬਰਦਾਰ ਯੂਨੀਅਨ ਨੇ ਕੀਤਾ ਸਨਮਾਨ

**ਨਕੋਦਰ (ਰੀਨਾ ਸ਼ਰਮਾ)** ਨੰਬਰਦਾਰ ਯੂਨੀਅਨ ਰਜਿ 643 ਨਕੋਦਰ ਦੀ ਇੱਕ ਵਿਸ਼ੇਸ਼ ਮੀਟਿੰਗ ਸੁਰਜੀਤ ਸਿੰਘ ਹੇਅਰ ਤਹਿਸੀਲ ਪ੍ਰਧਾਨ ਨਕੋਦਰ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਦਫ਼ਤਰ ਵਿਚ ਹੋਈ। ਹਰਕੰਵਲ ਸਿੰਘ ਮੰਧ ਜ਼ਿਲ੍ਹਾ ਪ੍ਰਧਾਨ ਜਲੰਧਰ ਦਿਹਾਤੀ ਵਿਸ਼ੇਸ ਤੌਰ 'ਤੇ ਸ਼ਾਮਿਲ ਹੋਏ। ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਦੀ ਇੱਥੋਂ ਬਦਲੀ ਹੋਣ 'ਤੇ ਕਾਨੂੰਗੋ ਹੁਸਨ ਲਾਲ ਨੂੰ ਡੀ ਸੀ ਜਲੰਧਰ ਵਲੋਂ ਸਬ ਰਜਿਸਟਰਾਰ ਨਕੋਦਰ ਦਾ ਚਾਰਜ ਦਿੱਤਾ ਗਿਆ। ਉਹਨਾਂ ਵਲੋਂ ਚਾਰਜ ਸੰਭਾਲਣ 'ਤੇ ਨੰਬਰਦਾਰ ਯੂਨੀਅਨ ਨਕੋਦਰ ਨੇ ਉਹਨਾਂ ਦਾ ਸਵਾਗਤ ਕੀਤਾ ਤੇ ਲੋਈ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਸਬ ਰਜਿਸਟਰਾਰ ਹੁਸਨ ਲਾਲ ਕਾਨੂੰਗੋ ਨੇ ਨੰਬਰਦਾਰ ਯੂਨੀਅਨ ਦੇ ਆਗੂਆਂ ਨੂੰ ਭਰੋਸਾ ਦਿੱਤਾ ਗਿਆ ਕਿ ਨੰਬਰਦਾਰਾਂ ਦਾ ਪੂਰਾ ਸਨਮਾਨ ਕੀਤਾ ਜਾਵੇਗਾ। ਇਸ ਮੌਕੇ 'ਤੇ ਹਰਦਿਆਲ ਸਿੰਘ ਸ਼ਰਕਪੁਰ, ਰਤਨ ਰਾਏ, ਗੁਰਮਿੰਦਰ ਸਿੰਘ ਕੈਂਥ, ਕੁਲਰਜ ਸਿੰਘ ਮੁਹੇਮ, ਸੰਦੀਪ ਸਿੰਘ, ਪ੍ਰਮੋਦ ਕੁਮਾਰ, ਰੌਸ਼ਨ ਸਿੰਘ ਮਹੇੜੂ, ਪ੍ਰੇਮ ਪਾਲ ਬਜੂਹਾ ਖੁਰਦ, ਮਨਜੀਤ ਲਾਲ ਕੋਟਲਾ,, ਹਰਜਿੰਦਰ ਸਿੰਘ ਮੱਲੀਆਂ, ਰਿੰਕੂ ਬੰਗੜ ਮੁਹੇਮ, ਬਲਬੀਰ ਸਿੰਘ ਮੱਟੂ ਆਦਿ ਹਾਜ਼ਰ ਸਨ।

# ਰਾਮਗੜ੍ਹੀਆ ਕਾਲਜ ਦੇ ਗਣਿਤ ਵਿਭਾਗ ਨੇ ਜਿੱਤੀ ਓਵਰਆਲ ਟਰਾਫੀ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**- ਰਾਮਗੜ੍ਹੀਆ ਕਾਲਜ ਦੇ ਮੈਥਮੇਟਿਕਸ (ਗਣਿਤ) ਵਿਭਾਗ ਦੇ ਵਿਦਿਆਰਥੀਆਂ ਨੇ ਡੀ. ਏ. ਵੀ ਯੂਨੀਵਰਸਿਟੀ ਜਲੰਧਰ ਵਿਖੇ ਹੋਈ ਇੰਟਰ ਕਾਲਜ ਗਣਿਤ ਪ੍ਰਤਿਯੋਗਤਾ 'ਚ ਓਵਰਆਲ ਟਰਾਫੀ ਜਿੱਤੀ ਹੈ। ਪੰਜਾਬ ਸਰਕਾਰ ਤੇ ਭਾਰਤ ਸਰਕਾਰ ਦੀ ਸਾਇੰਸ ਐਂਡ ਟੈਕਨੋਲਜੀ ਵਿਭਾਗ ਦੇ ਸਹਿਯੋਗ ਨਾਲ ਆਯੋਜਿਤ ਡੀ. ਏ. ਵੀ ਯੂਨੀਵਰਸਿਟੀ ਜਲੰਧਰ 'ਚ ਰਾਮਗੜ੍ਹੀਆ ਕਾਲਜ ਦੇ ਵਿਦਿਆਰਥੀਆਂ ਨੇ ਕਾਲਜ ਦੇ ਗਣਿਤ ਵਿਭਾਗ ਦੇ ਮੁਖੀ ਪ੍ਰੋ. ਡਾ. ਵੰਦਨਾ ਬਾਂਸਲ ਦੀ ਅਗਵਾਈ ਹੇਠ ਭਾਗ ਲਿਆ।ਕਾਲਜ ਦੀ ਵਿਦਿਆਰਥਣ ਗਗਨਪ੍ਰੀਤ ਕੌਰ ਭੰਮਰਾ, ਤਾਨਿਆ ਨੇ ਮੈਥੇਮੇਟਿਕਲ ਪੋਸਟਰ ਪੈਸੇਂਟੇਸ਼ਨ ਤੇ ਮੈਥਮੇਟਿਕਲ ਮਾਡਲ ਪ੍ਰਦਸ਼ਨੀ 'ਚ ਪਹਿਲਾ ਸਥਾਨ ਹਾਸਲ ਕੀਤਾ। ਮੈਥੇਮੇਟਿਕਲ ਓਰੇਗੈਮੀ ਦੀ ਪ੍ਰਤਿਯੋਗਿਤਾ 'ਚ ਅਭਿਸ਼ੇਕ ਤੇ ਚਾਹਤ ਨੇ ਦੂਸਰਾ ਸਥਾਨ ਹਾਸਲ ਕੀਤਾ।ਵਿਦਿਆਰਥੀਆਂ ਵਲੋਂ ਜਿੱਤ ਹਾਸਲ ਕਰਨ ਤੇ ਰਾਮਗੜ੍ਹੀਆ ਐਜੂਕੇਸ਼ਨਲ ਕਾਉਂਸਲ ਦੇ ਪ੍ਰਧਾਨ ਮੈਡਮ ਮਨਪ੍ਰੀਤ ਕੌਰ ਭੋਗਲ ਨੇ ਪ੍ਰੋ. ਡਾ. ਵੰਦਨਾ ਬਾਂਸਲ ਤੇ ਵਿਦਿਆਰਥੀਆਂ ਦੀ ਇਸ ਉਪਲਬਧੀ 'ਤੇ ਖੁਸ਼ੀ ਜਾਹਰ ਕੀਤੀ ਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਪ੍ਰਿੰਸੀਪਲ ਡਾ. ਮਨਜੀਤ ਸਿੰਘ ਨੇ ਕਿਹਾ ਕਿ ਕਾਲਜ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ।

# ਭਾਰਤੀ ਹਾਕੀ ਟੀਮ ਦੀ ਵਿਸ਼ਵ ਕੱਪ ਜਿੱਤ ਦੀ ਪੰਜਾਹਵੀਂ ਵਰ੍ਹੇਗੰਢ ਮਨਾਈ



**ਆਦਮਪੁਰ (ਪਰਮਜੀਤ ਸਿੰਘ)**:- ਆਦਮਪੁਰ ਇਲਾਕੇ ਦੇ ਉਘੇ ਸਮਾਜ ਸੇਵੀ ਅਤੇ ਖੇਡ ਪ੍ਰੇਮੀ ਹਰਿੰਦਰ ਸਿੰਘ ( ਪ੍ਰਧਾਨ: ਪ੍ਰਿਥਵੀ ਵੈਲਫੇਅਰ ਸੋਸਾਇਟੀ ) ਨੇ ਅਨੇਕ ਸਾਥੀਆਂ ਸਮੇਤ ਭਾਰਤ ਦੀ 1 975 ਦੀ ਹਾਕੀ ਟੀਮ ਦੀ 'ਵਿਸ਼ਵ ਕੱਪ ਜਿੱਤ' ਨੂੰ ਤਾਜ਼ਾ ਕੀਤਾ । ਉਨ੍ਹਾਂ ਉਸ ਸਮੇਂ ਦੀ ਹਾਕੀ ਟੀਮ ਨੂੰ ਯਾਦ ਕਰਦਿਆਂ ਪੰਜਾਹਵੀਂ ਵਰ੍ਹੇਗੰਢ ਦੀ ਵਧਾਈ ਦਿੱਤੀ । ਉਨ੍ਹਾਂ ਦਸਿਆ ਕਿ ਪੰਜਾਹ ਸਾਲ ਪਹਿਲਾਂ, ਅੱਜ ਦੇ ਦਿਨ, 15 ਮਾਰਚ ਨੂੰ , ਭਾਰਤ ਨੇ ਪਾਕਿਸਤਾਨ ਨੂੰ 2-1 ਨਾਲ ਹਰਾ ਕੇ ਵਿਸ਼ਵ ਕੱਪ ਆਪਣੇ ਨਾਂਅ ਕੀਤਾ । ਉਨ੍ਹਾਂ ਕਿਹਾ ਕਿ ਭਾਰਤ ਦੀ ਇਸ ਰਾਸ਼ਟਰੀ ਖੇਡ ਹਾਕੀ ਨੇ ਵਿਸ਼ਵ ਭਰ ਵਿੱਚ ਭਾਰਤ ਦੇਸ਼ ਦਾ ਨਾਂਅ ਚਮਕਾਇਆ । ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬੀ ਹੋਣ ਕਰਕੇ ਸਾਨੂੰ ਹੋਰ ਵੀ ਮਾਣ ਹੈ ਕਿ ਹਾਕੀ ਟੀਮ ਵਿੱਚ ਬਹੁਤਾਂਤ ਖਿਡਾਰੀ ਪੰਜਾਬ ਵਿਚੋਂ ਹੀ ਚੁਣੇ ਜਾਂਦੇ ਹਨ । ਉਨ੍ਹਾਂ ਕਿਹਾ ਕਿ ਹਰ ਬੱਚੇ ਅਤੇ ਨੌਜਵਾਨ ਨੂੰ ਆਪਣੀ ਰੁਚੀ ਅਨੁਸਾਰ ਕੋਈ ਨਾ ਕੋਈ ਖੇਡ ਜ਼ਰੂਰ ਖੇਡਣੀ ਚਾਹੀਦੀ ਹੈ , ਤਾਂ ਜੋ ਜੀਵਨ ਤੰਦਰੁਸਤੀ ਭਰਿਆ ਰਹੇ । ਖੇਡ ਨੂੰ ਨੌਜਵਾਨ ਆਪਣਾ ਪੇਸ਼ਾ ਬਣਾ ਕੇ ਜ਼ਿੰਦਗੀ ਵਿੱਚ ਬਹੁਤ ਅਗਾਂਹ ਵੱਧ ਸਕਦੇ ਹਨ । ਉਨ੍ਹਾਂ ਇਹ ਵੀ ਆਸ ਕੀਤੀ ਕਿ ਭਾਰਤ ਜਲਦ ਹੀ ਫਿਰ ਹਾਕੀ ਵਿਸ਼ਵ ਕੱਪ ਜਿੱਤੇ ।ਸਭਨਾਂ ਨੇ ਮਿਲ ਕੇ ਭਾਰਤੀ ਹਾਕੀ ਟੀਮ ਨੂੰ ਯਾਦ ਕਰਦਿਆਂ ਭਾਰਤ ਦਾ ਤਿਰੰਗਾ ਝੰਡਾ ਅਤੇ ਹਾਕੀਆਂ ਫੜ ਕੇ ਦੌੜ ਲਗਾਈ । ਕੁੱਝ ਸਮਾਂ ਹਾਕੀ ਵੀ ਖੇਡੀ । ਉਨ੍ਹਾਂ 1975 ਦੇ ਸਾਰੇ ਹੀ ਖਿਡਾਰੀਆਂ ਅਜੀਤ ਪਾਲ ਸਿੰਘ ਕਪਤਾਨ, ਅਸਲਮ ਸ਼ੇਰ ਖਾਨ, ਅਸ਼ੋਕ ਦੀਵਾਨ, ਸੁਰਜੀਤ ਸਿੰਘ , ਉਂਕਾਰ ਸਿੰਘ, ਹਰਚਰਨ ਸਿੰਘ, ਬੀ ਪੀ ਗੋਵਿੰਦਾ, ਵਿਕਟਰ ਫਿਲਿਪ, ਸ਼ਿਵਾਜੀ ਪਵਾਰ, ਮਾਇਕਲ ਕਿੰਡੋ, ਲੈਸਲੀ ਫਰਨਾਂਡੀਜ਼, ਮਹਿੰਦਰ ਸਿੰਘ, ਪੀ ਈ ਕਲਿਆਹ , ਅਸ਼ੋਕ ਕੁਮਾਰ , ਹਰਜਿੰਦਰ ਸਿੰਘ ਆਦਿ ਨੂੰ ਯਾਦ ਕੀਤਾ ਅਤੇ ਸਾਰੇ ਸਾਥੀਆਂ ਨੂੰ ਮਿਠਾਈ ਵੰਡੀ । ਇਸ ਮੌਕੇ ਕੋਚ ਗੁਰਚਰਨ ਸਿੰਘ , ਮਹਿੰਦਰ ਸਿੰਘ, ਸਤਨਾਮ ਸਿੰਘ, ਅਮਰਜੀਤ ਸਿੰਘ ( ਸੰਤ ਸਰੋਵਰ ਵਾਲੇ ) , ਪਰਮਿੰਦਰ ਸਿੰਘ ਰਿੰਕੂ, ਬਲਬੀਰ ਸਿੰਘ, ਅਮਰਜੀਤ ਸਿੰਘ ਖੁਰਦਪੁਰ, ਪ੍ਰੇਮ ਪਾਲ ਸਿੰਘ, ਰਵਿੰਦਰ ਸਿੰਘ ਸੈਣੀ, ਅਵਤਾਰ ਸਿੰਘ ਮਸਾਣੀਆਂ, ਸਰਬਜੀਤ ਸਿੰਘ, ਲਾਡੀ , ਜਿਤੇਂਦਰ ਸ਼ਾਹ ਅਤੇ ਹੋਰ ਵੀ ਅਨੇਕ ਸਾਥੀ ਹਾਜ਼ਰ ਹੋਏ ।

# ਕੈਨੇਡਾ ਤੋਂ ਵਾਪਸ ਪਰਤਣ 'ਤੇ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਨਮਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਬਰੈਂਪਟਨ ਕੈਨੇਡਾ ਤੋਂ ਵਾਪਸ ਪਰਤਣ 'ਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਡੇਰਾ ਸੰਤ ਬਾਬਾ ਭਾਗ ਸਿੰਘ (ਸੰਤ ਪੁਰਾ) ਮਾਣਕੋ ਜਬੜ ਸਨਮਾਨਿਤ ਕੀਤਾ ਗਿਆ।ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਸੀਨੀਅਰ ਪੱਤਰਕਾਰ, ਭਾਈ ਲਖਬੀਰ ਸਿੰਘ ਰਾਗੀ, ਭਾਈ ਇੰਦਰਜੀਤ ਸਿੰਘ ਰਾਗੀ, ਭਾਈ ਜਸਪਾਲ ਸਿੰਘ ਰਾਗੀ ਜੋ ਕਿ ਲੰਮੇ ਸਮੇਂ ਤੋਂ ਗੁਰਦੁਆਰਾ ਸਾਹਿਬ ਓਨਟਾਰੀਓ ਖਾਲਸਾ ਦਰਬਾਰ ਡਿਕਸੀ ਰੋਡ ਕਨੇਡਾ ਵਿਖੇ, ਗੁਰੂ ਘਰ ਵਿੱਚ ਕੀਰਤਨ ਦੀ ਸੇਵਾ ਨਿਭਾਅ ਕੇ ਵਾਪਸ ਪਰਤੇ, ਨੂੰ, ਸੰਤ ਬਾਬਾ ਜਨਕ ਸਿੰਘ, ਬਾਬਾ ਸਰਵਣ ਸਿੰਘ, ਬਾਬਾ ਮਨਮੋਹਨ ਸਿੰਘ ਵੱਲੋਂ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਮਾਤਾ ਦਲਜੀਤ ਕੌਰ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜ਼ਲੀਆਂ



**ਬੰਗਾ (ਅਵਤਾਰ ਕਲੇਰ)** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ.ਬਲਬੀਰ ਸਿੰਘ ਦੇ ਮਾਤਾ ਸਰਦਾਰਨੀ ਦਲਜੀਤ ਕੌਰ ਨਮਿਤ ਅੰਤਿਮ ਅਰਦਾਸ ਅੱਜ ਗੁਰਦੁਆਰਾ ਗੁਰੂ ਨਾਨਕ ਨਿਵਾਸ ਪਿੰਡ ਭੌਰਾ ਵਿਖੇ ਹੋਈ।ਇਸ ਦੌਰਾਨ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਰਾਜਨੀਤਿਕ ਅਤੇ ਸਮਾਜਿਕ ਸ਼ਖਸੀਅਤਾਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ, ਜਿਨ੍ਹਾਂ ਵਿਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਪੰਜਾਬ ਕੰਟੇਨਰ ਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਡਾ. ਨਛੱਤਰ ਪਾਲ ਵਿਧਾਇਕ ਨਵਾਂ ਸ਼ਹਿਰ, ਸਾਬਕਾ ਵਿਧਾਇਕਾ ਗੁਰਇਕਬਾਲ ਕੌਰ ਬੱਬਲੀ, ਸਾਬਕਾ ਵਿਧਾਇਕ ਅੰਗਦ ਸਿੰਘ ਅਤੇ ਹੋਰ ਸ਼ਖਸੀਅਤਾਂ ਸ਼ਾਮਲ ਸਨ।ਇਸ ਮੌਕੇ ਵੱਖ-ਵੱਖ ਸ਼ਖਸੀਅਤਾਂ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਮਾਤਾ ਦਲਜੀਤ ਕੌਰ ਬਹੁਤ ਮਾਣ ਮਹਿਸੂਸ ਕਰਦੇ ਹੋਣਗੇ ਕਿ ਉਨ੍ਹਾਂ ਦਾ ਪੁੱਤਰ ਪੰਜਾਬ ਦੇ ਮਾਪਿਆਂ ਨੂੰ ਆਪਣੇ ਮਾਪੇ ਸਮਝ ਕੇ ਉਨ੍ਹਾਂ ਦੀ ਸੇਵਾ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਸਿਹਤ ਦਾ ਧਿਆਨ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਡਾ. ਬਲਬੀਰ ਸਿੰਘ ਨੇ ਸਿਹਤ ਮੰਤਰੀ ਵਜੋਂ ਪੰਜਾਬ ਦੀ ਵਾਗਡੋਰ ਨੂੰ ਸਾਂਭ ਕੇ ਰੱਖਿਆ ਹੈ। ਡਾ. ਬਲਬੀਰ ਸਿੰਘ ਨੇ ਇਸ ਮੌਕੇ ਪਿੰਡ ਦੇ ਵਿਕਾਸ ਲਈ ਹਰੇਕ ਤਰ੍ਹਾਂ ਦੇ ਸਹਿਯੋਗ ਦਾ ਪ੍ਰਣ ਲਿਆ ਅਤੇ ਦੁੱਖ ਦੀ ਘੜੀ ਵਿਚ ਪਹੁੰਚੀਆਂ ਸਾਰੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

19 Mar Page-9.qxd 3/18/2025 9:55 PM Page 1



# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਵੱਲੋਂ 25 ਦੇ ਮਾਰਚ 'ਚ ਸ਼ਾਮਲ ਹੋਣ ਦਾ ਐਲਾਨ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**

ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ ਪੀ ਪੀ ਐੱਫ਼) ਦੀ ਮੀਟਿੰਗ ਅਮਨਦੀਪ ਸਿੰਘ ਬੁੱਢੀ ਪਿੰਡ, ਪ੍ਰਦੀਪ ਸ਼ਰਮਾ ਅਤੇ ਮਨਵਿੰਦਰ ਸਿੰਘ ਦਾਰਾਪੁਰ ਆਦਿ ਆਗੂਆਂ ਦੀ ਅਗਵਾਈ ਹੇਠ ਹੋਈ।ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ ਪੀ ਪੀ ਐੱਫ਼) ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ (ਡੀ ਐੱਮ ਐੱਫ਼) ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ ਨੇ ਦੱਸਿਆ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ 18 ਦਸੰਬਰ 2022 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਸੂਬੇ ਅੰਦਰ ਪੁਰਾਣੀ ਪੈਨਸ਼ਨ ਸਕੀਮ ਨੂੰ ਦੋਬਾਰਾ ਲਾਗੂ ਕਰਨ ਦਾ ਐਲਾਨ ਕੀਤਾ ਸੀ ਪਰ ਨੋਟੀਫਿਕੇਸ਼ਨ ਜਾਰੀ ਹੋਣ ਦੇ ਏਨੇ ਸਮੇਂ ਬਾਅਦ ਵੀ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦਾ ਜੀ ਪੀ ਐੱਫ਼ ਕੱਟਣਾ ਸ਼ੁਰੂ ਨਹੀਂ ਕੀਤਾ ਗਿਆ ਅਤੇ ਜਥੇਬੰਦੀ ਵਲੋਂ ਕਈ ਵਾਰ ਇਸ ਸੰਬੰਧੀ ਪੰਜਾਬ ਦੇ ਕੈਬਨਿਟ ਮੰਤਰੀਆਂ ਦੀ ਕੈਬਨਿਟ ਸਬ ਕਮੇਟੀ ਨਾਲ਼ ਮੀਟਿੰਗਾਂ ਕਰਕੇ ਸੂਬੇ ਅੰਦਰ ਹਕੀਕੀ ਰੂਪ ਵਿੱਚ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਦੀ ਮੰਗ ਦੋਹਰਾਈ ਹੈ ਪਰ ਸਰਕਾਰ ਨੇ ਅਜੇ ਵੀ ਇਸ ਬਾਬਤ ਕੁੱਝ ਵੀ ਨਹੀਂ ਕੀਤਾ। ਇਸ ਮੌਕੇ ਹਾਜ਼ਰ ਸਮੂਹ ਆਗੂਆਂ ਨੇ ਐਲਾਨ ਕੀਤਾ ਕਿ ਆਪਣੀ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲਾਗੂ ਕਰਵਾਉਣ ਲਈ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ 25 ਮਾਰਚ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਮੋਰਚੇ ਦੀ ਮੋਹਾਲੀ ਰੈਲੀ ਤੋਂ ਬਾਅਦ ਵਿਧਾਨ ਸਭਾ ਵੱਲ ਕਿਤੇ ਜਾਣ ਵਾਲ਼ੇ ਮਾਰਚ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰੇਗੀ।



# ਤਰਕਸ਼ੀਲ ਸੁਸਾਇਟੀ ਰੋਪੜ ਦੀ ਸਰਬਸੰਮਤੀ ਨਾਲ ਚੋਣ



**ਨੰਗਲ (ਸੁਰਜੀਤ ਸਿੰਘ)**- ਤਰਕਸ਼ੀਲ ਸੁਸਾਇਟੀ ਰੋਪੜ ਦੀ ਮੀਟਿੰਗ ਖਾਲਸਾ ਸਕੂਲ ਵਿਖੇ ਹੋਈ ਜਿਸ ਵਿੱਚ ਸੈਸ਼ਨ 2025-27 ਲਈ ਇਕਾਈ ਦੀ ਚੋਣ ਕਰਵਾਉਣ ਲਈ ਸੂਬਾ ਆਗੂ ਅਜੀਤ ਪ੍ਰਦੇਸੀ ਅਤੇ ਜ਼ੋਨ ਚੰਡੀਗੜ੍ਹ ਦੇ ਜਥੇਬੰਦਕ ਮੁਖੀ ਸੇਵਾ ਮੁਕਤ ਪ੍ਰਿੰਸੀਪਲ ਗੁਰਮੀਤ ਖਰੜ ਦੀ ਡਿਊਟੀ ਨਿਰਧਾਰਿਤ ਕੀਤੀ ਗਈ ਸੀ ਤੇ ਇਨ੍ਹਾਂ ਦੋਵਾਂ ਆਗੂਆਂ ਦੀ ਦੇਖਰੇਖ ਚੋਣ ਪ੍ਰਣਾਲੀ ਸਰਬਸੰਮਤੀ ਨਾਲ ਖ਼ੁਸ਼ਗਵਾਰ ਮਹੌਲ ਵਿੱਚ ਨੇਪਰੇ ਚੜ੍ਹ ਗਈ।ਇਸ ਚੋਣ ਵਿੱਚ ਅਸ਼ੋਕ ਕੁਮਾਰ (ਜਥੇਬੰਦਕ ਮੁਖੀ), ਮਾਸਟਰ ਪਰਵਿੰਦਰ (ਵਿੱਤ ਮੁਖੀ), ਹਰਵਿੰਦਰ ਸੁਖਰਾਮ ਪੁਰੀ (ਮੀਡੀਆ ਮੁਖੀ), ਹਰਨੇਕ ਸਿੰਘ (ਸੱਭਿਆਚਾਰਕ ਮੁਖੀ) ਅਤੇ ਅਮਰ ਨਾਥ (ਮਾਨਸਿਕ ਸਿਹਤ ਵਿਭਾਗ ਮੁਖੀ) ਚੁਣੇ ਗਏ।ਅਪ੍ਰੈਲ ਦੇ ਪਹਿਲੇ ਹਫ਼ਤੇ ਜਥੇਬੰਦੀ ਦੇ ਹੈੱਡ ਆਫ਼ਿਸ ਬਰਨਾਲਾ ਵਿਖੇ ਹੋਣ ਜਾ ਰਹੇ ਸੂਬਾ ਇਜਲਾਸ ਲਈ ਸ਼ੈਲਿੰਦਰ ਕੁਰਾਲੀ ਇਕਬਾਲ ਬੇਲਾ ਵੀ ਡੈਲੀਗੇਟ ਬਣਾਏ ਗਏ।

# ਟਰਾਂਸਫਾਰਮਾਂ 'ਚੋਂ ਤੇਲ ਚੋਰੀ ਕਰਨ ਵਾਲੇ ਗੈਂਗ ਦੇ 4 ਮੈਂਬਰ ਕਾਬੂ

**ਫਿਲੌਰ, (ਨਿਰਮਲ)**

ਥਾਣਾ ਫਿਲੌਰ ਦੇ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਪੰਜਾਬ ਦੇ ਇੰਟਰ ਡਿਸਟ੍ਰਿਕਟ 'ਚ ਬਿਜਲੀ ਦੇ ਟਰਾਂਸਫਾਰਮ ਚੋਰੀ ਕਰਨ ਵਾਲੇ ਗੈਂਗ ਦੇ 4 ਮੈਂਬਰਾਂ ਨੂੰ ਕਾਬੂ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ।ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਰਵਣ ਸਿੰਘ ਬੱਲ, ਪੀ ਪੀ ਐਸ, ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਭਾਰੀ ਸੁਰੱਖਿਆ ਫੋਰਸ ਦੇ ਸ਼ਪੈਸ਼ਲ ਨਾਕਾਬੰਦੀ ਸਰਚ ਆਪ੍ਰੇਸ਼ਨ ਦੌਰਾਨ ਇੱਕ ਅਸ਼ੋਕਾ ਲੈਹਲੈਂਡ ਟਰੱਕ ਨੂੰ ਸ਼ਨੀ ਵਾਸੀ ਨੰਗਲ ਸ਼ਾਮਾ, ਥਾਣਾ ਪਤਾਰਾ ਜ਼ਿਲ੍ਹਾ ਜਲੰਧਰ ਹਾਲ ਵਾਸੀ ਨੇੜੇ ਬਰੈਡ ਫੈਕਟਰੀ ਔਜਲਾ ਫਾਟਕ ਕਪੂਰਥਲਾ, ਮੋਜਿਸ ਮਸੀਹ ਉਰਫ ਬੱਲੀ ਵਾਸੀ ਸ਼ਾਮਪੁਰਾ ਥਾਣਾ ਸਦਰ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਹਾਲ ਵਾਸੀ ਬਾਬਾ ਬੁੱਢਾ ਜੀ ਨਗਰ ਗਲੀ ਨੰਬਰ 07 ਰਾਮਾਮੰਡੀ ਜਲੰਧਰ, ਪਵਨ ਕੁਮਾਰ ਉਰਫ ਸ਼ਨੀ ਵਾਸੀ ਮੁਹੱਲਾ ਸੰਤਪੁਰਾ ਹਾਲ ਵਾਸੀ ਨੇੜੇ ਬਰੈਡ ਫੈਕਟਰੀ ਔਜਲਾ ਫਾਟਕ ਕਪੂਰਥਲਾ ਅਤੇ ਸ਼ਤਰੁਧਨ ਪਾਸਵਾਨ ਵਾਸੀ ਸਰਮਸਤੀਪੁਰ ਬਿਹਾਰ ਹਾਲ ਵਾਸੀ ਸ਼ੇਖੂਪੁਰਾ ਥਾਣਾ ਸਿਟੀ ਕਪੂਰਥਲਾ ਨੂੰ ਕਾਬੂ ਕਰਕੇ ਟਰੱਕ 'ਚੋਂ ਭਾਰੀ ਮਾਤਾਰਾ ਵਿੱਚ ਟਰਾਂਸਫਾਰਮਾਂ ਵਿੱਚੋਂ ਚੋਰੀ ਕੀਤਾ ਤੇਲ ਸਮੇਤ ਹੋਰ ਸਮਾਨ ਬ੍ਰਾਮਦ ਕਰਕੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ।ਜਿਕਰਯੋਗ ਹੈ ਕਿ ਇਸ ਗਿਰੋਹ ਵੱਲੋਂ ਮਿਲ ਕੇ ਰਾਤ ਸਮੇਂ ਕਿਸਾਨਾਂ ਦੇ ਖੇਤਾਂ ਵਿੱਚ ਲੱਗੇ ਟਰਾਸਫਾਰਮਾਂ ਵਿੱਚੋਂ ਤੇਲ ਚੋਰੀ ਕੀਤਾ ਜਾਂਦਾ ਹੈ ਅਤੇ ਹੁਣ ਤੱਕ ਇਹਨਾਂ ਵੱਲੋਂ ਜਲੰਧਰ ਦੇ ਵੱਖ-ਵੱਖ ਏਰੀਆ, ਲੁਧਿਆਣਾ, ਖੰਨਾ, ਨਵਾਂਸ਼ਹਿਰ ਅਤੇ ਪੰਜਾਬ ਦੇ ਹੋਰ ਵੱਖ-ਵੱਖ ਸਥਾਨਾਂ ਤੋਂ ਕਈ ਟਰਾਂਸਫਾਰਮ ਤੇਲ ਚੋਰੀ ਦੀਆ ਦਰਜਨਾਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਹੈ। ਜੋ ਇਹਨਾਂ ਦੋਸ਼ੀਆਨ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।



# ਭੌਰਾ ਵਿਖੇ ਕੌਮੀ ਸ਼ਹੀਦਾਂ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ 22 ਨੂੰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਦੀ ਤਹਿਸੀਲ ਇਕਾਈ ਨਵਾਂਸ਼ਹਿਰ ਦੀ ਮੀਟਿੰਗ ਬੀਬੀ ਨਿਰਮਲਾ ਕਾਹਮਾ ਦੀ ਅਗਵਾਈ ਹੇਠ ਹੋਈ। ਸਾਥੀ ਕਰਨ ਸਿੰਘ ਰਾਣਾ ਸਬਾਈ ਜਨਰਲ ਸਕੱਤਰ ਨੇ ਦੱਸਿਆ ਕਿ ਇਸ ਵਾਰ ਭਗਤ ਸਿੰਘ ਰਾਜਗੁਰੂ ਸੁਖਦੇਵ ਦਾ ਸ਼ਹੀਦੀ ਦਿਹਾੜਾ ਸਾਮਰਾਜ ਵਾਦ ਵਿਰੋਧੀ ਦਿਵਸ ਵਜੋਂ ਮਨਾਇਆ ਜਾਵੇਗਾ 22 ਮਾਰਚ ਨੂੰ ਪਿੰਡ ਭੌਰਾ ਵਿਖੇ ਇਹਨਾਂ ਕੌਮੀ ਸ਼ਹੀਦਾਂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਸਾਥੀ ਤਰਸੇਮ ਜੋਧਾ ਜਨਰਲ ਸਕੱਤਰ ਅਤੇ ਬਾਪੂ ਬਲਕੌਰ ਸਿੰਘ ਪ੍ਰਧਾਨ ਭਾਈ ਲਾਲੋ ਲੋਕ ਮੰਚ ਪੰਜਾਬ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਣਗੇ। ਮੁਫਤ ਮੈਡੀਕਲ ਕੈਂਪ ਵੀ ਲਾਇਆ ਜਾਵੇਗਾ। ਆਮ ਲੋਕਾਂ ਨੂੰ ਮੁਫਤ ਬੂਟੇ ਵੀ ਵੰਡੇ ਜਾਣਗੇ। ਮੀਟਿੰਗ ਵਿੱਚ ਪਰਵਿੰਦਰ ਕੁਮਾਰ ਬੈਂਸ ਰਮਨਦੀਪ ਕੌਰ ਕੋਮਲ ਦੇਵੀ ਵਿਦਿਆ ਰਾਣੀ ਸੋਹਣ ਸਿੰਘ ਮੰਗਤ ਰਾਮ ਤਰਲੋਚਨ ਸਿੰਘ ਆਦਿ ਅਨੇਕਾਂ ਆਗੂ ਸ਼ਾਮਿਲ ਹੋਏ।



## ਸੰਤ ਬਾਬਾ ਭਾਗ ਸਿੰਘ 'ਵਰਸਿਟੀ ਦੇ ਵਿਦਿਆਰਥੀਆਂ ਦਾ ਰਿਹਾ ਸ਼ਾਨਦਾਰ ਪ੍ਰਦਰਸ਼ਨ

**ਆਦਮਪਰ(ਪਰਮਜੀਤ ਸਿੰਘ)**-ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖ਼ਿਆਲਾ ਦੇ ਐਜੂਕੇਸ਼ਨ ਵਿਭਾਗ ਦੇ 9 ਵਿਦਿਆਰਥੀਆਂ ਨੇ ਪੀ ਐੱਸ ਟੀ ਈ ਟੀ, 6 ਵਿਦਿਆਰਥੀਆਂ ਨੇ ਐੱਚ.ਪੀ.ਟੀ.ਈ.ਟੀ, 3 ਵਿਦਿਆਰਥੀਆਂ ਨੇ ਸੀ.ਟੀ.ਈ.ਟੀ. ਅਤੇ 1 ਵਿਦਿਆਰਥੀ ਨੇ ਯੂ.ਜੀ.ਸੀ. ਨੈੱਟ ਦੀ ਪ੍ਰੀਖਿਆ ਪਾਸ ਕੀਤੀ।ਪੀ.ਐੱਸ.ਟੀ.ਈ.ਟੀ ਪਾਸ ਕਰਨ ਵਾਲੇ ਵਿਦਿਆਰਥੀ ਸ਼ੇਫਾਲੀ ਵਸ਼ਿਸ਼ਟ, ਅੰਜਨਾ, ਬਲਜਿੰਦਰ ਕੌਰ, ਮਨਦੀਪ ਕੌਰ, ਗੁਰਵੀਨ ਕੌਰ, ਨੈਨਸੀ ਬਾਂਸਲ, ਹਰਵਿੰਦਰ ਸਿੰਘ, ਅਕਾਸ਼ਦੀਪ ਸਿੰਘ ਅਤੇ ਜਸਨੀਤ ਦਿਓਲ ਹਨ। ਐੱਚ.ਪੀ.ਟੀ.ਈ.ਟੀ ਪਾਸ ਕਰਨ ਵਾਲੇ ਵਿਦਿਆਰਥੀ ਕਾਕੂ, ਕਮਲੋ, ਤ੍ਰਿਪਤਾ, ਦੀਕਸ਼ਾ ਅਤੇ ਨਿਸ਼ਾ ਕੁਮਾਰੀ ਹਨ। ਸੀ.ਟੀ.ਈ.ਟੀ ਪਾਸ ਕਰਨ ਵਾਲੇ ਪ੍ਰੀਤੀ, ਅਕਾਸ਼ਦੀਪ ਸਿੰਘ ਅਤੇ ਮੋਹਿਤ ਹਨ ਅਤੇ ਯੂ.ਜੀ.ਸੀ ਨੈੱਟ ਪਾਸ ਕਰਨ ਵਾਲੀ ਵਿਦਿਆਰਥਨ ਸੰਦੀਪ ਸੈਣੀ ਹੈ।ਡਾ. ਅਨੀਤ ਕੁਮਾਰ ਨੇ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਸਾਡੇ ਵਿਦਿਆਰਥੀ ਲਗਾਤਾਰ ਅਧਿਆਪਕ ਯੋਗਤਾ ਅਤੇ ਯੂਜੀਸੀ ਨੈੱਟ ਵਰਗੇ ਇਮਤਿਹਾਨ ਪਾਸ ਕਰ ਰਹੇ ਹਨ ਅਤੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਵੱਲ ਨਿਰੰਤਰ ਅੱਗੇ ਵੱਧ ਰਹੇ ਹਨ।ਉਹਨਾਂ ਨੇ ਵਿਦਿਆਰਥੀਆਂ ਦੀ ਇਸ ਉਪਲੱਬਧੀ ਲਈ ਐਜੂਕੇਸ਼ਨ ਵਿਭਾਗ ਦੇ ਅਧਿਆਪਕਾਂ ਦੀ ਮਿਹਨਤ ਅਤੇ ਲਗਨ ਦੀ ਸ਼ਲਾਘਾ ਕਰਦੇ ਹੋਏ ਵਧਾਈ ਦਿੱਤੀ।



# ਸੱਤ ਦਿਨਾ ਐੱਨ ਐੱਸ ਐੱਸ ਕੈਂਪ ਦੀ ਸ਼ੁਰੂਆਤ




**ਬਲਾਚੌਰ (ਜਸਵਿੰਦਰ ਬੈਸ)**- ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚੁਐਂਟ ਕਾਲਜ, ਬਲਾਚੌਰ 'ਚ ਪ੍ਰਿੰਸੀਪਲ ਡਾ. ਸਤੀਸ਼ ਕੁਮਾਰ ਧੀਮਾਨ ਦੇ ਅਗਵਾਈ ਹੇਠ ਉਤਸ਼ਾਹ ਅਤੇ ਸਮਰਪਣ ਦੇ ਨਾਲ ਸੱਤ ਦਿਨਾਂ ਰਾਸ਼ਟਰੀ ਸੇਵਾ ਯੋਜਨਾ ਕੈਂਪ ਦੀ ਸ਼ੁਰੂਆਤ ਕੀਤੀ ਗਈ। 23 ਮਾਰਚ ਤੱਕ ਚੱਲਣ ਵਾਲੇ ਇਸ ਕੈਂਪ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਮਾਜਿਕ ਸੇਵਾ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਮੁੱਲਾਂ ਨੂੰ ਵਧਾਉਣ ਹੈ।ਉਦਘਾਟਨੀ ਸਮਾਰੋਹ ਦੀ ਸ਼ੁਰੂਆਤ ਐਨ ਐੱਸ ਐੱਸ ਪ੍ਰੋਗਰਾਮ ਅਧਿਕਾਰੀ ਸਹਾਇਕ ਪ੍ਰੋਫੈਸਰ ਰਮਨਦੀਪ ਸਿੰਘ ਨਾਰਾ ਅਤੇ ਮਿਸ ਸੰਦੀਪ ਕੌਰ ਦੇ ਸੰਬੋਧਨ ਨਾਲ ਹੋਈ, ਜਿਨ੍ਹਾਂ ਨੇ ਕੈਂਪ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਅਤੇ ਯੁਵਾ ਪੀੜ੍ਹੀ ਦੀ ਸਮਾਜਿਕ ਵਿਕਾਸ ਵਿੱਚ ਭੂਮਿਕਾ 'ਤੇ ਜ਼ੋਰ ਦਿੱਤਾ।ਪਹਿਲੇ ਸੈਸ਼ਨ ਦੇ ਤਹਿਤ, ਟ੍ਰੈਫਿਕ ਸਿੱਖਿਆ ਸੈੱਲ, ਨਵਾਂਸ਼ਹਿਰ ਦੇ ਸਹਿਯੋਗ ਨਾਲ ਸੜਕ ਸੁਰੱਖਿਆ ਅਤੇ ਨਸ਼ਾ ਮੁਕਤੀ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਟ੍ਰੈਫਿਕ ਸਿੱਖਿਆ ਸੈੱਲ , ਨਵਾਂਸ਼ਹਿਰ ਦੇ ਇੰਚਾਰਜ ਇੰਸਪੈਕਟਰ ਪ੍ਰਵੀਨ ਕੁਮਾਰ ਨੇ ਵਿਦਿਆਰਥੀਆਂ ਨੂੰ ਇੱਕ ਜਾਣਕਾਰੀ ਭਰਪੂਰ ਉਦਾਹਰਨਾਂ ਸਮੇਤ ਭਾਸ਼ਣ ਦਿੱਤਾ।

# ਨਸ਼ਾ ਪੀੜਤਾਂ ਨੂੰ ਸਮਾਜ ਦੀ ਮੁੱਖ ਧਾਰਾ 'ਚ ਸ਼ਾਮਲ ਕੀਤਾ ਜਾਵੇਗਾ : ਡਾ. ਬਲਬੀਰ ਸਿੰਘ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਰਕਾਰੀ ਨਸ਼ਾ ਛਡਾਉ ਕੇਂਦਰ, ਨਵਾਂਸ਼ਹਿਰ ਦਾ ਦੌਰਾ ਕਰਕੇ ਉਥੇ ਨਸ਼ਾ ਪੀੜਤਾਂ ਲਈ ਉਪਲਬੱਧ ਸਿਹਤ ਸੇਵਾਵਾਂ ਦਾ ਨਿਰੀਖਣ ਕੀਤਾ।ਇਸ ਮੌਕੇ ਉਨ੍ਹਾਂ ਕੇਂਦਰ 'ਚ ਬਾਥਰੂਮਾਂ ਤੇ ਇਮਾਰਤ ਦੀ ਛੱਤ 'ਤੇ ਸਾਫ-ਸਫਾਈ ਦੇ ਪ੍ਰਬੰਧਾਂ ਨੂੰ ਵੀ ਦੇਖਿਆ।ਇਸ ਮੌਕੇ ਉਨ੍ਹਾਂ ਵੱਲੋਂ ਸਰਕਾਰੀ ਨਸ਼ਾ ਛਡਾਊ ਕੇਂਦਰ ਵਿਚ ਦਾਖਲ ਨਸ਼ਾ ਪੀੜਤਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਨਸ਼ਾ ਛੱਡਣ ਲਈ ਦ੍ਰਿੜ੍ਹ ਸੰਕਲਪ ਲੈਣ ਲਈ ਪ੍ਰੇਰਿਤ ਕੀਤਾ ਗਿਆ।ਉਨ੍ਹਾਂ ਨੇ ਨਸ਼ੇ ਦੇ ਆਦੀਆਂ ਨੂੰ ਨਸ਼ੇ ਤਿਆਗਣ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਉਹ ਆਪਣੇ ਤੇ ਆਪਣੇ ਪਰਵਾਰਾਂ ਦੀ ਖ਼ਾਤਰ ਇਹ ਗਲਤ ਰਾਹ ਛੱਡ ਕੇ ਜ਼ਿੰਦਗੀ ਦਾ ਰਸਤਾ ਅਪਨਾਉਣ।ਇਸ ਦੌਰਾਨ ਸਿਹਤ ਮੰਤਰੀ ਵੱਲੋਂ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਪ੍ਰਾਈਵੇਟ ਨਸ਼ਾ ਛਡਾਊ ਕੇਂਦਰਾਂ ਦੇ ਪ੍ਰਤੀਨਿਧੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਉਨ੍ਹਾਂ ਪ੍ਰਾਈਵੇਟ ਨਸ਼ਾ ਛਡਾਊ ਕੇਂਦਰਾਂ ਦੇ ਪ੍ਰਤੀਨਿਧੀਆਂ ਨੂੰ ਕਿਹਾ ਕਿ ਉਹ ਨਸ਼ਾ ਪੀੜਤਾਂ ਨੂੰ ਨਸ਼ਾ ਮੁਕਤ ਕਰਨ ਲਈ ਇਮਾਨਦਾਰੀ ਨਾਲ ਕੰਮ ਕਰਨ।



# ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨਾਲ ਜੁੜਨ ਲੱਗੀਆਂ ਸਮਾਜ ਸੇਵੀ ਸੰਸਥਾਵਾਂ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਜ਼ਿਲ੍ਹੇ ਵਿੱਚ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੀ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ।ਇਸ ਮੁਹਿੰਮ ਤਹਿਤ ਸਮਾਜ ਸੇਵੀ ਸੰਸਥਾ ਦਿਸ਼ਾਦੀਪ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸੀ ਟੀ ਗਰੁੱਪ ਆਫ ਇੰਸਟੀਟਿਊਸ਼ਨਜ਼, ਸ਼ਾਹਪੁਰ ਵਿਖੇ ਨਸ਼ਿਆਂ ਖ਼ਿਲਾਫ਼ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੌਰਾਨ ਸਥਾਨਕ ਸਿਵਲ ਹਸਪਤਾਲ ਸਥਿਤ ਨਸ਼ਾ ਛੁਡਾਊ ਕੇਂਦਰ ਤੋਂ ਕਾਊਂਸਲਰ ਡਾ. ਤਾਨੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਿਨ੍ਹਾਂ ਵਿਦਿਆਰਥੀਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ, ਇਸ ਤੋਂ ਬਚਾਅ ਅਤੇ ਇਲਾਜ ਬਾਰੇ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਨਸ਼ਾ ਛੁਡਾਊ ਕੇਂਦਰ ਵਿਖੇ ਨਸ਼ੇ 'ਤੇ ਨਿਰਭਰ ਵਿਅਕਤੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ।ਐਨ ਜੀ ਓ ਦਿਸ਼ਾਦੀਪ ਦੇ ਸੰਸਥਾਪਕ ਅਤੇ ਚੀਫ਼ ਲਾਇਨ ਐਸ ਐਮ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।ਇਸ ਮੌਕੇ ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਨਸ਼ਾ ਮੁਕਤ ਸਮਾਜ ਅਤੇ ਪੰਜਾਬ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਆਪਣਾ ਭਰਪੂਰ ਯੋਗਦਾਨ ਦੇਣ ਦਾ ਪ੍ਰਣ ਵੀ ਲਿਆ।ਕਾਲਜ ਵੱਲੋਂ ਡਾ. ਤਾਨੀਆ, ਟੀਮ ਦਿਸ਼ਾਦੀਪ ਦੇ ਚੇਅਰਮੈਨ ਕੈਪਟਨ ਜਸਵਿੰਦਰ ਸਿੰਘ, ਉਪ ਚੇਅਰਮੈਨ ਰਮੇਸ਼ ਲਖਨਪਾਲ ਤੇ ਤਰਸੇਮ ਜਲੰਧਰੀ, ਜਨਰਲ ਸਕੱਤਰ ਸੁਰਿੰਦਰ ਭਾਰਤੀ ਦਾ ਸਨਮਾਨ ਕੀਤਾ ਗਿਆ। ਰਮੇਸ਼ ਲਖਨਪਾਲ ਨੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਐਨ.ਜੀ.ਓ. ਵੱਲੋਂ ਹਰ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।



## ਬਿਹਤਰ ਸਿਹਤ ਸੇਵਾਵਾਂ ਦੇਣ 'ਚ ਕੋਈ ਕਸਰ ਨਹੀਂ ਛੱਡੀ ਜਾਵੇਗੀ : ਕੁਮਾਰ ਰਾਹੁਲ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਵੱਲੋਂ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦਾ ਦੌਰਾ ਕਰਕੇ ਜ਼ਿਲ੍ਹੇ ਅੰਦਰ ਪ੍ਰਸਤਾਵਿਤ ਮੈਡੀਕਲ ਕਾਲਜ ਦੀ ਬਣਤਰ, ਇਸ ਦੀਆਂ ਤਿਆਰੀਆਂ ਤੇ ਜ਼ਿਲ੍ਹਾ ਹਸਪਤਾਲ ਵਿਚ ਐਮਰਜੈਂਸੀ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਉਨ੍ਹਾਂ ਨੇ ਡਾਕਟਰੀ ਸਿੱਖਿਆ ਤੇ ਖੋਜ ਵਿਭਾਗ ਪੰਜਾਬ ਦੇ ਡਾਇਰੈਕਟਰ ਅਵਨੀਸ਼ ਕੁਮਾਰ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਐਸ.ਐਸ.ਪੀ ਡਾ. ਮਹਿਤਾਬ ਸਿੰਘ, ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਈ.ਐਨ.ਟੀ. ਵਿਭਾਗ ਦੇ ਮੁਖੀ ਡਾ. ਗੁਰਬਖਸ਼ ਸਿੰਘ, ਸਿਵਲ ਸਰਜਨ ਡਾ. ਗੁਰਦਰਜੀਤ ਸਿੰਘ, ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਸਮੇਤ ਜ਼ਿਲ੍ਹੇ ਵੱਖ-ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਪ੍ਰਸਤਾਵਿਤ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਬਣਤਰ ਨੂੰ ਲੈ ਕੇ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਵਿਚ ਪ੍ਰਸਤਾਵਿਤ ਮੈਡੀਕਲ ਕਾਲਜ ਲਈ ਦਿੱਤੀ ਗਈ ਜ਼ਮੀਨ ਨੂੰ ਵੀ ਦੇਖਿਆ।ਕੁਮਾਰ ਰਾਹੁਲ ਨੇ ਕਿਹਾ ਕਿ ਸਾਡੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਨਾਗਰਿਕ ਨੂੰ ਸਮੇਂ ਸਿਰ ਅਤੇ ਮਿਆਰੀ ਸਿਹਤ ਸੰਭਾਲ ਸੇਵਾ ਮਿਲੇ। ਇਸ ਉਦੇਸ਼ ਦੀ ਪੂਰਤੀ ਲਈ ਅਸੀਂ ਸਾਰੇ ਸਰਕਾਰੀ ਹਸਪਤਾਲਾਂ ਵਿਚ ਉੱਚ ਪੱਧਰੀ ਮਿਆਰਾਂ ਨੂੰ ਬਰਕਰਾਰ ਰੱਖ ਰਹੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਸਾਡੇ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਹਰੇਕ ਤਰ੍ਹਾਂ ਦੀਆਂ ਸਰਬੋਤਮ ਸਿਹਤ ਸੇਵਾਵਾਂ ਉਪਲਬੱਧ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# 'ਸਵੱਛ ਹਵਾ, ਸਿਹਤਮੰਦ ਭਾਰਤ' ਮੁਹਿੰਮ ਤਹਿਤ ਚੱਕ ਪ੍ਰੇਮਾ ਦੇ ਪਾਰਕ 'ਚ ਲਗਾਏ ਬੂਟੇ

**ਫਗਵਾੜਾ (ਜਸਵਿੰਦਰ ਢੱਡਾ)**

ਪਿੰਡ ਚੱਕ ਪ੍ਰੇਮਾ ਵਿਖੇ ਗ੍ਰਾਮ ਪੰਚਾਇਤ ਵਲੋਂ ਐਨ.ਆਰ.ਆਈ. ਵੀਰਾਂ ਅਤੇ ਮਨਰੇਗਾ ਕਾਮਿਆਂ ਦੇ ਸਹਿਯੋਗ ਨਾਲ 'ਸਵੱਛ ਹਵਾ, ਸਿਹਤਮੰਦ ਭਾਰਤ' ਮੁਹਿੰਮ ਤਹਿਤ ਪਾਰਕ ਵਿਚ ਬੂਟੇ ਲਗਾਏ ਗਏ।ਸਰਪੰਚ ਮਨਜੀਤ ਕੌਰ ਨੇ ਦੱਸਿਆ ਕਿ ਪਾਰਕ ਵਿਚ ਫੁੱਲਦਾਰ ਅਤੇ ਛਾਂਦਾਰ ਰੁੱਖਾਂ ਦੇ ਬੂਟੇ ਲਗਾਏ ਗਏ ਹਨ ਤਾਂ ਜੋ ਇੱਥੇ ਖੇਡਣ ਵਾਲੇ ਬੱਚਿਆਂ, ਸਵੇਰੇ 'ਤੇ ਸ਼ਾਮ ਸਮੇਂ ਸੈਰ ਲਈ ਆਉਣ ਵਾਲੇ ਪਿੰਡ ਵਾਸੀਆਂ ਤੇ ਬਜੁਰਗਾਂ ਨੂੰ ਸ਼ੁੱਧ ਹਵਾ ਮਿਲ ਸਕੇ। ਉਹਨਾਂ ਭਰੋਸਾ ਦਿੱਤਾ ਕਿ ਵਾਤਾਵਰਣ ਨੂੰ ਹਰਿਆ-ਭਰਿਆ ਬਨਾਉਣ ਲਈ ਇਹ ਉਪਰਾਲਾ ਅੱਗੇ ਵੀ ਜਾਰੀ ਰੱਖਿਆ ਜਾਵੇਗਾ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਮੈਂਬਰ ਪੰਚਾਇਤ ਪਿੰਡ ਚੱਕ ਪ੍ਰੇਮਾ ਐਡਵੋਕੇਟ ਰੇਨੂੰ ਤਿਵਾੜੀ ਨੇ ਇਸ ਉਪਰਾਲੇ ਵਿਚ ਸਹਿਯੋਗ ਲਈ ਖਾਸ ਤੌਰ ਐਨ.ਆਰ.ਆਈ. ਵੀਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਧਰਤੀ 'ਤੇ ਬਦਲਦੇ ਮੌਸਮ ਚੱਕਰ ਅਤੇ ਗਰਮੀ ਨੂੰ ਦੇਖਦੇ ਹੋਏ ਵੱਧ ਤੋਂ ਵੱਧ ਬੂਟੇ ਲਗਾਉਣਾ ਸਮੇਂ ਦੀ ਲੋੜ ਹੈ। ਇਸ ਦੇ ਨਾਲ ਹੀ ਉਹਨਾਂ ਨੇ ਧਰਤੀ ਹੇਠਾਂ ਪਾਣੀ ਦੇ ਲਗਾਤਾਰ ਘੱਟ ਰਹੇ ਪੱਧਰ ਪ੍ਰਤੀ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਕੁਦਰਤੀ ਜਲਗਾਹਾਂ ਦੀ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ। ਇਸ ਮੌਕੇ ਜਸਵਿੰਦਰ ਸਿੰਘ ਪੰਚ, ਸਤਨਾਮ ਸਿੰਘ ਪੰਚ, ਕੁਲਵਿੰਦਰ ਕੌਰ ਪੰਚ ਤੋਂ ਇਲਾਵਾ ਪਿੰਡ ਦੇ ਪਤਵੰਤੇ ਅਤੇ ਮਨਰੇਗਾ ਕਾਮੇਂ ਹਾਜਰ ਸਨ।



# 19 ਪ੍ਰਾਣੀ ਅੰਮ੍ਰਿਤ ਛੱਕ ਕੇ ਬਣੇ ਗੁਰੂ ਵਾਲੇ



**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**-ਡੇਰਾ ਸੰਤ ਬਾਬਾ ਭਾਗ ਸਿੰਘ ਮਾਨਕੋ ਜਬੜ (ਸੰਤਪੁਰਾ) ਵਿਖੇ, ਸਾਲਾਨਾ ਅੰਮ੍ਰਿਤ ਸੰਚਾਰ ਸਮਾਗਮ ਸਮੇ 19 ਪ੍ਰਾਣੀ ਅੰਮ੍ਰਿਤ ਛੱਕ ਕੇ ਕਲਗੀਧਰ ਪਾਤਸ਼ਾਹ, ਸਰਬੰਸ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦੇ ਪੁੱਤਰ, ਧੀਆਂ ਬਣੇ ਹਨ।ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਆਏ ਹੋਏ ਪੰਜ ਪਿਆਰੇ ਸਾਹਿਬਾਨ ਨੇ ਅੰਮ੍ਰਿਤ ਛਕਾਉਣ ਤੋਂ ਉਪਰੰਤ ਉਪਰੋਕਤ ਪ੍ਰਾਣੀਆਂ ਨੂੰ ਦੱਸਿਆ ਕਿ ਅੱਜ ਤੋਂ ਤੁਹਾਡਾ ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ, ਨਾਨਕਾ ਘਰ ਗੁਰੂ ਕਾ ਲਹੌਰ ਹੈ।ਤੁਸੀਂ ਕਲਗੀਧਰ ਪਾਤਸ਼ਾਹ ਸਾਹਿਬ ਨੂੰ ਸੀਸ ਭੇਟ ਕਰਕੇ ਸਿੰਘ ਸਿੰਘਣੀਆ ਸਜ ਗਏ ਹੋ। ਕਲਗੀਧਰ ਪਾਤਸ਼ਾਹ ਦੇ ਆਸ਼ੇ ਅਨੁਸਾਰ ਜੀਵਨ ਬਤੀਤ ਕਰਨਾਂ ਹੈ।ਇਸ ਸਮੇਂ ਸਾਲਾਨਾ ਅੰਮ੍ਰਿਤ ਸੰਚਾਰ ਉਪਰੰਤ ਸੰਤ ਬਾਬਾ ਜਨਕ ਸਿੰਘ, ਬਾਬਾ ਸਰਵਣ ਸਿੰਘ, ਬਾਬਾ ਮਨਮੋਹਣ ਸਿੰਘ ਨੂੰ ਇਲਾਕੇ ਦੀਆ ਸੰਗਤਾਂ ਨੇ ਮੁਬਾਰਕਬਾਦ ਦਿੱਤੀ ਹੈ।

# ਮੁਫਤ ਮੈਡੀਕਲ ਕੈਂਪ ਲਗਾਇਆ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਰੋਟਰੀ ਕਲੱਬ ਮਿਡ ਟਾਊਨ ਅਤੇ ਕੈਪੀਟਲ ਹਸਪਤਾਲ, ਜਲੰਧਰ ਦੇ ਸਹਿਯੋਗ ਨਾਲ ਐਤਵਾਰ ਨੂੰ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ, ਫਗਵਾੜਾ-ਚੰਡੀਗੜ੍ਹ ਬਾਈਪਾਸ, ਹੁਸ਼ਿਆਰਪੁਰ ਵਿਖੇ ਇੱਕ ਵਿਸ਼ਾਲ ਮੁਫਤ ਮੈਡੀਕਲ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਡਾ. ਹਿਮਾਂਸ਼ੂ ਸ੍ਰੀਵਾਸਤਵ, ਡਾ. ਆਦੀਜਯਾ ਭਾਟੀਆ, ਡਾ. ਸਹਮੀਤ ਸਿੰਘ, ਡਾ. ਵਰਿੰਦਰ ਸਿੰਘ, ਡਾ. ਕਬੀਰ, ਡਾ. ਦਵਿੰਦਰ ਪਾਲ ਸਿੰਘ ਅਤੇ ਡਾ. ਏ.ਐਸ. ਕਪੂਰ ਨੇ ਮਰੀਜਾਂ ਦੀ ਜਾਂਚ ਕੀਤੀ। ਹਿਰਦੇ ਰੋਗ, ਕੈਂਸਰ, ਹੱਡੀਆਂ ਅਤੇ ਪਿੱਠ ਦੇ ਰੋਗਾਂ ਸਮੇਤ ਹੋਰ ਆਮ ਬਿਮਾਰੀਆਂ ਲਈ 700 ਲੋਕਾਂ ਦੀ ਜਾਂਚ ਕੀਤੀ ਗਈ। ਮਰੀਜਾਂ ਨੂੰ ਮੁਫਤ ਦਵਾਈਆਂ, ਈਸੀਜੀ, ਬਲੱਡ ਸ਼ੂਗਰ ਟੈਸਟ ਅਤੇ ਹੋਰ ਮੈਡੀਕਲ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਗਈਆਂ। ਇਹ ਕੈਂਪ ਵਿਸ਼ੇਸ਼ ਤੌਰ 'ਤੇ ਗਰੀਬ ਅਤੇ ਜਰੂਰਤਮੰਦ ਲੋਕਾਂ ਲਈ ਆਯੋਜਿਤ ਕੀਤਾ ਗਿਆ ਸੀ, ਜਿਸ ਕਾਰਨ ਵੱਡੀ ਗਿਣਤੀ ਵਿੱਚ ਮਰੀਜਾਂ ਨੇ ਇਸਦਾ ਲਾਭ ਲਿਆ। ਇਸ ਮੌਕੇ ਰੋਟਰੀ ਕਲੱਬ ਮਿਡ ਟਾਊਨ ਦੇ ਪ੍ਰਧਾਨ ਆਵਤਾਰ ਸਿੰਘ, ਗੁਰਲਿਆਕਤ ਸਿੰਘ ਬਰਾੜ, ਇੰਦਰਪਾਲ ਸਿੰਘ ਸਚਦੇਵਾ, ਡੀ.ਪੀ. ਕਠੂਰੀਆ, ਮਨੋਜ ਓਹਰੀ, ਅਸ਼ੋਕ ਸ਼ਰਮਾ, ਜਗਮੀਤ ਸਿੰਘ ਸੇਠੀ, ਜੇ.ਐੱਸ.ਐੱਸ. ਸੇਠੀ, ਸਤੀਸ਼ ਗੁਪਤਾ, ਜੋਗਿੰਦਰ ਸਿੰਘ, ਐਚ.ਐੱਸ. ਭੋਗਲ, ਰੋਹਿਤ ਚੋਪੜਾ, ਕੁਲਜੀਤ ਸੈਣੀ, ਏ.ਐੱਸ. ਅਰਨੇਜਾ, ਰਜਨੀਸ਼ ਗੁਲਿਆਨੀ, ਜਤਿੰਦਰ ਕੁਮਾਰ, ਵਿਕਰਮ ਸ਼ਰਮਾ, ਸੰਦੀਪ ਸ਼ਰਮਾ, ਪਰਵੀਨ ਪੱਬੀ, ਜਤਿੰਦਰ ਦੁੱਗਲ, ਸੰਦੀਪ ਸ਼ਰਮਾ, ਰਾਕੇਸ਼ ਕਪੂਰ, ਜੋਗਿੰਦਰ ਸਿੰਘ, ਰੋਹਿਤ ਚੋਪੜਾ, ਜੋਗਿੰਦਰ ਕੁਮਾਰ, ਡਾ. ਹਰਜਿੰਦਰ ਸਿੰਘ ਓਬਰਾਏ, ਜੀ.ਕੇ. ਵਾਸੁਦੇਵ ਅਤੇ ਸੰਜੀਵ ਓਹਰੀ ਸਮੇਤ ਹੋਰ ਪਤਵੰਤੇ ਮੌਜੂਦ ਰਹੇ।



## ਰਿਆਤ ਬਾਹਰਾ ਐਜੂਕੇਸ਼ਨ ਸਿਟੀ 'ਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਐਜੂਕੇਸ਼ਨ ਸਿਟੀ 'ਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ।ਇਸ ਮੌਕੇ ਮਹਿਲਾ ਸਸ਼ਕਤੀਕਰਨ 'ਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮਹਿਲਾਵਾਂ ਦੇ ਯੋਗਦਾਨ, ਉਪਲਬਧੀਆਂ ਅਤੇ ਸਮਾਜ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਸਨਮਾਨਿਤ ਕੀਤਾ ਗਿਆ।ਮੁੱਖ ਮਹਿਮਾਨ ਅਵਿਨਾਸ਼ ਰਾਏ ਖੰਨਾ ਨੇ ਮਹਿਲਾਵਾਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਿਸੇ ਵੀ ਸੰਸਥਾ ਜਾਂ ਸਮਾਜ ਦੀ ਤਰੱਕੀ ਮਹਿਲਾਵਾਂ ਦੇ ਬਿਨਾਂ ਸੰਭਵ ਨਹੀਂ।ਉਨ੍ਹਾਂ ਨੇ ਸਿੱਖਿਆ ਅਤੇ ਆਤਮਨਿਰਭਰਤਾ ਨੂੰ ਮਹਿਲਾ ਸਸ਼ਕਤੀਕਰਨ ਦਾ ਆਧਾਰ ਦੱਸਿਆ।ਇਸ ਮੌਕੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਕਿਹਾ ਕਿ ਇਹ ਪ੍ਰੋਗਰਾਮ ਮਹਿਲਾਵਾਂ ਦੇ ਯੋਗਦਾਨ ਨੂੰ ਸਨਮਾਨਿਤ ਕਰਨ ਅਤੇ ਸਮਾਨਤਾ ਤੇ ਜਾਗਰੂਕਤਾ ਨੂੰ ਵਧਾਵਣ ਲਈ ਹੈ। ਉਨ੍ਹਾਂ ਨੇ ਸੰਸਥਾ ਵਿੱਚ ਮਹਿਲਾਵਾਂ ਦੀ ਉਪਲਬਧੀਆਂ ਦੀ ਵੀ ਸਲਾਹਣਾ ਕੀਤੀ।ਇਸ ਮੌਕੇ 2008 ਤੋਂ ਰਿਆਤ ਬਾਹਰਾ ਗਰੁੱਪ ਨਾਲ ਜੁੜੀਆਂ ਮਹਿਲਾ ਕਰਮਚਾਰੀਆਂ ਨੂੰ ਵਿਸ਼ੇਸ਼ ਸਨਮਾਨ ਨਾਲ ਨਵਾਜਿਆ ਗਿਆ।ਇਸ ਮੌਕੇ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ਼ ਨੇ ਵੀ ਮਹਿਲਾ ਸਸ਼ਕਤੀਕਰਨ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਸੰਕਲਪ ਲਿਆ।



# ਸਾਲਾਨਾ ਕੀਰਤਨ ਦਰਬਾਰ ਦੇ ਮੱਦੇਨਜ਼ਰ ਸਰਬੱਤ ਦੇ ਭਲੇ ਲਈ ਸਮਾਗਮ ਕਰਵਾਇਆ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ (ਰਜਿ.) ਟਾਂਡਾ ਵੱਲੋਂ 23 ਮਾਰਚ ਨੂੰ ਕਰਵਾਏ ਜਾ ਰਹੇ ਮਹਾਨ ਸਾਲਾਨਾ ਗੁਰਮਤਿ ਸਮਾਗਮ ਤੇ ਕੀਰਤਨ ਦਰਬਾਰ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਸ਼ਮੇਸ਼ ਨਗਰ ਟਾਂਡਾ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਅੰਮ੍ਰਿਤ ਵੇਲੇ ਕਰਵਾਏ ਗਏ ਸਮਾਗਮ ਦੌਰਾਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਭਾਈ ਸੁਰਜੀਤ ਸਿੰਘ ਦੇ ਰਾਗੀ ਜਥੇ ਨੇ ਸਮੂਹ ਸੰਗਤ ਨੂੰ ਮਨੋਹਰ ਸ਼ਬਦ ਕੀਰਤਨ ਦੁਆਰਾ ਨਿਹਾਲ ਕੀਤਾ । ਇਸ ਮੌਕੇ ਭਾਈ ਮਨਜੀਤ ਸਿੰਘ ਨੇ ਸਮੁੱਚੇ ਕੀਰਤਨ ਦਰਬਾਰ ਦੀ ਸਫਲਤਾ ਸਰਬੱਤ ਦੇ ਭਲੇ ਦੀ ਅਰਦਾਸ ਗੁਰੂ ਚਰਨਾਂ ਵਿੱਚ ਕੀਤੀ। ਸੁਸਾਇਟੀ ਦੇ ਮੁੱਖ ਸੇਵਾਦਾਰ ਪ੍ਰਧਾਨ ਸ਼ਰਧਾ ਸਿੰਘ ਨੇ ਦੱਸਿਆ ਕਿ ਸਕੂਲ ਆਫ ਐਮੀਨੈਂਸ ਟਾਂਡਾ ਦੀ ਗਰਾਊਂਡ ਵਿੱਚ 23 ਮਾਰਚ ਨੂੰ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਚਾਰ ਸਾਹਿਬਜ਼ਾਦੇ ਅਤੇ ਸ਼ਹੀਦ ਸਿੰਘ ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਸਮਾਗਮ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਜਿੰਦਾ ਸ਼ਹੀਦ ਸਿੰਘ ਸਾਹਿਬ ਸੰਤ ਬਾਬਾ ਨਿਹਾਲ ਸਿੰਘ ਜੀ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵਾਲੇ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਭਾਈ ਸ਼ੁਭਦੀਪ ਸਿੰਘ ਤੇ ਭਾਈ ਸੁਰਿੰਦਰ ਸਿੰਘ ਦੋਨੋਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਢਾਡੀ ਜਥਾ ਭਾਈ ਜਸਵੀਰ ਸਿੰਘ ਮੋਹਲਕੇ, ਭਾਈ ਮੰਗਲ ਸਿੰਘ ਗੁਰਦੁਆਰਾ ਗਰਨਾ ਸਾਹਿਬ ਵਾਲੇ ਪਹੁੰਚ ਕਰਕੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਨਿਹਾਲ ਕਰਨਗੇ।ਸਮੁੱਚੇ ਦਰਬਾਰ ਦੌਰਾਨ ਖੂਨਦਾਨ ਕੈਂਪ, ਮੁਫਤ ਮੈਡੀਕਲ ਤੇ ਅੱਖਾਂ ਦੇ ਚੈੱਕਅਪ ਕੈਂਪ ਲਗਾਉਣ ਤੋਂ ਇਲਾਵਾ ਮੁਫਤ ਧਾਰਮਿਕ ਲਿਟਰੇਚਰ ਵੀ ਵੰਡਿਆ ਜਾਵੇਗਾ।ਇਸ ਮੌਕੇ ਕਿਰਪਾਲ ਸਿੰਘ ਪੰਡੋਰੀ, ਪਿਆਰਾ ਸਿੰਘ, ਜਗਮੋਹਨ ਸਿੰਘ, ਭਾਈ ਸੁਰਜੀਤ ਸਿੰਘ, ਗੁਰਦੀਪ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪ੍ਰਚਾਰ ਸਕੱਤਰ ਗਿਆਨੀ ਕੇਵਲ ਸਿੰਘ ਟਾਂਡਾ, ਸੂਬੇਦਾਰ ਮਨਜੀਤ ਸਿੰਘ ਲਾਡੀ, ਸਰਬਜੀਤ ਸਿੰਘ, ਮਾਸਟਰ ਜਸਵੀਰ ਸਿੰਘ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਗੁਰ ਸੰਦੀਪ ਸਿੰਘ, ਤੀਰਥ ਸਿੰਘ, ਗੁਰਪ੍ਰੀਤ ਸਿੰਘ, ਲਖਵੀਰ ਸਿੰਘ ਖਾਲਸਾ, ਦਵਿੰਦਰ ਸਿੰਘ ਵੀ ਹਾਜ਼ਰ ਸਨ।

# ਨੰਗਲ 'ਚ ਬਣ ਰਿਹਾ ਐਨ ਸੀ ਡੀ ਸੀ ਨਾਲ ਸੱਤ ਸੂਬਿਆਂ ਨੂੰ ਮਿਲੇਗਾ ਲਾਭ : ਅਨਿਲ ਵਿਜ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਊਰਜਾ, ਟ੍ਰਾਂਸਪੋਰਟ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਅੰਬਾਲਾ ਕੈਂਟ ਦੇ ਨੰਗਲ ਵਿਚ ਨਿਰਮਾਣਧੀਨ ਕੌਮੀ ਰੋਗ ਕੰਟਰੋਲ ਕੇਂਦਰ (ਐਨ ਸੀ ਡੀ ਸੀ) ਦੇ ਨਿਰੀਖਣ ਦੌਰਾਨ ਕਿਹਾ ਕਿ ਇਹ ਸੰਸਥਾਨ ਵੱਖ-ਵੱਖ ਰੋਗਾਂ ਦੀ ਜਾਂਚ ਅਤੇ ਖੋਜ ਵਿਚ ਅਹਿਮ ਭੂਮਿਕਾ ਨਿਭਾਏਗਾ।ਉਨ੍ਹਾਂ ਨੇ ਦਸਿਆ ਕਿ 17 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਿਹਾ ਇਹ ਕੇਂਦਰ ਹਰਿਆਣਾ ਸਮੇਤ ਸੱਤ ਸੂਬਿਆਂ ਦੇ ਮਰੀਜਾਂ ਨੂੰ ਲਾਭ ਪਹੁੰਚਾਏਗਾ, ਜਿਸ ਤੋਂ ਉਨ੍ਹਾਂ ਨੂੰ ਦਿੱਲੀ ਜਾਂ ਪੂਣੇ ਜਾਣ ਦੀ ਜ਼ਰੂਰਤ ਨਹੀਂ ਪਵੇਗੀ। ਚਾਰ ਏਕੜ ਭੂਮੀ 'ਤੇ ਨਿਰਮਾਣਧੀਨ ਇਸ ਕੇਂਦਰ ਦਾ ਪਹਿਲਾ ਪੜਾਅ ਪ੍ਰਗਤੀ 'ਤੇ ਹੈ, ਜਦੋਂ ਕਿ ਦੂਜੇ ਪੜਾਅ ਵਿਚ ਮੁੱਖ ਭਵਨ ਬਣੇਗਾ।ਐਨ ਸੀ ਡੀ ਸੀ ਵਿਚ ਵਿਗਿਆਨਕ ਸੰਕ੍ਰਾਮਕ ਰੋਗਾਂ ਦੀ ਪਹਿਚਾਨ, ਕੰਟਰੋਲ ਅਤੇ ਰੋਕਥਾਮ 'ਤੇ ਖੋਜ ਕਰਨਗੇ।ਇਹ ਕੇਂਦਰ ਡਾਇਰਿਆ, ਟਾਈਫਾਇਡ, ਹੈਪੇਟਾਈਟਿਸ ਅਤੇ ਖਸਰਾ ਵਰਗੀ ਬੀਮਾਤਰੀਆਂ ਦੀ ਜਾਂਚ ਅਤੇ ਰੋਕਥਾਮ ਵਿਚ ਸਹਾਇਕ ਹੋਵੇਗਾ।ਅੰਬਾਲਾ ਕੈਂਟ ਨੂੰ ਇਸ ਦੇ ਲਈ ਉਪਯੁਕਤ ਸਥਾਨ ਮੰਨਦੇ ਹੋਏ ਵਿਜ ਨੇ ਕਿਹਾ ਕਿ ਇਹ ਹਵਾਈ-ਰੇਲਵੇ ਅਤੇ ਸੜਕ ਮਾਰਗ ਨਾਲ ਚੰਗੀ ਤਰ੍ਹਾ ਜੁੜਿਆ ਹੈ, ਅਤੇ ਇੱਥੇ ਦੇ ਮੈਡੀਕਲ ਸੰਸਥਾਨਾਂ ਤੋਂ ਨਿਯਮਤ ਨਮੂਨੇ ਮਿਲ ਸਕਣਗੇ।ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਇਹ ਕੇਂਦਰ ਨਵੀਂ ਬੀਮਾਰੀਆਂ ਦੀ ਪਹਿਚਾਣ ਅਤੇ ਕੰਟਰੋਲ ਵਿਚ ਮਹਤੱਵਪੂਰਣ ਭੂਮਿਕਾ ਨਿਭਾਏਗਾ।

# ਮੰਨਣਹਾਨਾ ਵਿਖੇ ਬਰਸੀ ਮੌਕੇ ਕਰਵਾਏ ਤਿੰਨ ਰੋਜ਼ਾ ਦੋਹਰੇ ਕੁਸ਼ਤੀ ਮੁਕਾਬਲੇ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**

108 ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੀ ਸਾਲਾਨਾ ਬਰਸੀ ਮੌਕੇ ਉਹਨਾਂ ਦੀ ਯਾਦ ਵਿੱਚ ਦੋਹਰੇ ਅੰਤਰਰਾਸ਼ਟਰੀ ਗੱਭਰੂਆਂ ਦੇ 39ਵੇਂ ਅਤੇ ਮੁਟਿਆਰਾਂ ਦੇ 27ਵੇਂ ਭਾਰਤ ਕੇਸਰੀ ਕੁਸ਼ਤੀ ਮੁਕਾਬਲੇ ਡੇਰਾ ਮੰਨਣਹਾਨਾ ਵਿਖੇ ਗੱਦੀਨਸ਼ੀਨ ਸੰਤ ਬਾਬਾ ਅਮਰੀਕ ਸਿੰਘ ਦੀ ਰਹਿਨੁਮਾਈ ਹੇਠ ਕਰਵਾਏ ਗਏ।ਸਾਬਕਾ ਇੰਟਰਨੈਸ਼ਨਲ ਕੁਸ਼ਤੀ ਕੋਚ ਪੀ.ਆਰ. ਸੋਂਧੀ ਦੀ ਦੇਖਰੇਖ ਹੇਠ ਕਰਵਾਏ ਇਸ ਦੰਗਲ ਦੌਰਾਨ +90 ਕਿਲੋਗ੍ਰਾਮ ਭਾਰ ਵਰਗ ਵਿਚ ਪੁਸ਼ਪਿੰਦਰ ਸਿੰਘ ਨੇਵੀ ਨੇ ਭਾਰਤ ਕੇਸਰੀ ਅਤੇ +85 ਭਾਰ ਵਰਗ ਵਿਚ ਰੌਣਕ ਦਿੱਲੀ ਨੇ ਭਾਰਤ ਕੁਮਾਰ ਦਾ ਟਾਈਟਲ ਆਪਣੇ ਨਾਂਅ ਕੀਤਾ। ਜਿਹਨਾਂ ਨੂੰ ਕ੍ਰਮਵਾਰ 1 ਲੱਖ 51 ਹਜਾਰ ਅਤੇ 21 ਹਜਾਰ ਰੁਪਏ ਨਗਦ ਤੇ ਟਰਾਫੀਆਂ ਨਾਲ ਨਵਾਜਿਆ ਗਿਆ। ਇਸੇ ਤਰ੍ਹਾਂ ਲੜਕੀਆਂ ਦੇ ਭਾਰਤ ਕੇਸਰੀ ਦਾ ਟਾਈਟਲ ਜਿੱਤਣ ਵਾਲੀ ਪਹਿਲਵਾਨ ਕਿਰਨ ਹੁੱਡਾ ਰੋਹਤਕ ਨੂੰ 51 ਹਜਾਰ ਰੁਪਏ ਨਗਦ ਅਤੇ ਟਰਾਫੀ ਜਦਕਿ ਭਾਰਤ ਕੁਮਾਰੀ ਦਾ ਟਾਈਟਲ ਜਿੱਤਣ 'ਤੇ ਆਰਤੀ ਰੋਹਤਕ ਨੂੰ 15 ਹਜਾਰ ਰੁਪਏ ਨਗਦ ਅਤੇ ਟਰਾਫੀ ਭੇਂਟ ਕੀਤੀ ਗਈ। ਇਸ ਤੋਂ ਇਲਾਵਾ ਸ਼ੇਰ-ਏ-ਹਿੰਦ ਸੰਦੀਪ ਭਗਤਾ ਭਾਈ ਕਾ ਨੂੰ ਟਰਾਫੀ ਦੇ ਨਾਲ 40 ਹਜਾਰ ਰੁਪਏ ਨਗਦ, ਆਫਤਾਬ-ਏ-ਹਿੰਦ ਰਿਸ਼ਨ ਮਾਨਸਾ ਨੂੰ 21 ਹਜਾਰ ਰੁਪਏ ਨਗਦ ਤੇ ਟਰਾਫੀ, ਸਿਤਾਰ-ਏ-ਹਿੰਦ ਸਾਹਿਲ ਅੰਮ੍ਰਿਤਸਰ ਨੂੰ 18 ਹਜਾਰ ਰੁਪਏ ਨਗਦ ਅਤੇ ਟਰਾਫੀ ਭੇਂਟ ਕੀਤੇ ਗਏ। ਪੰਜਾਬ ਕੁਮਾਰ ਅੰਡਰ-17 ਅਰਸ਼ਦੀਪ ਪਟਿਆਲਾ ਨੂੰ 10 ਹਜਾਰ ਰੁਪਏ ਨਗਦ ਜਦਕਿ ਲੜਕੀਆਂ ਦੇ ਪੰਜਾਬ ਕੁਮਾਰੀ ਅੰਡਰ-17 ਮੁਕਾਬਲੇ ਦੀ ਜੇਤੂ ਕਨਕ ਜਲੰਧਰ ਨੂੰ ਵੀ 10 ਹਜਾਰ ਰੁਪਏ ਨਗਦ ਇਨਾਮ ਨਾਲ ਨਵਾਜਿਆ ਗਿਆ। ਇਸ ਦੌਰਾਨ ਪ੍ਰਿੰਸੀਪਲ ਬਲਵੰਤ ਸਿੰਘ ਅਤੇ ਪ੍ਰੋਫੈਸਰ ਰਜਿੰਦਰ ਸਿੰਘ ਨੂੰ ਐਚ.ਐਮ. ਬਿਲਗਾ ਖੇਡ ਸਾਹਿੱਤਕਾਰ ਐਵਾਰਡ 2025 ਪ੍ਰਦਾਨ ਕੀਤਾ ਗਿਆ। ਜਿਸਦੇ ਸਪੌਂਸਰ ਗੁਰਪਾਲ ਸਿੰਘ ਤੱਖਰ ਯੂ.ਐਸ.ਏ. ਸਨ। ਇਸੇ ਤਰ੍ਹਾਂ ਰਾਸ਼ਟਰੀ ਪੱਧਰ 'ਤੇ ਸਿਲਵਰ ਮੈਡਲ ਜਿੱਤਣ ਵਾਲੇ ਪਹਿਲਵਾਨ ਅਭਿਮਨਿਊ ਨੂੰ ਦੇਵ ਆਨੰਦ ਯਾਦਗਾਰੀ ਰੈਸਲਰ ਅਵਾਰਡ ਜਦਕਿ ਰਾਸ਼ਟਰੀ ਪੱਧਰ 'ਤੇ ਸਿਲਵਰ ਮੈਡਲ ਹਾਸਲ ਕਰਨ ਵਾਲੀ ਪਹਿਲਵਾਨ ਜਸ਼ਨਬੀਰ ਕੌਰ ਨੂੰ ਖੁਰਸ਼ੀਦ ਮੁਖਤਾਰ ਯਾਦਗਾਰੀ ਬੈਸਟ ਵੂਮੈਨ ਰੈਸਲਰ ਅਵਾਰਡ ਨਾਲ ਨਵਾਜਿਆ ਗਿਆ। ਇਹਨਾਂ ਦੋਵੇਂ ਐਵਾਰਡਾਂ ਦੇ ਸਪੌਂਸਰ ਸਤਨਾਮ ਸਿੰਘ ਯੂ.ਐਸ.ਏ. ਸਨ। ਕੁਸ਼ਤੀ ਕੋਚ ਪੀ.ਆਰ. ਸੋਂਧੀ ਨੇ ਦੱਸਿਆ ਕਿ ਇਸ ਵਾਰ ਚੰਡੀਗੜ੍ਹ, ਹਰਿਆਣਾ, ਯੂ.ਪੀ., ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਦਿੱਲੀ ਤੋਂ ਇਲਾਵਾ ਈਰਾਨ, ਕਨੇਡਾ ਦੇ 200 ਤੋਂ ਵੱਧ ਪਹਿਲਵਾਨਾਂ ਨੇ ਕੁਸ਼ਤੀ ਦੰਗਲ ਵਿਚ ਹਿੱਸਾ ਲਿਆ।ਸੇਵਾਦਾਰ ਸੰਦੀਪ ਸੈਂਡੀ ਨੇ ਸਮੂਹ ਮਹਿਮਾਨਾਂ, ਪਤਵੰਤਿਆਂ, ਪਹਿਲਵਾਨਾਂ ਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਜੋਰਾਵਰ ਸਿੰਘ ਚੌਹਾਨ ਡਿਪਟੀ ਡਾਇਰੈਕਟਰ ਸਪੋਰਟਸ, ਅੰਤਰਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ, ਕੋਚ ਰਵਿੰਦਰ ਨਾਥ, ਰਾਜ ਕੁਮਾਰ, ਡੀ.ਪੀ.ਈ. ਜੀਵਨ, ਬੀ.ਐਸ.ਬਾਗਲਾ, ਕੋਚ ਜਤਿਨ ਸ਼ੁਕਲਾ, ਸਾਜਨ, ਸੁਖਵਿੰਦਰ, ਅਕਾਸ਼, ਸੁਖਵਿੰਦਰ, ਮਨਪ੍ਰੀਤ, ਸੁਭਾਸ਼ ਮਲਿਕ ਪਟਿਆਲਾ, ਸਾਹਿਲ, ਗੀਤ ਪ੍ਰੀਤ ਪਾਲ ਸਿੰਘ ਪੀ.ਆਰ.ਓ. ਪੰਜਾਬ ਰੈਸਲਿੰਗ ਐਸੋਸੀਏਸ਼ਨ ਆਦਿ ਹਾਜਰ ਸਨ।



# ਗੁਰੂ ਨਾਨਕ ਸੋਸ਼ਲ ਵੈੱਲਫੇਅਰ ਸੁਸਾਇਟੀ ਵੱਲੋਂ ਮੈਡੀਕਲ ਜਾਂਚ ਤੇ ਸਵੈ-ਇਛੁੱਕ ਖ਼ੂਨਦਾਨ ਕੈਂਪ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਇੱਥੋਂ ਨਜਦੀਕ ਬਰਨਾਲਾ ਚੌਂਕ ਕੋਲ ਗੁੱਗਾ ਮੜੀਆਂ ਸਥਾਨ 'ਤੇ ਗੁਰੂ ਨਾਨਕ ਸੋਸ਼ਲ ਵੈਲਫੇਅਰ ਸੋਸਾਇਟੀ ਬਰਨਾਲਾ ਕਲਾਂ ਵਲੋਂ ਨਗਰ ਨਿਵਾਸੀਆਂ ਅਤੇ ਐਨ.ਆਰ.ਆਈ ਭਾਈਚਾਰੇ ਦੇ ਸਹਿਯੋਗ ਨਾਲ ਮੁਫਤ ਡਾਕਟਰੀ ਜਾਂਚ ਤੇ ਸਵੈ-ਇਛੁੱਕ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਦਾ ਉਦਘਾਟਨ ਸਾਬਕਾ ਐਮ.ਐਲ.ਏ ਅੰਗਦ ਸਿੰਘ ਨੇ ਕੀਤਾ। ਮੈਡੀਕਲ ਜਾਂਚ ਦੀ ਸੇਵਾ ਲਿਵਾਸਾ ਹਸਪਤਾਲ ਦੇ ਡਾ. ਜਾਸਮੀਨ ਦੀ ਤਕਨੀਕੀ ਅਗਵਾਈ ਵਿੱਚ ਨਿਭਾਈ ਗਈ ਜਿਸ ਵਿੱਚ 40 ਮਰੀਜ਼ਾਂ ਦੀ ਜਾਂਚ ਕੀਤੀ ਗਈ ਤੇ ਦਵਾਈ ਦਿੱਤੀ ਗਈ। ਜਦਕਿ ਬੀ.ਡੀ.ਸੀ ਬਲੱਡ ਸੈਂਟਰ ਦੇ ਤਕਨੀਕੀ ਸਟਾਫ ਵਲੋਂ ਡਾ.ਹਰਪਾਲ ਸਿੰਘ ਦੀ ਅਗਵਾਈ ਵਿੱਚ 30 ਬਲੱਡ ਯੂਨਿਟ ਪ੍ਰਾਪਤ ਕੀਤੇ ਗਏ। ਇਸ ਮੌਕੇ ਸਾਬਕਾ ਐਮ.ਐਲ.ਏ.ਅੰਗਦ ਸਿੰਘ ਨੇ ਖੂਨਦਾਨੀਆਂ ਨੂੰ ਸਨਮਾਨਿਤ ਕਰਦਿਆਂ ਆਖਿਆ ਕਿ ਸਿਹਤ ਪੱਖੋਂ ਤੰਦਰੁਸਤ ਤੇ ਡਾਕਟਰੀ ਸ਼ਰਤਾਂ ਪੂਰੀਆਂ ਕਰਨ ਵਾਲ਼ੇ ਹਰ ਵਿਅਕਤੀ ਨੂੰ ਇਹ ਉੱਚੀ ਸੁੱਚੀ ਸੇਵਾ ਕਰਨੀ ਚਾਹੀਦੀ ਹੈ। ਕੈਨੇਡਾ ਤੋਂ ਸੋਸਾਇਟੀ ਦੇ ਸਰਪ੍ਰਸਤ ਬਲਵੀਰ ਸਿੰਘ ਵਲੋਂ ਖੂਨਦਾਨੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰਧਾਨ ਰਘਵੀਰ ਸਿੰਘ ਪਾਬਲਾ, ਸਕੱਤਰ ਬਲਵੰਤ ਸਿੰਘ ਪਾਬਲਾ, ਖਜਾਨਚੀ ਮਾਸਟਰ ਹਰਭਜਨ ਸਿੰਘ ਅਤੇ ਮੀਤ ਪ੍ਰਧਾਨ ਤਰਸੇਮ ਸਿੰਘ, ਹਰਬੰਸ ਸਿੰਘ ਐਸ.ਡੀ.ਓ, ਲਖਵੀਰ ਸਿੰਘ, ਸਰਪੰਚ ਹਰਮਨਜੀਤ ਸਿੰਘ, ਹਰਦਿਆਲ ਸਿੰਘ, ਬਾਬਾ ਧਰਮਪਾਲ ਸਿੰਘ, ਹਰਜਿੰਦਰ ਸਿੰਘ ਅਤੇ ਬੀ.ਡੀ.ਸੀ ਬਲੱਡ ਸੈਂਟਰ ਦੇ ਸਕੱਤਰ ਜੇ.ਐਸ.ਗਿੱਦਾ ਹਾਜਰ ਸਨ।




# ਲਾਇਨਜ਼ ਆਈ ਹਸਪਤਾਲ ਵਿਖੇ ਹੋਏ ਅਲਟਰਾ ਮਾਡਰਨ ਵਿਧੀ ਰਾਹੀਂ ਅਪ੍ਰੇਸ਼ਨ



**ਆਦਮਪੁਰ (ਪਰਮਜੀਤ ਸਿੰਘ)**

ਲਾਇਨਜ ਕਲੱਬ ਆਦਮਪੁਰ ਦੋਆਬਾ ਵੱਲੋਂ ਕਵੈਂਟਰੀ ਫੀਨਿਕਸ ਲਾਇਨਜ ਕਲੱਬ ਅਤੇ ਲਾਇਨਜ ਕਲੱਬ ਇੰਟਰਨੈਸ਼ਨਲ ਡਿਸਟ੍ਰਿਕਟ 105 (ਸੀ.ਡਬਲਿਊ) ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ ਸਫਲਤਾ ਪੂਰਵਕ ਸਮਾਪਤ ਹੋਇਆ।ਸਮਾਪਤੀ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਕਪੂਰਥਲਾ ਤੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਸ਼ਿਰਕਤ ਕੀਤੀ। ਕਵੈਂਟਰੀ ਫੀਨਿਕਸ ਲਾਇਨਜ ਕਲੱਬ ਦੇ ਪ੍ਰਧਾਨ ਮਨਜੀਤ ਕੌਰ ਰਾਏ,ਜ਼ਿਲ੍ਹਾ ਗਵਰਨਰ ਸਟੂ ਯੰਗ,ਖਜਾਨਚੀ ਤਰਲੋਚਨ ਸਿੰਘ,ਸਕੱਤਰ ਅਮਨਪ੍ਰੀਤ ਰਾਏ,ਮਹਿੰਦਰ ਸਿੰਘ ਸਮਰਾ, ਸੁਰਿੰਦਰ ਸਿੰਘ ਹੁਲੈਟ, ਲਾਇਨ ਜੇਬੀ ਸਿੰਘ ਚੌਧਰੀ ( ਅੰਬੈਸਡਰ ਆਫ ਗੁਡਵਿੱਲ) ਦੀਪਕ ਮਿੱਤਲ (ਤਾਰਾ ਸੰਸਥਾਵਾ ਉਦੇਪੁਰ) ਨੇ ਸ਼ਿਰਕਤ ਕੀਤੀ । ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਬੜੀ ਖੁਸ਼ੀ ਹੁੰਦੀ ਹੈ ਇਹ ਵੇਖ ਕੇ ਲਾਇਨਜ਼ ਕਲੱਬ ਕਿਸ ਤਰੀਕੇ ਨਾਲ ਲੜੀਵਾਰ ਅੰਤਰਰਾਸ਼ਟਰੀ ਪੱਧਰ 'ਤੇ ਸਮਾਜ ਸੇਵਾ ਦੇ ਕੰਮ ਕਰ ਰਿਹਾ ਹੈ। ਇਸ ਮੌਕੇ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ,ਕਲੱਬ ਦੇ ਪ੍ਰਧਾਨ ਕੁਲਵੀਰ ਸਿੰਘ ਅਤੇ ਵਾਈਸ ਚੇਅਰਮੈਨ ਅਮਰਜੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਹੁਣ ਤੱਕ 910 ਦੇ ਕਰੀਬ ਅਪਰੇਸ਼ਨ ਕੀਤੇ ਜਾ ਚੁੱਕੇ ਹਨ ਅਤੇ ਟੀਚੇ ਮੁਤਾਬਿਕ ਬਾਕੀ ਰਹਿੰਦੇ 100 ਅਪਰੇਸ਼ਨ ਵੀ ਜਲਦ ਹੀ ਕਰ ਦਿੱਤੇ ਜਾਣਗੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਕਲੱਬ ਦੇ ਮੈਂਬਰਾਂ ਵਿੱਚ ਸਕੱਤਰ ਰਜਿੰਦਰ ਪ੍ਰਸ਼ਾਦ,ਖਜਾਨਚੀ ਵਿਨੋਦ ਟੰਡਨ,ਜਗਦੀਸ਼ ਪਸਰੀਚਾ,ਰਘਵੀਰ ਸਿੰਘ ਵਿਰਦੀ,ਜਸਵੀਰ ਸਿੰਘ,ਅਮਰ ਸਿੰਘ,ਗੋਵਿੰਦਰ ਵਰਮਾਂ,ਬਲਰਾਮ ਵਰਮਾਂ,ਖੜਕ ਸਿੰਘ,ਅੰਮ੍ਰਿਤਪਾਲ ਸਿੰਘ,ਹਰਵਿੰਦਰ ਪ੍ਰਹਾਰ,ਕਰਨਲ ਮੋਹਨ ਲਾਲ ਸ਼ਾਰਦਾ,ਡਾਕਟਰ ਸੁਮੀਤ ਵਰਮਾਂ,ਕਮਲਜੀਤ ਸਿੰਘ,ਅਕਸ਼ਰਦੀਪ ਸ਼ਰਮਾ,ਸੰਦੀਪ ਕੁਮਾਰ,ਗੁਰੂ ਨਾਨਕ ਸਭਾ ਆਦਮਪੁਰ,ਰਾਧਾ ਸੁਆਮੀ ਡੇਰਾ ਤੋਂ ਸੇਵਾਦਾਰ ਅਤੇ ਹੋਰ ਹਾਜਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮਰਹੂਮ ਦੇਵ ਰਾਜ ਕਰੀਹਾ ਨੂੰ ਸ਼ਰਧਾਂਜਲੀਆਂ ਭੇਟ



**ਬੰਗਾ (ਅਵਤਾਰ ਕਲੇਰ)**

ਪਿੰਡ ਕਰੀਹਾ ਦੇ ਗੁਰਦੁਆਰਾ ਸਾਹਿਬ ਵਿਖੇ ਪੇਂਡੂ ਮਜ਼ਦੂਰ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਾਬਕਾ ਸਕੱਤਰ ਮਰਹੂਮ ਦੇਵ ਰਾਜ ਕਰੀਹਾ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ । ਸੀ.ਪੀ.ਆਈ (ਐਮ. ਐਲ) ਨਿਊਡੈਮੋਕ੍ਰੇਸੀ ਪੰਜਾਬ ਦੇ ਸੀਨੀਅਰ ਆਗੂ ਕਾਮਰੇਡ ਦਰਸ਼ਨ ਸਿੰਘ ਖਟਕੜ ਅਤੇ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਕਾਮਰੇਡ ਦੇਵ ਰਾਜ ਕਰੀਹਾ ਉਮਰ ਭਰ ਉਹਨਾਂ ਦੀ ਪਾਰਟੀ ਨਾਲ ਜੁੜੇ ਰਹੇ।ਉਨ੍ਹਾਂ ਦੀ ਅਗਵਾਈ ਵਿੱਚ ਪਿੰਡ ਕਰੀਹਾ ਦੇ ਮਜ਼ਦੂਰਾਂ ਲਈ ਸਾਲ 1996 ਵਿੱਚ ਕਲੋਨੀਆਂ ਦਾ ਘੋਲ ਲੜਿਆ ਗਿਆ। ਜਿਸ ਵਿੱਚ ਕਰੀਹਾ ਦੇ ਮਜ਼ਦੂਰਾਂ ਦੀ ਜਿੱਤ ਹੋਈ ਅਤੇ ਕਲੋਨੀਆਂ ਸਾਲ 1999 ਵਿੱਚ ਮਜਦੂਰਾਂ ਨੂੰ ਮਿਲ ਗਈਆਂ।1996 ਵਿੱਚ ਪਿੰਡ ਦੇ ਧਨਾਢ ਚੌਧਰੀਆਂ ਨੇ ਮਜਦੂਰਾਂ ਕੋਲੋਂ ਜਮੀਨ ਵਾਪਸ ਲੈਣ ਦੀ ਕੋਸ਼ਿਸ਼ ਕੀਤੀ।ਕਈ ਤਰ੍ਹਾਂ ਦੇ ਹੱਥਕੰਡੇ ਵਰਤੇ ਗਏ ਪਰ ਉਹ ਮਜਦੂਰਾਂ ਕੋਲੋਂ ਇਹ ਜਮੀਨ ਨਾ ਖੋਹ ਸਕੇ। ਇਸ ਘੋਲ ਕਾਰਨ ਅਤੇ ਮਜਦੂਰਾਂ ਦੇ ਹਿੱਤਾਂ ਲਈ ਲੜੇ ਗਏ ਹੋਰ ਸੰਘਰਸ਼ਾਂ ਕਾਰਨ ਦੇਵ ਰਾਜ ਕਰੀਹਾ ਨੂੰ ਸਦਾ ਯਾਦ ਰੱਖਿਆ ਜਾਵੇਗਾ। ਦੇਵ ਰਾਜ ਕਰੀਹਾ ਕਾਫੀ ਸਮੇਂ ਤੋਂ ਗੁਰਦਿਆਂ ਦੀ ਬਿਮਾਰੀ ਤੋਂ ਪੀੜ੍ਹਤ ਸਨ ਅਤੇ 9 ਮਾਰਚ ਨੂੰ ਉਹਨਾਂ ਦਾ ਦੇਹਾਂਤ ਹੋ ਗਿਆ ਸੀ।ਇਸ ਤੋਂ ਪਹਿਲਾਂ ਉਨ੍ਹਾਂ ਦੇ ਇਕਲੌਤੇ ਪੁੱਤਰ ਸਰਬਜੀਤ ਸਾਬੀ ਦੀ ਕੈਂਸਰ ਕਾਰਨ ਮੌਤ ਹੋ ਗਈ ਸੀ, ਜਿਸ ਦਾ ਉਨ੍ਹਾਂ ਦੇ ਮਨ ਵਿੱਚ ਵੱਡਾ ਦੁੱਖ ਸੀ।ਇਸ ਮੌਕੇ ਮੰਚ ਸੰਚਾਲਨ ਹਰੀ ਰਾਮ ਰਸੂਲਪੁਰੀ ਨੇ ਕੀਤਾ।

## ਪੰਜਾਬ ਨੰਬਰਦਾਰ ਯੂਨੀਅਨ ਨੇ ਡੀ ਸੀ ਨੂੰ ਮੰਗ ਪੱਤਰ ਸੌਂਪਿਆ



**ਫਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**-ਨੰਬਰਦਾਰ ਯੂਨੀਅਨ ਤਹਿਸੀਲ ਫਿਰੋਜ਼ਪੁਰ ਦੇ ਅਹੁਦੇਦਾਰਾਂ ਦੀ ਇੱਕ ਮੀਟਿੰਗ ਤਹਿਸੀਲ ਕੰਪਲੈਕਸ ਵਿਖੇ ਪ੍ਰਧਾਨ ਸੁਖਰਾਜ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮਹੱਤਵਪੂਰਨ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਨੰਬਰਦਾਰਾਂ ਦੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਡੀ ਸੀ ਦੀਪਸ਼ਿਖਾ ਸ਼ਰਮਾ ਨੂੰ ਸੌਂਪਿਆ ਗਿਆ।ਨੰਬਰਦਾਰਾਂ ਨੇ ਡੀ ਸੀ ਫਿਰੋਜ਼ਪੁਰ ਨੂੰ ਦੱਸਿਆ ਕਿ ਪਿੰਡਾਂ ਵਿੱਚ ਜ਼ਮੀਨ ਤੇ ਹੋਰ ਜਾਇਦਾਦਾਂ ਦੀ ਰਜਿਸਟ੍ਰੇਸ਼ਨ ਸਮੇਂ ਪਛਾਣ ਸਿਰਫ਼ ਨੰਬਰਦਾਰ ਦੁਆਰਾ ਹੀ ਕੀਤੀ ਜਾ ਸਕਦੀ ਹੈ, ਪਰ ਇਸ ਵੇਲੇ ਕਈ ਪਿੰਡ ਜਾਂ ਸ਼ਹਿਰ ਵਾਸੀ ਵਕੀਲਾਂ ਦੁਆਰਾ ਪਛਾਣ ਕਰਵਾ ਰਹੇ ਹਨ, ਜੋ ਕਿ ਗਲਤ ਹੈ, ਇਸ ਲਈ ਤਹਿਸੀਲਦਾਰਾਂ ਨੂੰ ਹੁਕਮ ਦਿੱਤਾ ਜਾਵੇ ਕਿ ਰਜਿਸਟਰੀਆਂ ਵਿੱਚ ਪਛਾਣ ਸਿਰਫ਼ ਨੰਬਰਦਾਰਾਂ ਦੁਆਰਾ ਹੀ ਕੀਤੀ ਜਾਵੇ।ਇਸ ਦੇ ਨਾਲ ਹੀ ਡੀ ਸੀ ਫਿਰੋਜ਼ਪੁਰ ਤੋਂ ਮੰਗ ਕੀਤੀ ਗਈ ਕਿ ਨਵੇਂ ਨੰਬਰਦਾਰਾਂ ਦੀ ਨਿਯੁਕਤੀ ਕਰਦੇ ਸਮੇਂ ਨੰਬਰਦਾਰਾਂ ਦੇ ਪੁੱਤਰਾਂ ਨੂੰ ਪਹਿਲ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਦੀ ਪੁਰਖਿਆਂ ਦੀ ਮੰਗ ਪੂਰੀ ਹੋ ਸਕੇ। ਇਸ ਦੌਰਾਨ ਯੂਨੀਅਨ ਆਗੂਆਂ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਸਰਕਾਰ ਦੀ ਮੁਹਿੰਮ ਨੂੰ ਸਫਲ ਬਣਾਉਣ ਲਈ ਨੰਬਰਦਾਰਾਂ ਨੇ ਪ੍ਰਣ ਕੀਤਾ ਹੈ ਕਿ ਉਹ ਕਿਸੇ ਨਸ਼ਾ ਤਸਕਰ ਦੀ ਜ਼ਮਾਨਤ ਜਾਂ ਸ਼ਨਾਖਤ ਨਹੀਂ ਕਰਨਗੇ। ਕਿਸੇ ਵੀ ਨਸ਼ਾ ਤਸਕਰ ਦੀ ਸਹਾਈ ਪੁਲਸ ਕੋਲ ਨਹੀਂ ਦੇਣ ਜਾਵਾਂਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਨੀਅਨ ਆਗੂ ਰਾਜੇਸ਼ ਕੁਮਾਰ ਜਨਰਲ ਸਕੱਤਰ, ਜ਼ਿਲ੍ਹਾ ਪ੍ਰੈੱਸ ਸਕੱਤਰ ਪਰਮਜੀਤ ਸੋਢੀ, ਸੁਖਮਿੰਦਰ ਸਿੰਘ, ਜਗਸੀਰ ਸਿੰਘ, ਜਗਰੂਪ ਸਿੰਘ, ਸੁਖਬੀਰ ਸਿੰਘ, ਗੁਰਨਾਮ ਸਿੰਘ ਆਦਿ ਹਾਜ਼ਰ ਸਨ।

## ਠੇਕਾ ਮੁਲਾਜ਼ਮਾਂ ਵੱਲੋਂ ਖੰਨਾ ਰੈਲੀ ਦੀਆਂ ਤਿਆਰੀਆਂ ਮੁਕੰਮਲ : ਮੋਰਚਾ ਆਗੂ

### ਰੈਲੀ 'ਚ ਪਰਵਾਰਾਂ ਦੀ ਸ਼ਮੂਲੀਅਤ ਲਈ ਲਾਇਆ ਜਾ ਰਿਹੈ ਪੂਰਾ ਤਾਣ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਬਲਿਹਾਰ ਸਿੰਘ ਕਟਾਰੀਆ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਪਵਨਦੀਪ ਸਿੰਘ, ਸ਼ੇਰ ਸਿੰਘ ਖੰਨਾ, ਸਿਮਰਨਜੀਤ ਸਿੰਘ ਨੀਲੋਂ, ਜਸਪ੍ਰੀਤ ਸਿੰਘ ਗਗਨ ਤੇ ਸੁਰਿੰਦਰ ਕੁਮਾਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਕਾਰਪੋਰੇਟ-ਪੱਖੀ ਵਤੀਰੇ ਨੂੰ ਵੇਖਦਿਆਂ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਵੱਲੋਂ 21 ਮਾਰਚ ਨੂੰ ਦਾਣਾ ਮੰਡੀ ਖੰਨਾ ਵਿਖੇ ਕੀਤੀ ਜਾ ਰਹੀ ਰੋਹ ਭਰਪੂਰ ਸੂਬਾ ਪੱਧਰੀ ਰੈਲੀ ਦੀਆਂ ਪੰਜਾਬ-ਭਰ ਵਿੱਚ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਟੀਮਾਂ ਬਣਾ ਕੇ ਠੇਕਾ ਮੁਲਾਜ਼ਮਾਂ ਦੇ ਘਰ-ਘਰ ਜਾ ਕੇ ਪਰਵਾਰ ਦੇ ਸਾਰੇ ਜੀਆਂ ਦੀ ਰੈਲੀ ਵਿੱਚ ਸ਼ਮੂਲੀਅਤ ਕਰਵਾਉਣ ਤਹਿਤ ਪਰਵਾਰਾਂ ਵਿੱਚ ਧੀਆਂ-ਭੈਣਾਂ ਤੇ ਮਾਵਾਂ ਵੱਲੋਂ ਘਰ-ਘਰ ਜਾ ਕੇ ਅਤੇ ਸੋਸ਼ਲ ਮੀਡੀਆ ਰਾਹੀਂ ਆਪਣੇ ਸੰਦੇਸ਼ ਭੇਜ ਕੇ ਰੈਲੀ ਵਿੱਚ ਪਰਵਾਰਾਂ ਦੀ ਸ਼ਮੂਲੀਅਤ ਲਈ ਪੂਰਾ ਤਾਣ ਲਾਇਆ ਜਾ ਰਿਹਾ ਹੈ।ਛੋਟੇ-ਛੋਟੇ ਬੱਚੇ ਵੀ ਖੰਨਾ ਰੈਲੀ ਦਾ ਸੋਸ਼ਲ ਮੀਡੀਆ ਰਾਹੀਂ ਲੋਕਾਂ ਤੱਕ ਅੱਗੇ ਹੋ ਕੇ ਸੁਨੇਹਾ ਵੰਡ ਰਹੇ ਹਨ। ਇਨ੍ਹਾਂ ਤਿਆਰੀਆਂ ਮੁਤਾਬਕ ਖੰਨਾ ਰੈਲੀ ਸਫ਼ਲ ਹੋਵੇਗੀ ਤੇ ਪਿਛਲੇ ਤਿੰਨ ਸਾਲਾਂ ਦੇ ਅਰਸੇ ਵਿੱਚ ਗੱਲਬਾਤ ਕਰਨ ਤੋਂ ਇਨਕਾਰੀ ਪੰਜਾਬ ਦੀ 'ਆਪ ਸਰਕਾਰ' ਨੂੰ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰੇਗੀ। ਆਗੂਆਂ ਨੇ ਕਿਹਾ ਕਿ ਭਰਾਤਰੀ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਕਿਸਾਨ-ਮਜ਼ਦੂਰ ਯੂਨੀਅਨ ਫਿਰੋਜ਼ਪੁਰ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ) ਪੰਜਾਬ, ਖੰਨਾ ਮਜ਼ਦੂਰ ਯੂਨੀਅਨ, ਇਨਕਲਾਬੀ ਜਮਹੂਰੀ ਫਰੰਟ ਪੰਜਾਬ, ਡੈਮੋਕ੍ਰੇਟਿਕ ਟੀਚਰ ਫਰੰਟ ਪੰਜਾਬ, ਲੋਕ ਮੋਰਚਾ ਪੰਜਾਬ ਤੇ ਸਟੀਲ ਮੋਲਡਰ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਖੰਨਾ ਰੈਲੀ ਲਈ ਸਮਰਥਨ ਜੁਟਾਉਣ ਦਾ ਐਲਾਨ ਕੀਤਾ ਗਿਆ ਹੈ। ਭਰਾਤਰੀ ਜਥੇਬੰਦੀਆਂ ਦਾ ਸਮਰਥਨ ਇਸ ਰੈਲੀ ਦੀ ਸਫਲਤਾ ਨੂੰ ਚਾਰ ਚੰਨ ਲਾਉਣ ਦਾ ਕੰਮ ਕਰੇਗਾ। ਮੋਰਚੇ ਦੀ ਲੀਡਰਸ਼ਿਪ ਨੇ ਸਹਿਯੋਗ ਲਈ ਉਕਤ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਸਮੂਹ ਸਰਕਾਰੀ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੇ ਵਿਰੋਧ ਵਜੋਂ ਖੰਨਾ ਰੈਲੀ ਨੂੰ ਸਫ਼ਲ ਬਣਾਉਣ ਲਈ ਬਾਕੀ ਰਹਿੰਦੇ ਦਿਨਾਂ ਵਿੱਚ ਆਪਣਾ ਪੂਰਾ ਤਾਣ ਲਾਇਆ ਜਾਵੇ।

## ਸੜਕ ਹਾਦਸੇ 'ਚ ਇੱਕ ਦੀ ਮੌਤ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਆਸਲ ਦੇ ਭੱਠੇ ਦੇ ਸਾਹਮਣੇ ਹੋਏ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਬੋਹੜ ਸਿੰਘ ਪੁੱਤਰ ਚੰਧਰੀ ਵਾਸੀ ਪਿੰਡ ਹਸਤੀ ਵਾਲਾ ਨੇ ਦੱਸਿਆ ਕਿ ਉਸ ਦਾ ਭਰਾ ਹਰਜੀਤ ਸਿੰਘ (34 ਸਾਲ) ਆਪਣਾ ਟਰੈਕਟਰ ਭੱਠੇ 'ਤੇ ਰੋਕ ਕੇ ਭੱਠੇ ਤੋਂ ਕਿਸੇ ਦਾ ਮੋਟਰਸਾਈਕਲ ਲੈ ਕੇ ਘਰੇਲੂ ਕੰਮ ਕਾਰ ਲਈ ਸਿਟੀ ਫਿਰੋਜ਼ਪੁਰ ਜਾ ਰਿਹਾ ਸੀ। ਜਦ ਉਹ ਪਿੰਡ ਆਸਲ ਦੇ ਭੱਠੇ ਕੋਲ ਪੁੱਜਾ ਤਾਂ ਕੋਈ ਅਣਪਛਾਤਾ ਵਹੀਕਲ ਉਸ ਦੇ ਮੋਟਰਸਾਈਕਲ ਨਾਲ ਐਕਸੀਡੈਂਟ ਕਰ ਗਿਆ। ਇਸ ਹਾਦਸੇ ਵਿੱਚ ਹਰਜੀਤ ਸਿੰਘ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਇਸ ਮਾਮਲੇ ਦੀ ਪੜਤਾਲ ਕਰ ਰਹੇ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਤੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਫਿਨਲੈਂਡ ਭੇਜੇ 72 ਅਧਿਆਪਕਾਂ 'ਚ ਇੱਕ ਜਗਰਾਉਂ ਦੀ ਮੈਡਮ ਸ਼ਾਮਲ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਵਧੀਆ ਬਣਾਉਣ ਦੇ ਨਾਲ-ਨਾਲ ਉੱਚੀ ਸਿੱਖਿਆ ਲਈ ਸਮੇਂ-ਸਮੇਂ 'ਤੇ ਅਹਿਮ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਸਰਕਾਰ ਵੱਲੋਂ ਪੰਜਾਬ ਦੇ ਵੱਖ-ਵੱਖ 72 ਸਰਕਾਰੀ ਅਧਿਆਪਕਾਂ ਨੂੰ ਟ੍ਰੇਨਿੰਗ ਲਈ ਫਿਨਲੈਂਡ ਰਵਾਨਾ ਕੀਤਾ। ਇਨ੍ਹਾਂ 72 ਅਧਿਆਪਕਾਂ 'ਚੋਂ ਇੱਕ ਅਧਿਆਪਕ ਜਗਰਾਉਂ ਦੇ ਸਰਕਾਰੀ ਸੈਂਟਰਲ ਸਕੂਲ (ਮੁੰਡੇ) ਘਾਹ ਮੰਡੀ ਤੋਂ ਮੈਡਮ ਮਧੂ ਬਾਲਾ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਰਵਾਨਾ ਕੀਤਾ ਗਿਆ। ਇਸ ਮੌਕੇ ਅਧਿਆਪਕਾ ਮਧੂ ਬਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਬਹੁਤ ਵਧੀਆ ਉਪਰਾਲਾ ਹੈ, ਜਿਸ ਨਾਲ ਅਧਿਆਪਕਾਂ ਨੂੰ ਕੁਝ ਸਿੱਖਣ ਨੂੰ ਮਿਲਦਾ ਹੈ ਤੇ ਉਹ ਸਭ ਕੁਝ ਸਕੂਲਾਂ 'ਚ ਲਾਗੂ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਸਕੂਲਾਂ ਤੋਂ ਪਹੁੰਚੇ ਅਧਿਆਪਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕੀਤਾ।

## ਕੋਮਲ ਸ਼ਰਮਾ ਨੇ ਸੀ ਏ ਦਾ ਕੀਤਾ ਟੈਸਟ ਪਾਸ




**ਬਰੇਟਾ (ਰੀਤਵਾਲ)**-ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਦੀ ਵਿਦਿਆਰਥਣ ਕੋਮਲ ਸ਼ਰਮਾ ਪੁੱਤਰੀ ਜੀਵਨ ਸ਼ਰਮਾ ਨੇ ਪਿਛਲੇ ਸਾਲ ਇਸ ਸਕੂਲ ਤੋਂ 12ਵੀਂ ਦੀ ਪ੍ਰੀਖਿਆ ਪਾਸ ਕੀਤੀ ਸੀ। ਪਿਛਲੇ ਦਿਨੀਂ ਸੀ ਏ ਫਾਊਂਡੇਸ਼ਨ ਦਾ ਟੈਸਟ ਇੰਡੀਆ ਲੈਵਲ 'ਤੇ ਹੋਇਆ, ਜਿਸ ਵਿੱਚ ਦੇਸ਼ ਦੇ ਲਗਭਗ ਸਵਾ ਲੱਖ ਬੱਚਿਆਂ ਨੇ ਭਾਗ ਲਿਆ, ਜਿਸ ਵਿੱਚੋਂ ਪੰਜਾਬ ਦੇ ਲਗਭਗ 35000 ਬੱਚਿਆਂ ਨੇ ਇਹ ਟੈਸਟ ਪਾਸ ਕੀਤਾ। ਇਨ੍ਹਾਂ ਵਿੱਚੋਂ ਮਾਨਸਾ ਜ਼ਿਲ੍ਹੇ ਦੇ ਕੁਝ ਹੀ ਬੱਚਿਆਂ ਨੇ ਇਹ ਟੈਸਟ ਕਲੀਅਰ ਕਰਿਆ, ਜਿਸ ਵਿੱਚ ਗਿਆਨ ਸਾਗਰ ਸਕੂਲ ਦੀ ਵਿਦਿਆਰਥਣ ਕੋਮਲ ਸ਼ਰਮਾ ਨੇ ਇਹ ਟੈਸਟ ਪਾਸ ਕੀਤਾ।ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਤੇ ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਨੇ ਬੱਚਿਆਂ ਤੇ ਉਸ ਦੇ ਮਾਪਿਆਂ ਨੂੰ ਸਕੂਲ ਬੁਲਾ ਕੇ ਸਟੇਜ ਉੱਪਰ ਸਪੈਸ਼ਲ ਟਰਾਫੀ ਨਾਲ ਸਨਮਾਨਤ ਕੀਤਾ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਰਾਜੇਆਣਾ ਦੀ ਚੋਣ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਰਾਜੇਆਣਾ ਵਿਖੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਬੀਤੇ ਕੱਲ੍ਹ ਪਿੰਡ ਰਾਜੇਆਣਾ ਵਿਖੇ ਸੂਬਾ ਕਮੇਟੀ ਮੈਂਬਰ ਲਖਬੀਰ ਸਿੰਘ ਲੱਖਾ ਦੀ ਪ੍ਰਧਾਨਗੀ ਹੇਠ ਮਜ਼ਦੂਰਾਂ ਦੀ ਮੀਟਿੰਗ ਕੀਤੀ ਗਈ।ਜ਼ਿਲ੍ਹਾ ਸਕੱਤਰ ਕਾਮਰੇਡ ਸ਼ਿੰਦਰ ਸਿੰਘ ਸਾਰੂਵਾਲਾ ਨੇ ਮੀਟਿੰਗ 'ਚ ਦੱਸਿਆ ਕਿ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਮਜ਼ਦੂਰਾਂ ਦੀਆਂ ਮੰਗਾਂ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ। ਯੂਨੀਅਨ ਨੇ ਸਰਕਾਰ ਤੋਂ ਮੰਗ ਕੀਤੀ ਸੀ ਕਿ ਮਜ਼ਦੂਰਾਂ ਦੀ ਦਿਹਾੜੀ 700 ਰੁਪਿਆ ਐਲਾਨੀ ਜਾਵੇ, ਜਿਹੜੇ ਮਜ਼ਦੂਰ ਲੋੜਵੰਦ ਹਨ, ਉਨ੍ਹਾਂ ਨੂੰ ਪਲਾਟ ਦਿੱਤੇ ਜਾਣ, ਨਰੇਗਾ ਦਾ ਕੰਮ ਪੂਰੇ ਸਾਲ ਵਿੱਚ ਸੌ ਦਿਨ ਦੀ ਥਾਂ 200 ਦਿਨ ਦਿੱਤਾ ਜਾਵੇ, ਸਰਕਾਰ ਵੱਲੋਂ ਦਿੱਤਾ ਜਾ ਰਿਹਾ ਰਾਸ਼ਨ ਸਮੇਂ ਸਿਰ ਪਹੁੰਚਦਾ ਕੀਤਾ ਜਾਵੇ।ਇਸ ਦੇ ਸੰਬੰਧ ਵਿੱਚ ਦੋ ਵਾਰ ਭਗਵੰਤ ਮਾਨ ਦੀ ਕੋਠੀ ਦਾ ਘਰਾਓ ਵੀ ਕੀਤਾ।ਸਰਕਾਰ ਨੇ ਕਈ ਵਾਰ ਮੀਟਿੰਗਾਂ ਵੀ ਦਿੱਤੀਆਂ, ਪਰ ਕਿਸੇ ਨਾ ਕਿਸੇ ਬਹਾਨੇ ਮਾਨ ਸਰਕਾਰ ਮੀਟਿੰਗਾਂ ਕੈਂਸਲ ਕਰਦੀ ਰਹੀ। ਇਸ ਲਈ ਇਨ੍ਹਾਂ ਜ਼ਰੂਰੀ ਮੰਗਾਂ 'ਤੇ ਮਜ਼ਦੂਰ ਜਥੇਬੰਦੀ ਜਾਰੀ ਰੱਖ ਰਹੀ ਹੈ। ਅਖੀਰ ਵਿੱਚ ਪਿੰਡ ਕਮੇਟੀ ਦੀ ਚੋਣ ਕੀਤੀ ਗਈ, ਜਿਸ 'ਚ ਹਰਪਾਲ ਸਿੰਘ ਪ੍ਰਧਾਨ, ਸੁਖਦੇਵ ਸਿੰਘ ਮੀਤ ਪ੍ਰਧਾਨ, ਵਿਕਰ ਸਿੰਘ ਖਜ਼ਾਨਚੀ, ਭਜਨ ਸਿੰਘ ਪ੍ਰੈੱਸ ਸਕੱਤਰ, ਸਾਧੂ ਸਿੰਘ ਸਕੱਤਰ ਤੇ ਸਤਿਨਾਮ ਸਿੰਘ, ਮੇਜਰ ਸਿੰਘ, ਚਰਨ ਸਿੰਘ, ਲੱਖਾ ਸਿੰਘ, ਪ੍ਰੀਤਮ ਸਿੰਘ, ਰਾਜ ਸਿੰਘ, ਮਨਜੀਤ ਸਿੰਘ, ਕੇਵਲ ਸਿੰਘ ਕਮੇਟੀ ਮੈਂਬਰ ਚੁਣੇ ਗਏ।

## ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਨੈਸ਼ਨਲ ਹਾਈਵੇ 54 ਪਿੰਡ ਕੋਟ ਕਰੋੜ ਕਲਾਂ ਕੋਲ ਐਕਟਿਵਾ ਸਕੂਟਰ ਤੇ ਕਾਰ ਦੀ ਟੱਕਰ ਵਿੱਚ ਐਕਟਿਵਾ ਸਕੂਟਰ ਸਵਾਰ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਤਲਵੰਡੀ ਭਾਈ ਪੁਲਸ ਨੇ ਅਣਪਛਾਤੇ ਕਾਰ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਹਰਪ੍ਰੀਤ ਸਿੰਘ ਪੁੱਤਰ ਮੰਗਤ ਰਾਮ ਵਾਸੀ ਮੁੱਦਕੀ ਨੇ ਦੱਸਿਆ ਕਿ ਉਸ ਦਾ ਪਿਤਾ ਮੰਗਤ ਰਾਮ (72 ਸਾਲ) ਪੁੱਤਰ ਰਤੀ ਰਾਮ ਸਮੇਤ ਆਪਣੀ ਪਤਨੀ ਬਲਵੀਰ ਕੌਰ ਨਾਲ ਐਕਟਿਵਾ ਸਕੂਟਰ 'ਤੇ ਸਵਾਰ ਹੋ ਕੇ ਪਿੰਡ ਕੋਟ ਕਰੋੜ ਕਲਾਂ ਜਾ ਰਹੇ ਸੀ, ਜਦ ਉਹ ਪਿੰਡ ਕੋਟ ਕਰੋੜ ਕਲਾਂ ਪਾਸ ਪੁੱਜੇ ਤਾਂ ਇੱਕ ਕਾਰ ਸਵਿਫਟ ਤੇਜ਼ ਰਫਤਾਰ ਨਾਲ ਆਈ, ਜਿਸ ਦੇ ਡਰਾਈਵਰ ਨੇ ਲਾਪ੍ਰਵਾਹੀ ਨਾਲ ਕਾਰ ਉਸ ਦੇ ਪਿਤਾ ਦੀ ਸਕੂਟਰੀ ਵਿੱਚ ਮਾਰੀ। ਇਸ ਹਾਦਸੇ ਵਿੱਚ ਉਸ ਦੇ ਪਿਤਾ ਦੀ ਮੌਤ ਹੋ ਗਈ।

## ਵਿਧਾਇਕ ਦੇਵ ਮਾਨ ਵੱਲੋਂ ਬਲਾਕ ਪ੍ਰਧਾਨਾਂ ਨਾਲ ਮੀਟਿੰਗ



**ਨਾਭਾ (ਵਰਿੰਦਰ ਵਰਮਾ)**
ਹਲਕਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਆਪਣੇ ਦਫਤਰ ਵਿਖੇ ਬਲਾਕ ਪ੍ਰਧਾਨਾਂ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ।ਮੀਟਿੰਗ ਵਿੱਚ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੋਂ ਇਲਾਵਾ ਮੇਘ ਚੰਦ ਸ਼ੇਰਮਾਜਰਾ ਪ੍ਰਧਾਨ ਜ਼ਿਲ੍ਹਾ ਪਟਿਆਲਾ ਦਿਹਾਤੀ ਤੇ ਸ੍ਰ. ਗੁਲਜ਼ਾਰ ਸਿੰਘ ਵਿਰਕ ਕੋਆਰਡੀਨੇਟਰ ਹਲਕਾ ਨਾਭਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਮੀਟਿੰਗ ਵਿੱਚ ਕਈ ਮੁੱਦਿਆਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਮੀਟਿੰਗ ਦਾ ਮੁੱਖ ਮਕਸਦ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੇ ਕੰਮਾਂ ਨੂੰ ਸਹੀ ਤਰੀਕੇ ਨਾਲ ਕਰਵਾਉਣਾ ਹੈ।ਉਨ੍ਹਾ ਕਿਹਾ ਕਿ ਪੰਜਾਬ ਦੇ ਕ੍ਰਾਂਤੀਕਾਰੀ ਤੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇੱਕ ਹੀ ਮਕਸਦ ਹੈ, ਸੂਬੇ ਨੂੰ ਰੰਗਲਾ ਪੰਜਾਬ ਬਣਾਇਆ ਜਾਵੇ।ਜਿਵੇਂ ਕਿ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਤੇ ਨਸ਼ੇ ਨੂੰ ਖਤਮ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਆਦੇਸ਼ ਹਨ ਕਿ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਸਮੱਸਿਆ ਨਾ ਆਉਣ ਦਿੱਤੀ ਜਾਵੇ ਤੇ ਜਨਤਾ ਦੇ ਹਰੇਕ ਕੰਮ ਪਹਿਲ ਦੇ ਅਧਾਰ 'ਤੇ ਹੋਣ।ਉਨ੍ਹਾ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਮੇਰੇ ਨਾਲ ਸਿੱਧੇ ਤੌਰ 'ਤੇ ਦਫਤਰ ਵਿਖੇ ਸੰਪਰਕ ਕਰ ਸਕਦਾ ਹੈ।ਉਨ੍ਹਾਂ ਕਿਹਾ ਕਿ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਮਾਨ ਸਰਕਾਰ ਵੱਲੋਂ ਚਲਾਈਆਂ ਗਈਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਬਲਾਕ ਪ੍ਰਧਾਨਾਂ ਨੂੰ ਕਿਹਾ ਗਿਆ ਹੈ ਤਾਂ ਕਿ ਲੋਕ ਇਨ੍ਹਾਂ ਤੋਂ ਜਾਣੂ ਹੋ ਸਕਣ।ਦੇਵ ਮਾਨ ਨੇ ਕਿਹਾ ਕਿ ਉਹ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਹਨ।ਮੇਘ ਚੰਦ ਸ਼ੇਰ ਮਾਜਰਾ ਤੇ ਗੁਲਜ਼ਾਰ ਸਿੰਘ ਵਿਰਕ ਨੇ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਬੂਥ ਪੱਧਰ 'ਤੇ ਸੰਗਠਨ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।ਇਸ ਮੌਕੇ ਕਪਿਲ ਮਾਨ, ਤੇਜਿੰਦਰ ਸਿੰਘ ਖਹਿਰਾ, ਗੁਰਪ੍ਰੀਤ ਸਿੰਘ ਦੀਪਾ ਪ੍ਰਧਾਨ ਮਾਰਕੀਟ ਕਮੇਟੀ, ਅਮਨ ਗਰਗ, ਕਮਲ ਭਾਦਸੋਂ, ਅਮਨਦੀਪ ਸਿੰਘ ਬਿੱਲਾ ਕੋਟ ਕਲਾਂ, ਮੇਜਰ ਸਿੰਘ ਤੁੰਗਾਂ, ਲਾਲ ਸਿੰਘ ਟੋਡਰਵਾਲ, ਸਤਨਾਮ ਸਿੰਘ ਕਨਸੂਹਾ ਖੁਰਦ, ਬਲਜਿੰਦਰ ਸਿੰਘ ਮਾਨ, ਬਿੱਲਾ ਖੋਖ, ਗੁਰਚਰਨ ਸਿੰਘ ਲੁਹਾਰ ਮਾਜਰਾ, ਸਤਨਾਮ ਸਿੰਘ ਅਗੇਤਾ, ਗੁਰਦੀਪ ਸਿੰਘ ਸਾਹੀਵਾਲ, ਲੱਖੀ ਭਾਦਸੋਂ, ਭੁਪਿੰਦਰ ਸਿੰਘ ਕੱਲਰ ਮਾਜਰੀ, ਮਨਪ੍ਰੀਤ ਸਿੰਘ ਕਾਲੀਆ, ਜਸਵੀਰ ਸਿੰਘ ਵਜੀਦਪੁਰ ਤੇ ਹੋਰ ਅਹੁਦੇਦਾਰ ਮੌਜੂਦ ਸਨ।

## ਲਖਵਿੰਦਰ ਲੱਖਾ ਵੱਲੋਂ ਬਲਾਕ ਤੇ ਮੰਡਲ ਪ੍ਰਧਾਨਾਂ ਨਾਲ ਮੀਟਿੰਗ



**ਦੋਰਾਹਾ (ਹਰਮਿੰਦਰ ਸਿੰਘ)**-ਜ਼ਿਲ੍ਹਾ ਕਾਂਗਰਸ ਕਮੇਟੀ ਖੰਨਾ ਦੇ ਪ੍ਰਧਾਨ ਸ੍ਰੀ ਲਖਵਿੰਦਰ ਸਿੰਘ ਲੱਖਾ ਵੱਲੋਂ ਇੱਕ ਮੀਟਿੰਗ ਆਪਣੇ ਦਫਤਰ ਪਾਇਲ ਵਿਖੇ ਬਲਾਕ ਪ੍ਰਧਾਨਾਂ ਤੇ ਮੰਡਲ ਪ੍ਰਧਾਨਾਂ ਨਾਲ ਕੀਤੀ ਗਈ, ਜਿਸ ਵਿੱਚ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀਆਂ ਦੀਆਂ ਵੋਟਾਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਅਤੇ ਵੋਟਾਂ ਲੜਨ ਲਈ ਤਿਆਰ-ਬਰ-ਤਿਆਰ ਰਹਿਣ ਲਈ ਕਿਹਾ ਗਿਆ ਅਤੇ ਵਰਕਰਾਂ ਨੂੰ ਲਾਮਬੰਦ ਕਰਨ ਦੇ ਸਬੰਧ ਵਿੱਚ ਕਈ ਅਹਿਮ ਫੈਸਲੇ ਲਏ ਗਏ। ਉਨ੍ਹਾਂ ਕਿਹਾ ਕਿ ਉਹ ਜਿਹੜੇ ਪਿੰਡਾਂ ਵਿੱਚ ਸਰਪੰਚਾਂ ਨੂੰ ਅਜੇ ਤੱਕ ਚਾਰਜ ਨਹੀਂ ਦਿੱਤਾ ਗਿਆ, ਆਉਣ ਵਾਲੇ ਦਿਨਾਂ ਵਿੱਚ ਬੀਡੀਪੀਓ ਦਫਤਰਾਂ ਅੱਗੇ ਧਰਨੇ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੀਟਿੰਗ ਵਿੱਚ ਗੁਰਵਿੰਦਰ ਸਿੰਘ ਟੀਨੂ ਬਲਾਕ ਪ੍ਰਧਾਨ ਦੋਰਾਹਾ, ਰਾਮ ਪ੍ਰਕਾਸ਼ ਪ੍ਰਧਾਨ ਐੱਸ ਸੀ ਸੈੱਲ, ਕ੍ਰਿਸ਼ਨ ਦੇਵ ਜੱਗੀ ਮਾਜਰਾ ਮੰਡਲ ਪ੍ਰਧਾਨ, ਮਨਦੀਪ ਸਿੰਘ ਮਾਂਗਟ ਮੰਡਲ ਪ੍ਰਧਾਨ, ਬਨੀਤ ਆਸਟ ਸ਼ਹਿਰੀ ਪ੍ਰਧਾਨ ਦੋ, ਗਗਨਦੀਪ ਸਿੰਘ ਲੰਡਾ ਮੰਡਲ ਪ੍ਰਧਾਨ, ਮਨਦੀਪ ਸਿੰਘ ਮੰਡਲ ਪ੍ਰਧਾਨ, ਵਿਨੋਦ ਕੁਮਾਰ ਮੰਡਲ ਪ੍ਰਧਾਨ, ਭੁਪਿੰਦਰ ਸਿੰਘ ਗੋਲਡੀ, ਕੁਲਵੰਤ ਸਿੰਘ ਚੇਲੇ, ਗੁਰਮੁੱਖ ਸਿੰਘ ਗੋਮੀ ਮੰਡਲ ਪ੍ਰਧਾਨ, ਰਣਜੀਤ ਸਿੰਘ ਪੀਟੇ, ਗੁਰਮੀਤ ਸਿੰਘ ਗੋਲੂ ਮੁੱਲਾਂਪੁਰ, ਜਿਮੀ ਰੌਣੀ, ਸ਼ਮਸ਼ੇਰ ਸਿੰਘ ਕੋਟਲੀ, ਰਾਜੀਵ ਢੱਲ ਆਦਿ ਹਾਜ਼ਰ ਸਨ।

## ਸ਼ੈਲਰ ਮਾਲਕਾਂ ਵੱਲੋਂ ਹਾਈਬ੍ਰਿਡ ਝੋਨਾ ਨਾ ਖ਼੍ਰੀਦਣ ਦਾ ਫੈਸਲਾ

### ਹਾਈਬ੍ਰਿਡ ਝੋਨੇ ਦੇ ਬੀਜ ਦੁਕਾਨਦਾਰ ਨਾ ਵੇਚਣ : ਬੈਨੀਪਾਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼ੈਲਰ ਐਸੋਸੀਏਸ਼ਨ ਮਾਛੀਵਾੜਾ ਸਾਹਿਬ ਦੀ ਇੱਕ ਮੀਟਿੰਗ ਪ੍ਰਧਾਨ ਰੁਪਿੰਦਰ ਸਿੰਘ ਬੈਨੀਪਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਬੈਨੀਪਾਲ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਦੁਕਾਨਦਾਰ ਹਾਈਬ੍ਰਿਡ ਝੋਨਾ ਕਿਸਾਨਾਂ ਨੂੰ ਵੇਚ ਰਹੇ ਹਨ, ਜਦਕਿ ਸਰਕਾਰ ਵੱਲੋਂ ਇਸ 'ਤੇ ਪਾਬੰਦੀ ਲਗਾਈ ਹੋਈ ਹੈ। ਉਨ੍ਹਾਂ ਕਿਹਾ ਕਿ ਹਾਈਬ੍ਰਿਡ ਝੋਨਾ ਜਿਸ 'ਚੋਂ ਚਾਵਲ ਵੀ ਘੱਟ ਨਿਕਲਦਾ ਹੈ ਤੇ ਟੋਟੇ ਦੀ ਮਾਤਰਾ ਜ਼ਿਆਦਾ ਹੈ, ਜੋ ਸ਼ੈਲਰ ਉਦਯੋਗ ਲਈ ਬਹੁਤ ਹੀ ਨੁਕਸਾਨਦੇਹ ਹੈ। ਉਨ੍ਹਾਂ ਕਿਹਾ ਕਿ ਜੋ ਝੋਨੇ ਦੀਆਂ ਕਿਸਮਾਂ ਖੇਤੀਬਾੜੀ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹਨ, ਕਿਸਾਨ ਉਨ੍ਹਾਂ ਦੀ ਹੀ ਬਿਜਾਈ ਕਰਨ ਤੇ ਜੇਕਰ ਕਿਸੇ ਨੇ ਹਾਈਬ੍ਰਿਡ ਝੋਨਾ ਬੀਜ ਕੇ ਸੀਜ਼ਨ ਦੌਰਾਨ ਮੰਡੀ ਵਿੱਚ ਵੇਚਣ ਲਈ ਲਿਆਂਦਾ ਤਾਂ ਉਸ ਨੂੰ ਸ਼ੈਲਰ ਮਾਲਕ ਨਹੀਂ ਚੁੱਕਣਗੇ। ਉਨ੍ਹਾਂ ਕਿਹਾ ਕਿ ਅੱਜ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਜਿਹੜਾ ਵੀ ਦੁਕਾਨਦਾਰ ਹਾਈਬ੍ਰਿਡ ਝੋਨਾ ਵੇਚੇਗਾ, ਉਸ ਖਿਲਾਫ਼ ਬਣਦੀ ਕਾਰਵਾਈ ਕਰਵਾਉਣ ਲਈ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ ਜਾਵੇਗੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਹੁਸਨ ਲਾਲ ਮੜਕਨ, ਸੰਤੋਖ ਸਿੰਘ ਬਾਜਵਾ, ਸੰਤ ਰਾਮ, ਹਨੀ ਆਨੰਦ, ਅਜੈ ਗੋਇਲ, ਅਜੈ ਬਾਂਸਲ, ਸੰਦੀਪ ਸੂਦ, ਵਿੱਕੀ ਕੁੰਦਰਾ, ਅਭੈ ਗੋਇਲ, ਪੁਨੀਤ ਜੈਨ, ਸ਼ਾਮ ਲਾਲ ਜੈਨ, ਬੌਬੀ ਖੋਸਲਾ, ਵਰੁਣ ਕੁਮਾਰ, ਰਾਕੇਸ਼ ਕੁਮਾਰ, ਦੀਪਕ ਬਾਂਸਲ, ਰਮਨਦੀਪ ਸੈਣੀ ਮੌਜੂਦ ਸਨ।

## ਨਸ਼ੀਲੀਆਂ ਗੋਲੀਆਂ ਸਮੇਤ ਇੱਕ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਗੁਰ ਹਰਸਹਾਏ ਦੀ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਇੱਕ ਵਿਅਕਤੀ ਨੂੰ 100 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਮੁੱਖ ਅਫਸਰ ਜਗਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਤੇ ਚੈਕਿੰਗ ਦੇ ਸਬੰਧ ਵਿੱਚ ਪਿੰਡ ਕੋਹਰ ਸਿੰਘ ਵਾਲਾ ਚੌਕ ਪਾਸ ਪੁੱਜੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਲਾਭ ਉਰਫ ਲਵੀ ਪੁੱਤਰ ਚੰਨਾ ਵਾਸੀ ਭੱਠਾ ਬਸਤੀ ਨਵੀਂ ਅਬਾਦੀ ਗੁਰੂ ਹਰਸਹਾਏ ਨਸ਼ੀਲੀਆਂ ਗੋਲੀਆਂ ਵੇਚਣ ਦਾ ਆਦੀ ਹੈ, ਜੋ ਹੁਣ ਵੀ ਕਬਰਿਸਤਾਨ ਗੁਰੂ ਹਰਸਹਾਏ ਵਿਖੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ।

ਉਪਰੰਤ ਪੁਲਸ ਨੇ ਛਾਪੇਮਾਰੀ ਕਰਕੇ ਉਕਤ ਮੁਲਜ਼ਮ ਨੂੰ ਕਾਬੂ ਕਰ ਲਿਆ। ਜਾਂਚਕਰਤਾ ਇੰਸਪੈਕਟਰ ਜਗਦੀਪ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਡਾ. ਸਤਨਾਮ ਸਿੰਘ ਕਿੰਗ ਚਾਰਲਸ ਤੀਜੇ ਕੋਰੋਨੇਸ਼ਨ ਮੈਡਲ ਨਾਲ ਸਨਮਾਨਤ



**ਚੀਮਾ ਮੰਡੀ (ਰਵਿੰਦਰ ਚੀਮਾ)**-ਡਾਕਟਰ ਸਤਨਾਮ ਸਿੰਘ ਕੈਲਗਰੀ ਕੈਨੇਡਾ, ਜੋ ਕਿ ਪਿੰਡ ਤੋਲਾਵਾਲ ਦੇ ਜੰਮਪਲ ਹਨ, ਨੂੰ ਕੈਨੇਡਾ ਦੇ ਗਵਰਨਰ ਜਨਰਲ ਦੇ ਨੁਮਾਇੰਦੇ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ ਵੱਲੋਂ ਕਿੰਗ ਚਾਰਲਸ ਤੀਜੇ ਕੋਰੋਨੇਸ਼ਨ ਮੈਡਲ ਨਾਲ ਸਨਮਾਨਤ ਕੀਤਾ ਗਿਆ। ਇਹ ਮੈਡਲ ਸਮਾਜ ਤੇ ਦੇਸ਼ ਲਈ ਅਹਿਮ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ।ਇਹ ਮੈਡਲ ਡਾਕਟਰ ਸਤਨਾਮ ਸਿੰਘ ਵੱਲੋਂ ਸਮਾਜਿਕ ਤੇ ਕਮਿਊਨਿਟੀ ਸੇਵਾਵਾਂ ਲਈ ਉਨ੍ਹਾਂ ਦੇ ਯੋਗਦਾਨ ਵਜੋਂ ਦਿੱਤਾ ਗਿਆ। ਡਾਕਟਰ ਸਤਨਾਮ ਸਿੰਘ ਇਸ ਵੇਲੇ ਐਲਬਰਟਾ ਸੂਬੇ ਵਿੱਚ ਕੈਨੇਡਾ ਸਰਕਾਰ ਵਿੱਚ ਚੀਫ ਵੈਟਰਨੀ ਅਫਸਰ ਨਿਯੁਕਤ ਹਨ ਤੇ ਸਫਲ ਕਾਰਗੁਜ਼ਾਰੀ ਰਹੇ ਹਨ। ਉਹ ਕੈਲਗਰੀ ਦੀ ਨਾਮੀ ਸੰਸਥਾ ਖਾਲਸਾ ਸਕੂਲ ਕੈਲਗਰੀ ਦੀ ਬੋਰਡ ਆਫ ਡਾਇਰੈਕਟਰ ਵਿੱਚ ਪਿਛਲੇ ਤਿੰਨ ਸਾਲ ਤੋਂ ਸੇਵਾ ਨਿਭਾ ਰਹੇ ਹਨ। ਇਹ ਸਨਮਾਨ ਮਿਲਣ 'ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਗੁਰੂ ਅੰਗਦ ਦੇਵ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਤੇ ਅਧਿਕਾਰੀਆਂ ਵਿੱਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਹ ਸਨਮਾਨ ਮਿਲਣ 'ਤੇ ਸ੍ਰ. ਧਰਮ ਸਿੰਘ ਚੇਅਰਮੈਨ ਜਗਤਜੀਤ ਇੰਡਸਟਰੀ, ਡਾਕਟਰ ਰਵਿੰਦਰ ਬਾਂਸਲ ਚੇਅਰਮੈਨ ਮਾਡਰਨ ਕਾਲਜ ਬੀੜ ਕਲਾਂ, ਮੇਵਾ ਸਿੰਘ ਤੋਲਾਵਾਲ, ਗੁਰਦੀਪ ਸਿੰਘ ਸਰਪੰਚ ਤੋਲਾਵਾਲ, ਖੁਸ਼ਪਾਲ ਸਿੰਘ ਬੀੜ ਕਲਾਂ, ਰਜਿੰਦਰ ਸਿੰਘ ਰਾਜਾ ਬੀੜ ਕਲਾਂ, ਅਵਤਾਰ ਸਿੰਘ ਤਾਰੀ, ਜਸਵੰਤ ਸਿੰਘ ਗਰੇਵਾਲ, ਮਹਿੰਦਰਪਾਲ ਵਾਲਿਸ਼ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਵਧਾਈ ਦਿੱਤੀ ਗਈ।

## ਸਰਕਾਰੀ ਸਕੂਲ ਵਜੀਦਕੇ ਖੁਰਦ ਨੂੰ ਬੈਸਟ ਚੁਣੇ ਜਾਣ 'ਤੇ ਵਿਧਾਇਕ ਪੰਡੋਰੀ ਵੱਲੋਂ 7.5 ਲੱਖ ਦਾ ਚੈੱਕ ਭੇਟ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਮਲਕਾ ਰਾਣੀ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਬਰਜਿੰਦਰਪਾਲ ਸਿੰਘ ਤੇ ਡੀ ਐੱਸ ਐੱਮ ਰਾਜੇਸ਼ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ਹੀਦ ਰਹਿਮਤ ਅਲੀ ਮੈਮੋਰੀਅਲ ਸਰਕਾਰੀ ਹਾਈ ਸਕੂਲ ਵਜੀਦਕੇ ਖੁਰਦ (ਬਰਨਾਲਾ), ਜੋ ਸਾਲ 2025 ਲਈ ਜ਼ਿਲ੍ਹੇ ਦਾ ਉੱਤਮ ਸਕੂਲ ਚੁਣਿਆ ਗਿਆ ਹੈ।ਇਸ ਸਬੰਧੀ ਵਿਸ਼ੇਸ਼ ਤੌਰ 'ਤੇ ਸਕੂਲ ਪਹੁੰਚੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਹੈੱਡ ਮਾਸਟਰ ਜਸਵਿੰਦਰ ਸਿੰਘ ਤੇ ਸਮੁੱਚੇ ਸਟਾਫ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਮਾਣਮੱਤੀ ਪ੍ਰਾਪਤੀ ਸਮੁੱਚੇ ਸਕੂਲ ਸਟਾਫ ਦੀ ਸਖਤ ਮਿਹਨਤ ਦਾ ਨਤੀਜਾ ਹੈ।ਉਨ੍ਹਾਂ ਸਮੂਹ ਪਿੰਡ ਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਆਪਣੇ ਬੱਚਿਆਂ ਦਾ ਦਾਖਲਾ ਸਰਕਾਰੀ ਸਕੂਲ 'ਚ ਹੀ ਕਰਵਾਉਣ ਦੀ ਅਪੀਲ ਕੀਤੀ।ਇਸ ਮੌਕੇ ਉਨ੍ਹਾਂ ਸਕੂਲ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਤਰਫੋਂ 7.5 ਲੱਖ ਦਾ ਚੈੱਕ ਪ੍ਰਬੰਧਕਾਂ ਨੂੰ ਭੇਟ ਕਰਦਿਆਂ ਕਿਹਾ ਕਿ ਗਦਰ ਲਹਿਰ ਦੇ ਮਹਾਨ ਸ਼ਹੀਦ ਰਹਿਮਤ ਅਲੀ ਵਜੀਦਕੇ ਨੇ ਸ਼ਹਾਦਤ ਦਾ ਜਾਮ ਪੀ ਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਪਰ ਆਪਣਾ ਨਾਂਅ ਦਰਜ ਕਰਵਾਇਆ ਹੈ।ਇਸ ਮਹਾਨ ਸੂਰਬੀਰ ਦੇ ਜੱਦੀ ਪਿੰਡ ਨੂੰ ਸਹੂਲਤਾਂ ਦੀ ਕੋਈ ਘਾਟ ਨਹੀਂ ਰਹਿਣ ਦਿਆਂਗੇ।ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ, ਗ੍ਰਾਮ ਪੰਚਾਇਤ ਵਜੀਦਕੇ ਖੁਰਦ ਤੇ ਗ੍ਰਾਮ ਪੰਚਾਇਤ ਵਜੀਦਕੇ ਕਲਾਂ, ਸਮੂਹ ਸਕੂਲ ਸਟਾਫ, ਲੋਕਲ ਗੁਰਦੁਆਰਾ ਕਮੇਟੀ ਦੀ ਅਗਵਾਈ ਹੇਠ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੂੰ ਸਨਮਾਨਤ ਕਰਕੇ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਮਾਤਾ ਗੁਜਰੀ ਕਾਲਜ ਵਿਖੇ ਲਿੰਗ ਸਮਾਨਤਾ ਤੇ ਸਸ਼ਕਤੀਕਰਨ ਵਿਸ਼ੇ 'ਤੇ ਲੈਕਚਰ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਐੱਨ.ਐੱਸ.ਐੱਸ. ਯੂਨਿਟ ਵੱਲੋਂ ਕੰਪਿਊਟਰ ਸਾਇੰਸ ਸਟੂਡੈਂਟਸ ਵੈੱਲਫੇਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ ਵਿਸ਼ੇਸ਼ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਅਜਿਹੇ ਸਿੱਖਿਆ ਭਰਪੂਰ ਲੈਕਚਰ ਵਿਦਿਆਰਥੀਆਂ ਨੂੰ ਸਮਾਜਿਕ ਬਰਾਬਰੀ ਤੇ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ ਹਨ, ਜੋ ਉਨ੍ਹਾਂ ਦੇ ਸਰਬਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਸਮਾਗਮ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਪਹੁੰਚੇ ਜ਼ੂਆਲੋਜੀ ਵਿਭਾਗ ਦੇ ਮੁਖੀ ਪ੍ਰੋ. ਪ੍ਰਦੀਪ ਕੌਰ ਸੰਧੂ ਨੇ ਵਿਦਿਆਰਥੀਆਂ ਨੂੰ ਮੌਜੂਦਾ ਸਮੇਂ ਦੌਰਾਨ ਲਿੰਗ ਸਮਾਨਤਾ ਤੇ ਸਸ਼ਕਤੀਕਰਨ ਸਬੰਧੀ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਲਿੰਗ ਸਮਾਨਤਾ ਤੇ ਸਸ਼ਕਤੀਕਰਨ ਕੇਵਲ ਔਰਤਾਂ ਲਈ ਹੀ ਨਹੀਂ, ਸਗੋਂ ਪੂਰੇ ਸਮਾਜ ਦੀ ਤਰੱਕੀ ਲਈ ਲਾਜ਼ਮੀ ਹਨ।ਜੇਕਰ ਹਰ ਵਿਅਕਤੀ ਨੂੰ ਬਰਾਬਰੀ ਮਿਲੇ ਤਾਂ ਵਧੀਆ, ਵਿਕਸਿਤ ਤੇ ਨਿਆਂਯੁਕਤ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।ਵਿਦਿਆਰਥੀਆਂ ਨੇ ਇਸ ਸੈਸ਼ਨ ਵਿੱਚ ਪੂਰੀ ਸਰਗਰਮੀ ਨਾਲ ਹਿੱਸਾ ਲਿਆ ਤੇ ਆਪਣੇ ਮਹੱਤਵਪੂਰਨ ਵਿਚਾਰ ਸਾਂਝੇ ਕੀਤੇ।ਕਾਲਜ ਦੇ ਐੱਨ.ਐੱਸ.ਐੱਸ. ਕੋਆਰਡੀਨੇਟਰ ਪ੍ਰੋ. ਬੀਰਇੰਦਰ ਸਿੰਘ ਸਰਾਓਂ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।ਇਸ ਮੌਕੇ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਡਾ. ਰਸ਼ਮੀ ਅਰੋੜਾ, ਪ੍ਰੋ. ਹਰਸਿਮਰਤ ਕੌਰ, ਪ੍ਰੋ. ਰਵਿੰਦਰ ਕੌਰ, ਪ੍ਰੋ. ਕਮਲਜੀਤ ਕੌਰ ਤੇ ਵਿਦਿਆਰਥੀ ਹਾਜ਼ਰ ਸਨ।

## ਚੋਰੀ ਦੇ ਮੋਟਰਸਾਈਕਲ ਸਮੇਤ ਦੋ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਚੋਰੀ ਦੇ ਇੱਕ ਮੋਟਰਸਾਈਕਲ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਦੇਵ ਰਾਜ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਬਾਈਪਾਸ ਬਸਤੀ ਭੱਟੀਆਂ ਵਾਲੀ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਪਰਮਜੀਤ ਪੁੱਤਰ ਬੋਹੜਾ ਤੇ ਸੈਮਲ ਪੁੱਤਰ ਸਤਪਾਲ ਵਾਸੀਅਨ ਖਾਈ ਫੇਮੇ ਕੀ ਮੋਟਰਸਾਈਕਲ ਚੋਰੀ ਕਰਕੇ ਵੇਚਣ ਦੇ ਆਦੀ ਹਨ, ਜੋ ਹੁਣ ਵੀ ਬਸਤੀ ਭੱਟੀਆਂ ਵਾਲੀ ਸਿਟੀ ਫਿਰੋਜ਼ਪੁਰ ਬਾਈਪਾਸ ਦੀ ਸਾਇਡ 'ਤੇ ਕੱਚੇ ਰਸਤੇ 'ਤੇ ਮੋਟਰਸਾਈਕਲ ਖੜਾ ਕਰਕੇ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਜਗ੍ਹਾ 'ਤੇ ਛਾਪੇਮਾਰੀ ਕਰ ਉਕਤ ਦੋਸ਼ੀਆਨ ਨੂੰ ਗ੍ਰਿਫਤਾਰ ਕਰਕੇ 1 ਮੋਟਰਸਾਈਕਲ ਪਲਟੀਨਾ ਬਿਨਾਂ ਨੰਬਰੀ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਹੋਲੇ ਮਹੱਲੇ ਨੂੰ ਸਮਰਪਤ ਪੇਂਡੂ ਖੇਡਾਂ ਕਰਵਾਈਆਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਇਤਿਹਾਸਿਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ ਕਲਾਂ (ਬਰਨਾਲਾ) ਵਿਖੇ ਦੋਵੇਂ ਨਗਰ ਪੰਚਾਇਤਾਂ, ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਕਮੇਟੀ ਵੱਲੋਂ ਹੋਲੇ ਮਹੱਲੇ ਨੂੰ ਸਮਰਪਤ ਪੇਂਡੂ ਖੇਡਾਂ ਜੋਸ਼ੋ ਖਰੋਸ਼ ਨਾਲ ਕਰਵਾਈਆਂ ਗਈਆਂ।ਇਸ ਮੌਕੇ ਖੇਡਾਂ ਦਾ ਉਦਘਾਟਨ ਸਰਪੰਚ ਸਰਬਜੀਤ ਸਿੰਘ ਸ਼ੰਭੂ, ਸਰਪੰਚ ਕਿਰਨਾ ਰਾਣੀ ਬਾਂਸਲ ਤੇ ਸਮੂਹ ਪ੍ਰਬੰਧਕਾਂ ਨੇ ਸਾਂਝੇ ਤੌਰ 'ਤੇ ਕੀਤਾ।ਜਦੋਂਕਿ ਮੁੱਖ ਮਹਿਮਾਨ ਵਜੋਂ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਜਗਜੀਤ ਸਿੰਘ ਨੇ ਸ਼ਮੂਲੀਅਤ ਕੀਤੀ।ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ ਨੇ ਕਿਹਾ ਕਿ ਇਹ ਖੇਡਾਂ ਕਰਵਾਉਣ ਦਾ ਮੁੱਖ ਮਨੋਰਥ ਸੰਗਤਾਂ ਨੂੰ ਸਰੀਰਕ ਤੌਰ 'ਤੇ ਫਿੱਟ ਰੱਖਣਾ ਤੇ ਮਾਨਸਿਕ ਪ੍ਰੇਸ਼ਾਨੀ ਤੋਂ ਬਚਾਉਣਾ ਹੈ।ਉਨ੍ਹਾਂ ਇਸ ਮੌਕੇ ਜੇਤੂਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵਿਸ਼ਾਲ ਪੱਧਰ 'ਤੇ ਖੇਡਾਂ ਕਰਵਾਈਆਂ ਜਾਣਗੀਆਂ।ਖੇਡਾਂ ਦੇ ਅੰਤਿਮ ਨਤੀਜੇ ਅਨੁਸਾਰ ਕੁਰਸੀ ਗੇਮ 60 ਸਾਲ ਉਮਰ ਵਰਗ ਤੋਂ ਉਪਰ 'ਚ ਮਨਜੀਤ ਕੌਰ ਢੈਪਈ ਜੇਤੂ, 50 ਸਾਲ ਤੋਂ ਵੱਧ 'ਚ ਭਾਈ ਜਗਤਾਰ ਸਿੰਘ ਤੇ ਗੁਰਮੇਲ ਸਿੰਘ ਸੰਧੂ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ, 30 ਸਾਲ ਤੋਂ ਵੱਧ 'ਚ ਸੁਖਵਿੰਦਰ ਕੌਰ ਜ਼ੈਲਦਾਰ ਜੇਤੂ, ਰੱਸੀ ਟੱਪਣ 'ਚ ਸੁਖਵੀਰ ਕੌਰ ਗਰੇਵਾਲ, ਸੁਪਨਦੀਪ ਕੌਰ ਤੇ ਜਸਵਿੰਦਰ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਇਨਾਮ ਪ੍ਰਾਪਤ ਕੀਤਾ।ਮਟਕਾ ਦੌੜ 'ਚ ਸੁਖਵਿੰਦਰ ਕੌਰ ਕੰਤੋਂ ਜੇਤੂ, ਸਾਈਕਲ ਰੇਸ ਲੜਕੀਆਂ 'ਚ ਕਮਲਪ੍ਰੀਤ ਕੌਰ ਤੇ ਲੜਕਿਆਂ 'ਚ ਕਰਨਵੀਰ ਸਿੰਘ ਤੇ ਰੱਸਾਕਸ਼ੀ 'ਚ ਰਵਿੰਦਰ ਰਵੀ ਜੇਤੂ ਰਹੇ।ਜੇਤੂਆਂ ਨੂੰ ਇਨਾਮਾਂ ਦੀ ਵੰਡ ਇੰਸਪੈਕਟਰ ਜਗਜੀਤ ਸਿੰਘ, ਸਰਪੰਚ ਸਰਬਜੀਤ ਸਿੰਘ ਸੰਭੂ, ਅਰੁਣ ਕੁਮਾਰ ਬਾਂਸਲ, ਬਾਬਾ ਸ਼ੇਰ ਸਿੰਘ ਖ਼ਾਲਸਾ, ਭਾਈ ਜਗਸੀਰ ਸਿੰਘ ਖ਼ਾਲਸਾ, ਭਾਈ ਸਤਨਾਮ ਸਿੰਘ, ਜਗਦੇਵ ਸਿੰਘ ਜੱਗਾ, ਕਰਨੈਲ ਸਿੰਘ ਢੈਪਈ, ਮੇਜਰ ਸਿੰਘ ਕਲੇਰ, ਨੰਬਰਦਾਰ ਆਤਮਾ ਸਿੰਘ, ਰਣਜੀਤ ਸਿੰਘ ਬਿੱਟੂ, ਗੁਰਪ੍ਰੀਤ ਸਿੰਘ ਗਰੇਵਾਲ, ਗੁਰਮੇਲ ਸਿੰਘ ਮੇਲੀ, ਭਾਈ ਮਲਕੀਤ ਸਿੰਘ, ਅਜਮੇਰ ਸਿੰਘ ਧਾਲੀਵਾਲ, ਸੁਖਦੇਵ ਸਿੰਘ ਧਾਲੀਵਾਲ, ਹਰੀ ਸਿੰਘ ਮੈਂਬਰ, ਬੀਬੀ ਸੁਰਿੰਦਰ ਕੌਰ ਆਦਿ ਨੇ ਸਾਂਝੇ ਤੌਰ 'ਤੇ ਕੀਤੀ।

## ਭਲਾਈਆਣਾ 'ਚ ਲਗਾਇਆ ਮੈਡੀਕਲ ਕੈਂਪ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੁਖਜਿੰਦਰ ਕੌਣੀ ਦੀ ਰਹਿਨੁਮਾਈ ਹੇਠ ਪਿੰਡ ਭਲਾਈਆਣਾ ਵਿਖੇ ਭਾਈ ਘਨੱਈਆ ਸੇਵਾ ਸੋਸਾਇਟੀ ਕਾਉਣੀ, ਅਸ਼ੀਰਵਾਦ ਮਲਟੀ ਸਪੈਸ਼ਲਿਟੀ ਹਸਪਤਾਲ ਗਿੱਦੜਬਾਹਾ ਤੇ ਪਿੰਡ ਭਲਾਈਆਣਾ ਦੀ ਐੱਚ ਡਬਲਯੂ ਸੀ ਦੇ ਸਮੂਹ ਸਟਾਫ ਦੇ ਸਹਿਯੋਗ ਨਾਲ ਮੈਡੀਕਲ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਡਾਕਟਰ ਰਜਵਾਨ ਅਲੀ, ਔਰਤਾਂ ਦੇ ਰੋਗਾਂ ਦੇ ਮਾਹਰ ਡਾਕਟਰ ਮੋਨਾ ਰਾਣੀ, ਡਾਕਟਰ ਰੋਬਿਨ ਗਰਗ ਤੇ ਡਾਕਟਰ ਨਿਤਿਨ ਸੈਨ ਵੀ ਪਹੁੰਚੇ।ਇਸ ਕੈਂਪ ਵਿੱਚ 200 ਤੋਂ ਵੱਧ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਤੇ ਲੋੜ ਅਨੁਸਾਰ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸੁਖਜਿੰਦਰ ਕਾਉਣੀ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਇਹ ਕੈਂਪ ਇਸ ਤਰ੍ਹਾਂ ਹੀ ਵੱਖ ਵੱਖ ਪਿੰਡਾਂ ਵਿੱਚ ਲੱਗਦੇ ਰਹਿਣਗੇ।ਉਨ੍ਹਾਂ ਨੇ ਸਾਰੇ ਪਿੰਡ ਵਾਸੀਆਂ ਤੇ ਡਾਕਟਰ ਸਹਿਬਾਨਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਪਿੰਡ ਭਲਾਈਆਣਾ ਦੇ ਸਮਾਜ ਸੇਵੀ ਆਗੂ ਕੁਲਵਿੰਦਰ ਸਿੰਘ, ਗੁਰਮੀਤ ਸਿੰਘ, ਗੋਰਾ ਖਾਲਸਾ ਮਾਸਟਰ ਗੁਰਭੈ ਸਿੰਘ, ਲਖਵਿੰਦਰ ਸਿੰਘ ਪੰਚ, ਮਨਵੀਰ ਸਿੰਘ ਪੰਚ ਤੇ ਠਾਕਰ ਸਿੰਘ ਪੰਚ ਹਾਜ਼ਰ ਸਨ।

## ਮਲੇਰੀਆ ਤੇ ਡੇਂਗੂ ਤੋਂ ਬਚਾਅ ਲਈ ਸੈਮੀਨਾਰ ਲਾਇਆ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਮਾਲਵਾ ਗਰੁੱਪ ਆਫ਼ ਕਾਲਜਿਜ਼ ਵਿਖੇ ਸਬ ਡਵੀਜ਼ਨ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਵਿਜੈ ਜਿੰਦਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਇੰਸਪੈਕਟਰ ਨਿਰਮਲ ਸਿੰਘ ਕਣਕਵਾਲੀਆ, ਰਵਿੰਦਰ ਸਿੰਘ ਤੇ ਜੀਵਨ ਸਿੰਘ ਵੱਲੋਂ ਵਿਦਿਆਰਥਣਾਂ ਨੂੰ ਮਲੇਰੀਆ ਤੇ ਡੇਂਗੂ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਸੈਮੀਨਾਰ ਲਾਇਆ।ਇਸ ਮੌਕੇ ਸਿਹਤ ਇੰਸਪੈਕਟਰ ਨਿਰਮਲ ਸਿੰਘ ਕਣਕਵਾਲੀਆ ਨੇ ਕਿਹਾ ਕਿ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਡਾਕਟਰਾਂ ਵਾਂਗ ਅਸੀ ਖੁਦ ਵੀ ਆਪਣੀ ਰੱਖਿਆ ਕਰ ਸਕਦੇ ਹਾਂ ਤੇ ਇਸਦੀ ਰੋਕਥਾਮ ਲਈ ਅਲੱਗ-ਅਲੱਗ ਸੁਝਾਅ ਦਿੱਤੇ ਜਿਵੇਂ ਕਿ ਮਲੇਰੀਏ ਦੇ ਬਚਾਅ ਲਈ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਣਾ ਅਤੇ ਘਰਾਂ ਦੇ ਬਾਹਰ ਨਾਲੀਆਂ ਵਿੱਚ ਖੜਾ ਗੰਦਾ ਪਾਣੀ ਹੁੰਦਾ ਹੈ, ਉਸ ਉੱਪਰ ਕਾਲਾ ਤੇਲ ਪਾ ਕੇ ਇਸਦੀ ਰੋਕਥਾਮ ਕੀਤੀ ਜਾ ਸਕਦੀ ਹੈ, ਛੋਟੇ-ਮੋਟੇ ਟੋਏ ਭਰ ਦੇਣੇ ਚਾਹੀਦੇ ਹਨ ਤਾਂ ਜੁ ਉਸ ਵਿੱਚ ਗੰਦਾ ਪਾਣੀ ਇਕੱਠਾ ਨਾ ਹੋ ਸਕੇ ਅਤੇ ਅਸੀਂ ਬਿਮਾਰੀ ਤੋਂ ਬਚ ਸਕਦੇ ਹਾਂ।

## ਕੈਪਟਨ ਨਰੇਸ਼ ਵਰਮਾ ਨੂੰ ਕ੍ਰਿਸ਼ਨਾ ਗਊਸ਼ਾਲਾ ਨੇ ਕੀਤਾ ਸਨਮਾਨਤ



**ਜਗਰਾਓਂ (ਅਮਿਤ ਖੰਨਾ)**-ਆਪਣੀ ਬੁਲੰਦ ਆਵਾਜ਼ ਨਾਲ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਦੇ ਹਰ ਸਮਾਗਮ ਵਿੱਚ ਯੋਗਦਾਨ ਪਾਉਣ ਵਾਲੇ ਸਮਾਜ ਸੇਵੀ ਕੈਪਟਨ ਨਰੇਸ਼ ਵਰਮਾ ਸਾਬਕਾ ਪ੍ਰਿੰਸੀਪਲ ਨੂੰ ਗਊਸ਼ਾਲਾ ਦੇ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਇਹ ਸਨਮਾਨ ਕੈਪਟਨ ਵਰਮਾ ਨੂੰ ਇੱਕ ਸ਼ਾਨਦਾਰ ਸਮਾਗਮ ਵਿੱਚ ਪ੍ਰਧਾਨ ਬੌਬੀ ਭੰਡਾਰੀ, ਨਵੀਨ ਗੋਇਲ, ਸੁਸ਼ੀਲ ਗੋਇਲ, ਅਜੇ ਗੋਇਲ, ਬਲਵਿੰਦਰ ਬਾਂਸਲ ਗੋਪੀ, ਰਾਜਿੰਦਰ ਜੈਨ ਕਾਕਾ, ਗੋਪੀ ਬਾਂਸਲ ਤੇ ਹੋਰ ਮੈਂਬਰਾਂ ਨੇ ਬਹੁਤ ਸਤਿਕਾਰ ਨਾਲ ਦਿੱਤਾ। ਵਰਨਣਯੋਗ ਹੈ ਕਿ ਕੈਪਟਨ ਵਰਮਾ ਜਗਰਾਓਂ ਦੇ ਹਰ ਦੁੱਖ ਸੁੱਖ ਦੇ ਸਮਾਗਮ ਵਿੱਚ ਸਟੇਜ ਸੈਕਟਰੀ ਦੀ ਫ੍ਰੀ ਸੇਵਾ ਪਿਛਲੇ ਚਾਲੀ ਸਾਲਾਂ ਤੋਂ ਕਰਦੇ ਆ ਰਹੇ ਨੇ ਅਤੇ ਅਪਣੇ ਪ੍ਰੋਗਰਾਮ ਵਿੱਚ ਲੋਕਾਂ ਵੱਲੋਂ ਗਊਮਾਤਾ ਲਈ ਸੇਵਾ ਕਰਵਾਉਂਦੇ ਹਨ। ਇਸ ਮੌਕੇ ਹਾਜ਼ਰ ਅਪਾਰ ਸਿੰਘ, ਅਮਰਜੀਤ ਸਿੰਘ ਜਿੰਦਲ, ਅਮਿਤ ਅਰੋੜਾ, ਸੋਨੀ ਮੱਕੜ, ਰਜਿੰਦਰ ਜੈਨ ਕਾਕਾ, ਅਸ਼ੋਕ ਜੁਨੇਜਾ, ਨਵਦੀਪ ਗੋਇਲ, ਵਿਜੇ ਕੁਮਾਰ, ਮਦਨ ਲਾਲ, ਸੋਨੂ ਮਲਹੋਤਰਾ, ਅਨਿਲ ਮਲਹੋਤਰਾ ਤੇ ਕੇਵਲ ਮਲਹੋਤਰਾ ਨੇ ਕੈਪਟਨ ਵਰਮਾ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ।

## ਵਿਧਾਇਕਾ ਨੇ ਸਰਕਾਰੀ ਗਊਸ਼ਾਲਾ 'ਚ ਨਵੇਂ ਸ਼ੈੱਡ ਤੇ ਕਮਰਿਆਂ ਦਾ ਨੀਂਹ ਪੱਥਰ ਰੱਖਿਆ

### ਸਮਾਜ ਸੇਵਾ ਕਰਨਾ ਹੀ ਮੇਰਾ ਮੁੱਖ ਮੰਤਵ : ਡਾ. ਅਰੋੜਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਗਊ ਮਾਤਾ ਦੇ ਅਸ਼ੀਰਵਾਦ ਸਦਕਾ ਚੜਿੱਕ ਰੋਡ 'ਤੇ ਸਥਿਤ ਸਰਕਾਰੀ ਗੋਵਿੰਦ ਗਊਸ਼ਾਲਾ ਵਿਖੇ ਆਪਣੇ ਬੇਟੇ ਅਨੰਤ ਅਰੋੜਾ, ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ ਦੀ ਅਗਵਾਈ ਹੇਠ ਗਊਸ਼ਾਲਾ ਵਿਖੇ 36 ਲੱਖ 90 ਹਜ਼ਾਰ ਰੁਪਏ ਦੀ ਲਾਗਤ ਨਾਲ ਨਵੇਂ ਸ਼ੈੱਡ ਤੇ ਕਮਰਿਆਂ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਕੌਂਸਲਰ ਜਸਵਿੰਦਰ ਸਿੰਘ ਕਾਕਾ, ਕੌਂਸਲਰ ਜਗਦੀਪ ਸਿੰਘ ਜੱਗੂ, ਕੌਂਸਲਰ ਰਾਕੇਸ਼ ਕਾਲਾ ਬਜਾਜ, ਕੌਂਸਲਰ ਬੂਟਾ ਸਿੰਘ ਤੋਂ ਇਲਾਵਾ ਗਊਸ਼ਾਲਾ ਦੇ ਚੇਅਰਮੈਨ ਕਸ਼ਮੀਰੀ ਲਾਲ, ਟਰੱਸਟ ਮੈਂਬਰ ਰਾਜ ਕੁਮਾਰ, ਨਰਾਇਣ ਦਾਸ, ਸੁਮੀਤ ਗਰਗ, ਮਦਨ ਲਾਲ, ਵਿਨੀਤ ਕੁਮਾਰ, ਸੰਜੀਵ ਕੁਮਾਰ ਟੀਟੂ, ਵਿਸ਼ਾਲ ਲੂੰਬਾ, ਸਾਬਕਾ ਕੌਂਸਲਰ ਭਾਰਤ ਭੂਸ਼ਨ ਗਰਗ ਰਾਜੂ ਦੇ ਇਲਾਵਾ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਅਹੁਦੇਦਾਰ ਮੌਜੂਦ ਸਨ।ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਨਗਰ ਨਿਗਮ ਅਧੀਨ ਆਉਂਦੀ ਸਰਕਾਰੀ ਗੋਵਿੰਦ ਗਊਸ਼ਾਲਾ ਦੇ ਟਰੱਸਟੀ ਮੈਂਬਰਾਂ ਵੱਲੋਂ ਗਊਸ਼ਾਲਾ ਵਿੱਚ ਸ਼ੈੱਡ ਤੇ ਕਮਰਿਆਂ ਦੀ ਉਸਾਰੀ ਦੀ ਮੰਗ ਬਾਰੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਗਈ ਸੀ, ਜਿਸ ਨੂੰ ਉਨ੍ਹਾਂ ਵੱਲੋਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਤੇ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਕਰਕੇ 36 ਲੱਖ 90 ਹਜ਼ਾਰ ਰੁਪਏ ਦੀ ਲਾਗਤ ਨਾਲ ਨਵੇਂ ਸ਼ੈੱਡ ਤੇ ਕਮਰਿਆਂ ਦਾ ਨੀਂਹ ਪੱਥਰ ਅੱਜ ਰੱਖਿਆ ਗਿਆ ਹੈ।ਉਨ੍ਹਾ ਕਿਹਾ ਕਿ ਉਨ੍ਹਾਂ ਦਾ ਮੁੱਖ ਮੰਤਵ ਸਮਾਜ ਸੇਵਾ ਕਰਨਾ ਹੈ ਤੇ ਅਜਿਹੇ ਸਮਾਜ ਸੇਵਾ ਦੇ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।ਉਨ੍ਹਾਂ ਗਊਸ਼ਾਲਾ ਟਰੱਸਟੀ ਮੈਂਬਰਾਂ ਦਾ ਦਿੱਤੇ ਮਾਣ ਸਨਮਾਨ ਲਈ ਧੰਨਵਾਦ ਕੀਤਾ।ਇਸ ਮੌਕੇ ਗਊਸ਼ਾਲਾ ਟਰੱਸਟੀ ਮੈਂਬਰਾਂ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਉਨ੍ਹਾਂ ਦੇ ਬੇਟੇ ਅਨੰਤ ਅਰੋੜਾ ਤੇ ਮੇਅਰ ਬਲਜੀਤ ਸਿੰਘ ਚਾਨੀ ਨੂੰ ਸਿਰੋਪਾ ਤੇ ਦੁਸ਼ਾਲਾ ਦੇ ਕੇ ਸਨਮਾਨਤ ਕੀਤਾ।

## ਲੁਟੇਰੇ ਨਕਦੀ ਤੇ ਮੋਬਾਇਲ ਖੋਹ ਕੇ ਫਰਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਕੈਂਟ ਦੇ ਯਤੀਮਖਾਨਾ ਚੌਕ ਵਿਖੇ 2 ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਵਿਅਕਤੀ 'ਤੇ ਹਮਲਾ ਕਰਕੇ 3 ਹਜ਼ਾਰ ਰੁਪਏ, ਆਧਾਰ ਕਾਰਡ, ਪੈਨ ਕਾਰਡ ਤੇ ਮੋਬਾਇਲ ਫੋਨ ਖੋਹ ਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ 2 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਸ਼ੋਕ ਕੁਮਾਰ ਯਾਦਵ ਪੁੱਤਰ ਓਮ ਪ੍ਰਕਾਸ਼ ਵਾਸੀ ਮਕਾਨ ਨੰਬਰ 66 ਵਿਕਾਸ ਵਿਹਾਰ ਫੇਸ 1 ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੀ ਐਕਟਿਵਾ ਸਕੂਟਰ 'ਤੇ ਸਵਾਰ ਹੋ ਕੇ ਕੈਂਟ ਫਿਰੋਜ਼ਪੁਰ ਤੋਂ ਸਿਟੀ ਫਿਰੋਜ਼ਪੁਰ ਆ ਰਿਹਾ ਸੀ, ਜਦ ਉਹ ਨੇੜੇ ਯਤੀਮਖਾਨਾ ਚੌਕ ਪਾਸ ਪੁੱਜਾ ਤਾਂ 2 ਨੌਜਵਾਨ ਐਕਟਿਵਾ ਸਕੂਟਰ 'ਤੇ ਆਏ ਤੇ ਇੱਕ ਨੇ ਉਸ ਨੂੰ ਅਵਾਜ਼ ਮਾਰੀ। ਜਦ ਉਸ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਪਿੱਛੇ ਬੈਠੇ ਵਿਅਕਤੀ ਨੇ ਲੋਹੇ ਦੇ ਦਸਤੇ ਵਾਲੀ ਕੁਹਾੜੀ ਨਾਲ ਉਸ ਦੇ ਸਿਰ 'ਤੇ ਵਾਰ ਕੀਤਾ, ਜਿਸ ਕਰਕੇ ਉਹ ਐਕਟਿਵਾ ਤੋਂ ਡਿੱਗ ਗਿਆ। ਅਸ਼ੋਕ ਕੁਮਾਰ ਨੇ ਦੱਸਿਆ ਕਿ ਜਦ ਦੂਜਾ ਵਾਰ ਕੀਤਾ ਤਾਂ ਉਸ ਨੇ ਕੁਹਾੜੀ ਫੜ ਲਈ ਤਾਂ ਐਨੇ ਨੂੰ ਐਕਟਿਵਾ ਸਵਾਰ ਨੇ ਕਾਪਾ ਕੱਢ ਲਿਆ ਤੇ ਲੁਟੇਰਿਆਂ ਨੇ ਉਸ ਦੀ ਜੇਬ ਵਿੱਚੋਂ ਉਸ ਦਾ ਪਰਸ, ਜਿਸ ਵਿੱਚ 3000 ਰੁਪਏ, ਆਧਾਰ ਕਾਰਡ, ਪੈਨ ਕਾਰਡ ਆਦਿ ਸਨ ਤੇ ਉਸ ਦਾ ਮੋਬਾਇਲ ਫੋਨ ਵੀਵੋ ਕੱਢ ਲਿਆ ਤੇ ਮੌਕੇ ਤੋਂ ਭੱਜ ਗਏ। ਅਸ਼ੋਕ ਕੁਮਾਰ ਨੇ ਦੱਸਿਆ ਕਿ ਉਸ ਦਾ ਇਲਾਜ ਬਾਗੀ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ 2 ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਹੈਰੋਇਨ, ਸਿਲਵਰ ਪੰਨੀ ਤੇ ਲਾਈਟਰ ਸਮੇਤ ਤਿੰਨ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਤੇ ਥਾਣਾ ਕੁੱਲਗੜ੍ਹੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਤਿੰਨ ਵਿਅਕਤੀਆਂ ਨੂੰ 3 ਗ੍ਰਾਮ ਹੈਰੋਇਨ, ਇੱਕ ਸਿਲਵਰ ਪੰਨੀ ਤੇ ਲਾਈਟਰ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਪੁਰਾਣੀ ਖੰਡਰ ਬਿਲਡਿੰਗ ਸਾਹਮਣੇ ਕੁੰਡੇ ਰੋਡ 'ਤੇ ਪਹੁੰਚੇ ਤਾਂ ਇਕ ਨੌਜਵਾਨ ਅਰੁਣ ਸੋਹਤਾ ਪੁੱਤਰ ਕੁਲਵੰਤ ਰਾਏ ਵਾਸੀ ਨੇੜੇ ਪਾਣੀ ਵਾਲੀ ਟੈਂਕੀ ਬਸਤੀ ਆਵਾ ਸਿਟੀ ਫਿਰੋਜ਼ਪੁਰ ਜ਼ਮੀਨ 'ਤੇ ਬੈਠਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਤੇ ਮੌਕੇ ਤੋਂ ਭੱਜਣ ਲੱਗਾ, ਜਿਸ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਸ ਕੋਲੋਂ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਕੁੱਲਗੜ੍ਹੀ ਪੁਲਸ ਦੇ ਸਹਾਇਕ ਥਾਣੇਦਾਰ ਬਲਜੀਤ ਸਿੰਘ ਨੇ ਦੱਸਿਆ ਕਿ ਉਸ ਦੀ ਅਗਵਾਈ ਵਿੱਚ ਪੁਲਸ ਪਾਰਟੀ ਮੱਲਵਾਲ ਚੌਕ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਮਨਪ੍ਰੀਤ ਉਰਫ ਮੰਨਾ ਪੁੱਤਰ ਤੁੜਾ ਵਾਸੀ ਸ਼ੇਰ ਖਾਂ ਤੇ ਅਰਜਨ ਸਿੰਘ ਪੁੱਤਰ ਹਰਮੰਦਰ ਸਿੰਘ ਵਾਸੀ ਘੱਲ ਖੁਰਦ ਜੋ ਚੌਕ ਸਤੀਏ ਵਾਲਾ ਨੂੰ ਜਾਂਦਾ ਬੇਅਬਾਦ ਗੁਦਾਮ ਦੇ ਕਮਰੇ ਕੋਲ ਹੈਰੋਇਨ ਪੀਂਦੇ ਕਾਬੂ ਆ ਸਕਦੇ ਹਨ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ ਸਿਲਵਰ ਪੰਨੀ 'ਤੇ ਲੱਗੀ ਹੈਰੋਇਨ ਤੇ 1 ਲਾਈਟਰ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

19-March-11-Page-Majha-25.qxd 3/18/2025 9:51 PM Page 1



# ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦਾ ਇਜਲਾਸ ਕਸਬਾ ਸੋਹਲ 'ਚ ਹੋਇਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)– ਅੱਜ ਸੀ ਪੀ ਆਈ ਐਮ ਐਲ ਲਿਬਰੇਸ਼ਨ ਦਾ ਤਹਿਸੀਲ ਗੁਰਦਾਸਪੁਰ ਦਾ ਇਜਲਾਸ ਕਸਬਾ ਸੋਹਲ ਵਿੱਚ ਕੀਤਾ ਗਿਆ। ਇਸ ਸਮੇਂ ਪਾਰਟੀ ਇਜਲਾਸ ਨੇ ਆਪਣੇ ਪਿਛਲੇ ਦੋ ਸਾਲਾਂ ਦੇ ਕੰਮ ਢੰਗ ਦਾ ਰੀਵਿਊ ਕਰਨ ਪਿੱਛੋਂ ਆਪਣੇ ਭਵਿੱਖ ਦੇ ਕਾਰਜਾਂ ਦੀ ਸੂਚੀ ਤਿਆਰ ਕੀਤੀ ਗਈ। ਇਸ ਸਮੇਂ ਪਾਰਟੀ ਡੈਲੀਗੇਟਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਪਾਰਟੀ ਦੇ ਸੂਬਾ ਆਗੂ ਸੁਖਦੇਵ ਸਿੰਘ ਭਾਗੋਕਾਵਾਂ, ਵਿਜੇ ਸੋਹਲ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰ ਨੇ ਕਿਹਾ ਕਿ ਪਾਰਟੀ ਦੀ ਜਨਤਕ ਅਧਾਰ ਵਧਾਉਣ ਲਈ ਪਾਰਟੀ ਦੀ ਮੈਂਬਰਸ਼ਿਪ ਵਧਾਉਣ ਅਤੇ ਪਾਰਟੀ ਦੀ ਮੁਢਲੀ ਸ਼ਾਖਾ ਤੋਂ ਲੈ ਕੇ ਪਾਰਟੀ ਨੂੰ ਪੰਜਾਬ ਪੱਧਰ ਤੱਕ ਮਜ਼ਬੂਤ ਕਰਨ ਦੀ ਲੋੜ ਹੈ। ਆਗੂਆਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਆਮ ਆਦਮੀ ਪਾਰਟੀ ਦਾ ਰਾਜ ਹੈ ਪਰ ਇਸ ਰਾਜ ਵਿੱਚ ਅਕਾਲੀ ਭਾਜਪਾ ਅਤੇ ਕਾਂਗਰਸ ਦੇ ਰਾਜ ਨਾਲੋਂ ਕਿਸੇ ਤਰ੍ਹਾਂ ਵੀ ਭਿੰਨਤਾ ਦਿਖਾਈ ਨਹੀਂ ਦਿੱਤੀ ਬਲਕਿ ਆਮ ਆਦਮੀ ਪਾਰਟੀ ਦੇ ਨਾਂ ਉੱਪਰ ਪੰਜਾਬ ਦੇ ਲੋਕਾਂ ਵੱਲੋਂ ਬਣਾਈ ਗਈ ਭਗਵੰਤ ਮਾਨ ਦੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ, ਇਹਨਾਂ ਤਿੰਨ ਸਾਲਾਂ ਵਿੱਚ ਜਿੱਥੇ ਨਸ਼ਿਆਂ ਦਾ ਬੋਲਬਾਲਾ ਵਧਿਆ ਹੈ ਉਥੇ ਭਰਿਸ਼ਟਾਚਾਰ ਵੀ ਸਾਰੇ ਹੱਦਾਂ ਬੰਨੇ ਪਾਰ ਕਰ ਗਿਆ ਹੈ। ਆਗੂਆਂ ਕਿਹਾ ਕਿ ਪੰਜਾਬ ਦੇ ਨਸ਼ਿਆਂ ਲਈ ਇਕੱਲੇ ਤਸਕਰ ਜ਼ਿੰਮੇਵਾਰ ਨਹੀਂ, ਸਗੋਂ ਸੱਤਾਧਾਰੀ ਰਾਜਨੀਤੀਵਾਨਾਂ ਅਤੇ ਪੁਲਸ ਅਫਸਰਸ਼ਾਹੀ ਦਾ ਗੱਠਜੋੜ ਨਸ਼ਿਆਂ ਦੇ ਭਾਗੀਦਾਰ ਹਨ ਜਿਸ ਗਠਜੋੜ ਨੂੰ ਤੋੜਨਾ ਸਰਕਾਰ ਦਾ ਕੋਈ ਏਜੰਡਾ ਨਹੀਂ। ਮੋਦੀ ਸਰਕਾਰ ਬਾਰੇ ਬੋਲਦਿਆਂ ਕਮਿਊਨਿਸਟ ਆਗੂਆਂ ਕਿਹਾ ਕਿ ਮੋਦੀ ਸਰਕਾਰ ਜਨਤਾ ਦੇ ਬੁਨਿਆਦੀ ਮਸਲਿਆਂ 'ਤੇ ਗੰਭੀਰ ਹੋਣ ਦੀ ਬਜਾਏ ਦੇਸ਼ ਦੇ ਲੋਕਾਂ ਨੂੰ ਧਰਮ ਅਧਾਰਤ ਵੰਡ ਰਹੀ ਹੈ। ਨਤੀਜੇ ਵਜੋਂ ਦੇਸ਼ ਦਾ ਹਰ ਪੱਖੋਂ ਵਿਕਾਸ ਰੁਕਿਆ ਪਿਆ ਹੈ। ਮੋਦੀ ਸਰਕਾਰ ਦੀਆਂ ਧਰਮ ਅਧਾਰਤ ਕਾਰਵਾਈਆਂ ਨੇ ਦੇਸ਼ ਦੇ ਅਕਸ ਨੂੰ ਦੁਨੀਆ ਪੱਧਰ 'ਤੇ ਢਾਹ ਲਾਈ ਹੈ। ਇਜਲਾਸ ਵਿੱਚ 25 ਮੈਂਬਰੀ ਤਹਿਸੀਲ ਕਮੇਟੀ ਦੀ ਚੋਣ ਕੀਤੀ ਗਈ ਜਿਸ ਦਾ ਸਕੱਤਰ ਵਿਜੇ ਕੁਮਾਰ ਸੋਹਲ ਨੂੰ ਚੁਣਿਆ ਗਿਆ। ਇਸ ਸਮੇ ਸਿਕੰਦਰ ਸਾਬੀ, ਪ੍ਰੇਮ ਸੋਨਾ, ਬਲਬੀਰ ਮਲਕਵਾਲ, ਬਲਬੀਰ ਉਚਾ ਧਕਾਲਾ, ਰਣਜੀਤ ਕੌਰ ਡਡਵ, ਦਲਜੀਤ ਸਿੰਘ ਰਣਜੀਤ ਬਾਗ, ਜੋਗਿੰਦਰ ਪਾਲ ਲੇਹਲ ਅਤੇ ਬਲਕਾਰ ਸਿੰਘ ਦੀਨਾਨਗਰ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਆਰੰਭੇ 'ਯੁੱਧ ਨਸ਼ਿਆਂ ਵਿਰੁੱਧ' ਨੂੰ ਮਿਲ ਰਹੀ ਵੱਡੀ ਕਾਮਯਾਬੀ : ਵਿਧਾਇਕ ਰੰਧਾਵਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**– ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਆਰੰਭੇ ਗਏ ਯੁੱਧ ਨਸ਼ਿਆਂ ਵਿਰੁੱਧ ਨੂੰ ਵੱਡੀ ਕਾਮਯਾਬੀ ਮਿਲ ਰਹੀ ਹੈ ਅਤੇ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਸੂਬਾ ਪੰਜਾਬ ਨਸ਼ਿਆਂ ਤੋਂ ਮੁਕਤ ਹੋ ਕੇ ਇੱਕ ਵਾਰ ਫਿਰ ਰੰਗਲਾ ਪੰਜਾਬ ਬਣੇਗਾ।ਇਹ ਪ੍ਰਗਟਾਵਾ ਕਰਦਿਆਂ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਦਿਆਂ 1 ਮਾਰਚ ਤੋਂ 2575 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਸੂਬੇ ਭਰ ਵਿੱਚ 1651 ਐਫ ਆਈ ਆਰ ਦਰਜ ਕੀਤੀਆਂ ਹਨ। ਇਸ ਮੁਹਿੰਮ ਦੌਰਾਨ ਪੁਲਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 95 ਕਿੱਲੋ ਹੈਰੋਇਨ, 52 ਕਿੱਲੋ ਅਫ਼ੀਮ, 1129 ਕਿੱਲੋ ਭੁੱਕੀ, 13.79 ਕਿੱਲੋ ਗਾਂਜਾ, 7.25 ਲੱਖ ਨਸ਼ੀਲੀਆਂ ਗੋਲੀਆਂ/ਟੀਕੇ, 1 ਕਿੱਲੋ ਆਈਸ ਸੀ ਈ, 1.37 ਕਿੱਲੋ ਕੋਕੀਨ ਅਤੇ 64 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।ਵਿਧਾਇਕ ਰੰਧਾਵਾ ਨੇ ਕਿਹਾ ਕਿ ਜਿੱਥੇ ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਜਾਰੀ ਹੈ ਓਥੇ ਰਾਜ ਸਰਕਾਰ ਵੱਲੋਂ ਨਸ਼ੇ ਤੋਂ ਪੀੜਤ ਨੌਜਵਾਨਾਂ ਦੇ ਮੁਫ਼ਤ ਇਲਾਜ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਦੇ ਨਾਲ ਜਨ-ਸਧਾਰਨ ਨੂੰ ਨਸ਼ਿਆਂ ਖ਼ਿਲਾਫ਼ ਯੁੱਧ ਲਈ ਲਾਮਬੱਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਸੇਫ਼ ਪੰਜਾਬ ਐਂਟੀ-ਡਰੱਗ ਹੈਲਪ ਲਾਈਨ 9779100200 ਚਲਾਈ ਜਾ ਰਹੀ ਹੈ, ਜਿਸ ਰਾਹੀਂ ਨਾਗਰਿਕ ਨਸ਼ਾ ਤਸਕਰਾਂ ਦੀ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਦੇ ਹਨ।

# ਕੈਬਨਿਟ ਮੰਤਰੀ ਨੇ ਮ੍ਰਿਤਕ ਗੁਰਸੇਵਕ ਦੇ ਪਰਵਾਰ ਨੂੰ ਦਿੱਤਾ ਇੱਕ ਲੱਖ ਦਾ ਚੈੱਕ



**ਤਰਸਿੱਕਾ, ਜੰਡਿਆਲਾ ਗੁਰੂ (ਤਰਸੇਮ ਸਿੰਘ ਸਾਧਪੁਰ/ਹਰਿੰਦਰ ਪਾਲ ਸਿੰਘ)**–ਬੀਤੇ ਦਿਨੀਂ ਖੱਬੇ ਰਾਜਪੂਤਾਂ ਵਿਖੇ ਫੁੱਟਬਾਲ ਟੂਰਨਾਮੈਂਟ ਦੀ ਸਮਾਪਤੀ 'ਤੇ ਇਨਾਮ ਵੰਡ ਸਮਾਰੋਹ ਦੌਰਾਨ ਅਚਾਨਕ ਵਾਪਰੇ ਗੋਲੀਕਾਂਡ ਦੌਰਾਨ ਪਿੰਡ ਨੰਗਲੀ ਦੇ ਫੁੱਟਬਾਲ ਖਿਡਾਰੀ ਗੁਰਸੇਵਕ ਸਿੰਘ (40) ਪੁੱਤਰ ਦਲਬੀਰ ਸਿੰਘ ਦੀ ਮੌਤ ਹੋ ਗਈ ਸੀ। ਉਹ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ, ਦੇ ਬੀਤੇ ਦਿਨ ਪਿੰਡ ਨੰਗਲੀ ਗੁਰੂ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੌਰਾਨ ਵਿਸ਼ੇਸ਼ ਤੌਰ 'ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਪੁੱਜੇ। ਈ ਟੀ ਓ ਨੇ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਮ੍ਰਿਤਕ ਗੁਰਸੇਵਕ ਸਿੰਘ ਦੇ ਪਰਵਾਰ ਨੂੰ ਇਕ ਲੱਖ ਰੁਪਏ ਦਾ ਚੈਕ ਭੇਟ ਕੀਤਾ ਅਤੇ ਐਲਾਨ ਕੀਤਾ ਕਿ ਗੁਰਸੇਵਕ ਸਿੰਘ ਦੇ ਨਾਂਅ 'ਤੇ ਖੇਡ ਸਟੇਡੀਅਮ ਬਣਾਇਆ ਜਾਵੇਗਾ ਅਤੇ ਪਰਵਾਰ ਦੀ ਹਰ ਸੰਭਵ ਆਰਥਿਕ ਮਦਦ ਵੀ ਕੀਤੀ ਜਾਵੇਗੀ। ਉਨ੍ਹਾਂ ਪਰਵਾਰ ਨੂੰ ਮਕਾਨ ਦੀ ਮੁੜ ਉਸਾਰੀ ਕਰਵਾਉਣ ਦਾ ਭਰੋਸਾ ਵੀ ਦਿੱਤਾ।

ਉਨ੍ਹਾਂ ਕਿਹਾ ਕਿ ਗੁਰਸੇਵਕ ਸਿੰਘ ਦੀ ਕਮੀ ਤਾਂ ਹਮੇਸ਼ਾ ਪਰਵਾਰ ਨੂੰ ਰੜਕੇਗੀ ਪਰ ਅਸੀਂ ਪਰਵਾਰ ਨਾਲ ਹਰ ਦੁੱਖ ਸੁਖ ਦੀ ਘੜੀ ਵਿੱਚ ਸਾਥ ਦਿਆਂਗੇ। ਉਨ੍ਹਾਂ ਕਿਹਾ ਕਿ ਫੁੱਟਬਾਲ ਦੇ ਖਿਡਾਰੀ ਗੁਰਸੇਵਕ ਸਿੰਘ ਦਾ ਮਾੜੇ ਅਨਸਰਾਂ ਦੀ ਗੋਲੀ ਦਾ ਸ਼ਿਕਾਰ ਹੋ ਜਾਣਾ ਬਹੁਤ ਮੰਦਭਾਗਾ ਹੈ ਅਤੇ ਇਸ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ। ਇਸ ਮੌਕੇ ਚੇਅਰਮੈਨ ਗੁਰਵਿੰਦਰ ਸਿੰਘ ਖੱਬੇ ਰਾਜਪੂਤਾਂ, ਚੇਅਰਮੈਨ ਗੁਰਨਿੰਦਰ ਸਿੰਘ, ਸਰਪੰਚ ਸੁਰਜਨ ਸਿੰਘ ਨੰਗਲੀ, ਸਰਦੂਲ ਸਿੰਘ ਮੈਂਬਰ, ਹੀਰਾ ਸਿੰਘ ਮੈਂਬਰ, ਜਰਮਨ ਸਿੰਘ ਉਦੋਨੰਗਲ, ਸਰਪੰਚ ਅਜੈ ਗਾਂਧੀ, ਸਰਪੰਚ ਪਰਮਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਵਾ ਵਾਸੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਉਦਯੋਗਿਕ ਖੇਤਰ ਦੇ ਵਿਕਾਸ ਲਈ ਉਪਰਾਲੇ ਜਾਰੀ : ਸ਼ੈਰੀ ਕਲਸੀ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**– ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਉਦਯੋਗਿਕ ਖੇਤਰ ਦੇ ਵਿਕਾਸ ਲਈ ਨਿਰੰਤਰ ਉਪਰਾਲੇ ਕਰ ਰਹੀ ਹੈ ਅਤੇ ਸੂਬਾ ਸਰਕਾਰ ਉਦਯੋਗਿਕ ਖੇਤਰ ਲਈ ਪੁਲ ਵਾਂਗ ਕੰਮ ਕਰ ਰਹੀ ਹੈ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਪੰਜਾਬ ਅੱਜ ਉਦਯੋਗਿਕ ਵਿਕਾਸ ਵਿੱਚ ਮੋਹਰੀ ਸੂਬਾ ਬਣ ਕੇ ਉਭਰਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਨਅਤਕਾਰਾਂ ਨਾਲ ਮਿਲਣੀਆਂ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣ ਕੇ ਹੱਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਧਿਆਨ ਵਿੱਚ ਆਉਣ ਵਾਲੇ ਹਰ ਮੁੱਦੇ ਨੂੰ ਹੱਲ ਕੀਤਾ ਜਾ ਰਿਹਾ ਹੈ। ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਅਧਿਕਾਰੀਆਂ ਵੱਲੋਂ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਦਾ ਹੱਲ ਉਨ੍ਹਾਂ ਦੇ ਕੋਲ ਜਾ ਕੇ ਕੀਤਾ ਜਾ ਰਿਹਾ ਹੈ।

ਸੂਬਾ ਸਰਕਾਰ ਨੇ ਉਦਯੋਗ ਦੀਆਂ ਸਮੱਸਿਆਵਾਂ ਨੂੰ ਸਰਗਰਮੀ ਨਾਲ ਸੁਣਿਆ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਉਦਯੋਗਿਕ ਵਿਕਾਸ ਦੀ ਇਹ ਗਤੀ ਜਾਰੀ ਰਹੇਗੀ ਕਿਉਂਕਿ ਸੂਬਾ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਉਦਯੋਗਿਕ-ਪੱਖੀ ਨੀਤੀ ਲਿਆਂਦੀ ਗਈ ਹੈ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ, ਭਾਵੇਂ ਉਹ ਉਦਯੋਗ ਹੋਵੇ, ਖੇਤੀਬਾੜੀ ਹੋਵੇ ਜਾਂ ਹੋਰ।

## ਮਹਾਜਨ ਸਭਾ ਯੂਥ ਵਿੰਗ ਸੰਸਥਾ ਨੇ ਮਾਨਵਤਾ ਦੀ ਸੇਵਾ 'ਚ ਦਿੱਤਾ ਆਪਣਾ ਯੋਗਦਾਨ



ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ) ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਜੋ ਕਿ ਪਿਛਲੇ ਚਾਰ ਸਾਲ ਤੋਂ ਮਾਨਵਤਾ ਦੀ ਸੇਵਾ ਵਿੱਚ ਆਪਣਾ ਯੋਗਦਾਨ ਦੇ ਰਿਹਾ ਹੈ।ਜਿਸ ਵਿੱਚ ਮਹਾਜਨ ਸਭਾ ਯੂਥ ਵਿੰਗ ਸੰਸਥਾ ਪਠਾਨਕੋਟ ਨੇ ਬਜ਼ੁਰਗਾਂ ਦੇ ਲਈ ਕੁਝ ਲੋੜਮੰਦ/ਜ਼ਰੂਰੀ ਵਸਤੂਆਂ ਭੇਟ ਕੀਤੀਆਂ ਅਤੇ ਉਨ੍ਹਾਂ ਨੇ ਬਜ਼ੁਰਗਾਂ ਨਾਲ ਦੁੱਖ ਸਾਂਝੇ ਕੀਤੇ ਉਹਨਾਂ ਦਾ ਹਾਲਚਾਲ ਜਾਣਿਆ ਅਤੇ ਕਿਹਾ ਕਿ ਜੇਕਰ ਤੁਹਾਨੂੰ ਕਦੇ ਵੀ ਕਿਸੇ ਵੀ ਚੀਜ਼ ਦੀ ਜਰੂਰਤ ਹੁੰਦੀ ਹੈ ਤਾਂ ਤੁਸੀਂ ਸਾਨੂੰ ਦੱਸ ਸਕਦੇ ਹੋ ਅਸੀਂ ਤੁਹਾਡੀ ਜਰੂਰ ਸਹਾਇਤਾ ਕਰਾਂਗੇ। ਅਸੀਂ ਵੀ ਤੁਹਾਡੇ ਹੀ ਬੱਚੇ ਹਾਂ ਸਾਡਾ ਨਿਜੀ ਫਰਜ਼ ਬੰਦਾ ਹੈ ਕਿ ਅਸੀਂ ਆਪਣੇ ਮਾਤਾ ਪਿਤਾ ਦੀ ਜਰੂਰ ਸਹਾਇਤਾ ਕਰੀਏ।ਇਸ ਦੇ ਨਾਲ ਉਹਨਾਂ ਨੇ ਆਸ਼ਰਮ ਪ੍ਰਬੰਧਕਾਂ ਨੂੰ ਕਿਹਾ ਕਿ ਅਸੀਂ ਜ਼ਿੰਦਗੀ ਵਿੱਚ ਬਹੁਤ ਸਾਰੇ ਪ੍ਰੋਜੈਕਟ ਕੀਤੇ ਹਨ, ਪਰ ਜੋ ਖੁਸ਼ੀ ਦਿਲ ਨੂੰ ਸਕੂਨ ਇਸ ਬ੍ਰਿਧ ਘਰ ਵਿੱਚ ਆ ਕੇ ਇੱਥੋਂ ਦੇ ਮਾਹੌਲ ਨੂੰ ਦੇਖ ਕੇ ਮਿਲਿਆ ਹੈ। ਉਹ ਅਸੀਂ ਆਪਣੇ ਸ਼ਬਦਾਂ ਦੇ ਰਾਹੀਂ ਤੁਹਾਨੂੰ ਬਿਆਨ ਨਹੀਂ ਕਰ ਸਕਦੇ।ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨਾਲ ਗੱਲਬਾਤ ਕਰਦੇ ਹੋਏ ਮਹਾਜਨ ਸਭਾ ਦੇ ਪ੍ਰਧਾਨ ਮਾਨਵ ਨੇ ਕਿਹਾ ਕਿ ਅਸੀਂ ਆਪ ਜੀ ਦੇ ਨਾਲ ਇਹ ਵਾਅਦਾ ਕਰਦੇ ਹਾਂ ਕਿ ਜਿੱਥੇ ਵੀ ਤੁਹਾਨੂੰ ਸਾਡੀ ਸਹਾਇਤਾ ਦੀ ਜਰੂਰਤ ਹੋਵੇਗੀ ਤੁਸੀਂ ਸਾਨੂੰ ਜਰੂਰ ਦੱਸਿਓ।ਅਸੀਂ ਤੁਹਾਡੀ ਸਹਾਇਤਾ ਪਹਿਲ ਦੇ ਅਧਾਰ 'ਤੇ ਜਰੂਰ ਕਰਾਂਗੇ।ਸਾਰੀ ਗੱਲਬਾਤ ਸੁਣਨ ਤੋਂ ਬਾਅਦ ਆਸ਼ਰਮ ਪ੍ਰਬੰਧਕ ਪ੍ਰਧਾਨ ਸਤਨਾਮ ਸਿੰਘ ਅਤੇ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਆਏ ਹੋਏ ਮਹਾਜਨ ਸਭਾ ਸੰਸਥਾ ਯੂਥ ਵਿੰਗ ਦੇ ਸਾਰੇ ਟੀਮ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਮਾਨ ਸਭਾ ਦੇ ਪ੍ਰਧਾਨ ਸ਼੍ਰੀਮਾਨ ਮਾਨਵ ਮਹਾਜਨ, ਅਖਿਲ ਭਾਟੀਆ, ਰੋਹਿਤ ਗੁਪਤਾ , ਮੁਨੀਸ਼ ਮਹਾਜਨ, ਰਿਸ਼ਵ ਮਹਾਜਨ , ਸੌਰਵ, ਜਤਿਨ ਮਹਾਜਨ, ਅਸਿਸ਼ ਮਹਾਜਨ, ਰਿਤਿਕ ਮਹਾਜਨ ਤੇ ਆਸ਼ਰਮ ਸਮੂਹ ਸਟਾਫ ਮੈਂਬਰ ਮੌਜੂਦ ਸਨ।

# ਮਰੀਜ਼ਾਂ ਦੀ ਦਿੱਕਤ ਦਾ ਪਹਿਲ ਦੇ ਅਧਾਰ 'ਤੇ ਹੱਲ ਹੋਵੇ : ਡਾ. ਕਲਸੀ



**ਗੁਰਦਾਸਪੁਰ (ਦਿਨੇਸ਼ ਕੁਮਾਰ)**–ਡਾਇਰੈਕਟਰ ਸਿਹਤ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਗੁਰਦਾਸਪੁਰ ਡਾ. ਪ੍ਰਭਜੋਤ ਕੌਰ ਕਲਸੀ ਵੱਲੋਂ ਜ਼ਿਲ੍ਹੇ ਵਿੱਚ ਸਿਹਤ ਸਹੂਲਤਾਂ ਦੀ ਸਮੀਖਿਆ ਲਈ ਸੀ ਐਚ ਸੀ ਕੋਟ ਸੰਤੋਖ ਰਾਏ ਅਤੇ ਧਾਰੀਵਾਲ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸੰਸਥਾ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦੀ ਸਮੀਖਿਆ ਕੀਤੀ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ । ਉਨ੍ਹਾਂ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਨਾਲ ਗੱਲਬਾਤ ਕੀਤੀ । ਮਿਲ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਲਈ। ਇਸ ਦੇ ਨਾਲ ਹੀ ਔਟ ਕਲੀਨਿਕ ਵਿੱਚ ਆਏ ਮਰੀਜ਼ਾਂ ਨਾਲ ਗੱਲਬਾਤ ਕੀਤੀ । ਈ-ਔਸ਼ਧੀ ਅਧੀਨ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਮੁਫ਼ਤ ਦਵਾਈਆਂ ਦਾ ਬਿਉਰਾ ਲਿਆ। ਉਨ੍ਹਾਂ ਹਦਾਇਤ ਕੀਤੀ ਕਿ ਮਰੀਜ਼ਾਂ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਤੈਅ ਦਵਾਈਆਂ ਮੁਫ਼ਤ ਮੁਹੱਈਆ ਕਰਵਾਈਆਂ ਜਾਣ। ਔਟ ਮਰੀਜ਼ਾਂ ਦੀ ਕਾਊਂਸਲਿੰਗ ਕੀਤੀ ਜਾਵੇ । ਆਯੁਸ਼ਮਾਨ ਕਾਰਡ ਧਾਰਕਾਂ ਨੂੰ ਇਲਾਜ ਮੁਹੱਈਆ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਸੰਸਥਾ ਮੁਖੀ ਵੱਲੋਂ ਸਮੇਂ ਸਮੇਂ 'ਤੇ ਵਿਭਾਗ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਦੀ ਸਮੀਖਿਆ ਕੀਤਾ ਜਾਵੇ।ਇਸ ਮੌਕੇ ਡਾ. ਪ੍ਰਭਜੋਤ ਕਲਸੀ ਨੇ ਕਿਹਾ ਕਿ ਗੈਰ ਸੰਚਾਰੀ ਰੋਗਾਂ ਦੀ ਰੋਕਥਾਮ ਲਈ ਵੱਧ ਤੋਂ ਵੱਧ ਕੈਂਪ ਲਾਏ ਜਾਣ। ਉਨ੍ਹਾਂ ਕਿਹਾ ਕਿ ਗਰਭ ਅਵਸਥਾ ਦੌਰਾਨ ਦੇਖਭਾਲ, ਉੱਚ ਜੋਖਮ ਵਾਲੀਆਂ ਗਰਭ ਅਵਸਥਾਵਾਂ ਦੀ ਪਛਾਣ, ਫ਼ੋਲੋਅਪ, ਜਨਮ ਤੋਂ ਬਾਅਦ ਦੀ ਦੇਖਭਾਲ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਗਰਭਵਤੀ ਔਰਤਾਂ ਨੂੰ ਉਨ੍ਹਾਂ ਦੀ ਖੁਰਾਕ, ਦੇਖਭਾਲ ਅਤੇ ਸਾਵਧਾਨੀਆਂ ਸੰਬੰਧੀ ਦੱਸਿਆ ਜਾਵੇ। ਯੋਗ ਜੋੜਿਆਂ ਨੂੰ ਗਰਭ ਅਵਸਥਾ ਦੀਆਂ ਸਮੱਸਿਆਵਾਂ ਸੰਬੰਧੀ ਪਹਿਲਾਂ ਤੋਂ ਹੀ ਜਾਗਰੂਕ ਕੀਤਾ ਜਾਵੇ। ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਗਰਭ ਕਾਲ ਦੌਰਾਨ ਅਤੇ ਜਣੇਪੇ ਦੇ ਬਾਅਦ 6 ਮਹੀਨੇ ਤੱਕ ਸਿਹਤ ਅਮਲੇ ਦੇ ਨਾਲ ਤਾਲਮੇਲ ਰੱਖਿਆ ਜਾਵੇ, ਰੁਟੀਨ ਚੈੱਕਅੱਪ ਯਕੀਨੀ ਬਣਾਇਆ ਜਾਵੇ, ਕਿਸੇ ਸਮੱਸਿਆ ਵੇਲੇ ਮਾਹਰ ਡਾਕਟਰ ਤੋਂ ਸਲਾਹ ਲਿੱਤੀ ਜਾਵੇ । ਖਤਰੇ ਦੇ ਚਿੰਨ੍ਹ ਵਾਲੇ ਕੇਸਾਂ ਦੀ ਸ਼ਨਾਖਤ ਕੀਤੀ ਜਾਵੇ ਅਤੇ ਉਨ੍ਹਾਂ ਦੀ ਪੂਰੀ ਦੇਖਭਾਲ ਕੀਤੀ ਜਾਵੇ। ਅਨੀਮੀਆ ਦੀ ਰੋਕਥਾਮ ਲਈ ਉਪਾਅ ਕੀਤੇ ਜਾਣ। ਹਰੇਕ 9 ਅਤੇ 23 ਤਰੀਕ ਨੂੰ ਪ੍ਰਧਾਨ ਮੰਤਰੀ ਸੁਰਕਸ਼ਿਤ ਮਾਤਰਤਵ ਅਭਿਆਨ ਤਹਿਤ ਗਰਭਵਤੀ ਮਾਵਾਂ ਦਾ ਚੈੱਕਅਪ ਯਕੀਨੀ ਬਣਾਇਆ ਜਾਵੇ । ਇਸ ਮੌਕੇ ਐਸ ਐਮ ਓ ਡਾ.ਰਵਿੰਦਰ ਸਿੰਘ, ਡਾ.ਅਮਰਦੀਪ ਸਿੰਘ ਬੈਂਸ, ਮੈਡੀਕਲ ਅਫਸਰ ਡਾ. ਹੇਮਲਤਾ, ਜ਼ਿਲ੍ਹਾ ਫਾਰਮੇਸੀ ਅਫਸਰ ਗੁਰਿੰਦਰ ਸਿੰਘ ਆਦਿ ਹਾਜ਼ਰ ਸਨ ।

# ਸਰਸ ਮੇਲੇ ਦਾ ਅਨੰਦ ਮਾਣਨ ਲਈ ਪੁੱਜੇ ਕੈਬਨਿਟ ਮੰਤਰੀ ਹਰਭਜਨ ਸਿੰਘ



**ਜੰਡਿਆਲਾ ਗੁਰੂ/ਅੰਮ੍ਰਿਤਸਰ (ਹਰਿੰਦਰ ਪਾਲ ਸਿੰਘ/ਨਰਿੰਦਰਜੀਤ ਸਿੰਘ)**–ਹਸਤ ਕਲਾ ਦੇ ਕਾਰੀਗਰਾਂ ਦੀ ਕਲਾ ਨੂੰ ਉਤਸ਼ਾਹਤ ਕਰਨ ਲਈ ਅੰਮ੍ਰਿਤਸਰ ਵਿੱਚ ਕਰਵਾਏ ਜਾ ਰਹੇ ਦਸ ਰੋਜ਼ਾ ਸਰਸ ਮੇਲੇ ਦੇ ਤੀਸਰੇ ਦਿਨ ਪੰਜਾਬੀ ਗਾਇਕ ਜੈ ਸਿੰਘ ਵਲੋਂ ਗਾਏ ਗੀਤਾਂ ਦਾ ਲੋਕਾਂ ਨੇ ਅਨੰਦ ਮਾਣਿਆ ਅਤੇ ਮੇਲੇ ਦਾ ਅਨੰਦ ਮਾਣਨ ਲਈ ਬੀਤੀ ਸ਼ਾਮ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵਿਸ਼ੇਸ਼ ਤੌਰ 'ਤੇ ਪੁੱਜੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਦਿ ਡੀ ਡੀ ਪੀ ਓ ਸੰਦੀਪ ਮਲਹੋਤਰਾ ਅਤੇ ਹੋਰ ਪਤਵੰਤੇ ਹਾਜ਼ਰ ਸਨ। ਮਹਿਮਾਨਾਂ ਨੇ ਇਸ ਮੌਕੇ ਜੈ ਸਿੰਘ ਦੀ ਗਾਇਕੀ ਦਾ ਅਨੰਦ ਮਾਣਿਆ।ਈ.ਟੀ.ਓ ਨੇ ਪੰਜਾਬ ਵਿੱਚ ਮੇਲਿਆਂ ਦਾ ਮਾਹੌਲ ਸਿਰਜਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਕਿਹਾ ਕਿ ਸਰਸ ਮੇਲਾ ਵੱਖ ਵੱਖ ਰਾਜਾਂ ਦੇ ਕਾਰੀਗਰਾਂ ਨੂੰ ਇਕ ਸਟੇਜ ਪ੍ਰਦਾਨ ਕਰਦਾ ਹੈ ਜਿਥੇ ਉਹ ਆਪਣੀਆਂ ਵਸਤਾਂ ਦੀ ਪ੍ਰਦਰਸ਼ਨੀ ਲਗਾਉਂਦੇ ਹਨ।

ਉਨਾਂ ਕਿਹਾ ਕਿ ਇਸ ਤੋਂ ਇਲਾਵਾ ਸਰਸ ਮੇਲੇ ਨਾਲ ਵੱਖ ਵੱਖ ਰਾਜਾਂ ਦੇ ਲੋਕਾਂ ਨੂੰ ਇਕ ਦੂਜੇ ਦੇ ਸਭਿਆਚਾਰ ਨੂੰ ਜਾਣਨ ਦਾ ਪਤਾ ਲੱਗਦਾ ਹੈ ਅਤੇ ਮੇਲੇ ਦੌਰਾਨ ਲੋਕ ਵੱਖ ਵੱਖ ਰਾਜਾਂ ਦੇ ਖਾਣੇ ਦਾ ਲੁਤਫ ਵੀ ਉਠਾਉਦੇ ਹਨ।ਉਹਨਾਂ ਕਿਹਾ ਕਿ ਇਹ ਛਿੰਝਾਂ, ਮੇਲੇ ਰੰਗਲੇ ਪੰਜਾਬ ਦੀ ਸ਼ੁਰੂਆਤ ਹੈ। ਉਨਾਂ ਜ਼ਿਲ੍ਹੇ ਦੇ ਵਾਸੀਆਂ ਨੂੰ ਮੇਲੇ ਦਾ ਆਨੰਦ ਮਾਣਨ ਲਈ ਖੁੱਲ੍ਹਾ ਸੱਦਾ ਦਿੱਤਾ। ਉਨਾਂ ਮੇਲੇ ਦੀ ਸਫ਼ਲਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦਾ ਧੰਨਵਾਦ ਕੀਤਾ।ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ ਨੇ ਦੱਸਿਆ ਕਿ 23 ਮਾਰਚ ਤੱਕ ਚੱਲਣ ਵਾਲੇ ਇਸ ਮੇਲੇ ਦੌਰਾਨ ਭਾਰਤ ਤੋਂ ਇਲਾਵਾ ਵਿਦੇਸ਼ਾਂ ਦੇ ਸਮਾਨ ਦੀ ਪ੍ਰਦਰਸ਼ਨੀ ਅਤੇ ਖਰੀਦ ਦਾ ਮੌਕਾ ਹੈ।

ਉਹਨਾਂ ਦੱਸਿਆ ਕਿ 19 ਮਾਰਚ ਨੂੰ ਜਿਊਣਾ ਅਦਲੀਵਾਲ ਅਤੇ ਮੌਂਟੀ ਵਾਰਸ ਵੀ, 20 ਮਾਰਚ ਨੂੰ ਹਰਿੰਦਰ ਸੋਹਲ, 21 ਮਾਰਚ ਨੂੰ ਪੰਜਾਬ ਦੇ ਪ੍ਰਸਿੱਧ ਗਾਇਕ ਰਵਿੰਦਰ ਗਰੇਵਾਲ ਅਤੇ 22 ਮਾਰਚ ਨੂੰ ਨਿਰਵੈਰ ਪੰਨੂ ਦਰਸ਼ਕਾਂ ਦੇ ਰੂਬਰੂ ਹੋਣਗੇ।

## ਸਫੀਪੁਰ ਵਿਖੇ ਹੋਲੇ ਮਹੱਲੇ ਸੰਬੰਧੀ ਲੰਗਰ ਲਗਾਏ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਪਿੰਡ ਸਫੀਪੁਰ ਦੇ ਅੱਡੇ ਵਿਖੇ ਪਿੰਡ ਦੀਆਂ ਸਮੂਹ ਸੰਗਤਾਂ ਨੇ ਰਲ ਮਿਲ ਕੇ ਹੋਲੇ ਮਹੱਲੇ ਦੇ ਸੰਬੰਧ ਵਿੱਚ ਗੁਰੂ ਕੇ ਲੰਗਰ ਲਗਾਏ ਗਏ ਜੋ ਸਾਰਾ ਦਿਨ ਅਟੁੱਟ ਚੱਲਦੇ ਰਹੇ।ਇਸ ਮੌਕੇ ਗ੍ਰੰਥੀ ਭਾਈ ਗੁਰਪ੍ਰੀਤ ਸਿੰਘ, ਬਾਬਾ ਸੁਖਵਿੰਦਰ ਸਿੰਘ, ਬਾਬਾ ਕੁਲਦੀਪ ਸਿੰਘ, ਸਾਬਕਾ ਸਰਪੰਚ ਦਿਲਬਾਗ ਸਿੰਘ ਸਫੀਪੁਰ, ਠੇਕੇਦਾਰ ਸਰਬਜੀਤ ਸਿੰਘ, ਠੇਕੇਦਾਰ ਹਰਮਨਜੀਤ ਸਿੰਘ, ਜਰਮਨ ਸਿੰਘ, ਯੁਵਰਾਜ ਸਿੰਘ, ਕੋਆਰਡੀਨੇਟਰ ਡਾ. ਲਖਵਿੰਦਰ ਸਿੰਘ ਬੰਡਾਲਾ, ਅਵਤਾਰ ਸਿੰਘ ਟੱਕਰ ਜਾਣੀਆਂ, ਕਾਬਲ ਸਿੰਘ, ਬਾਊ ਮਿਸਤਰੀ, ਸੁਖਦੇਵ ਸਿੰਘ, ਗੁਰਤਾਜਪ੍ਰੀਤ ਸਿੰਘ ਗਿੱਲ, ਮੈਂਬਰ ਪੰਚਾਇਤ ਸੁਖਦੇਵ ਸਿੰਘ, ਡਾਕਟਰ ਦਲੇਰ ਸਿੰਘ ਜੌਹਲ, ਕਲਾਕਾਰ ਦੇਵ ਜੌਹਲ ਤੋਂ ਇਲਾਵਾ ਇਲਾਕੇ ਦੀਆਂ ਕਈ ਹੋਰ ਸੰਗਤਾਂ ਨੇ ਗੁਰੂ ਕੇ ਲੰਗਰਾਂ ਦੀ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਤੇ ਪਿੰਡ ਸਫੀਪੁਰ ਦੀਆਂ ਬੀਬੀਆਂ, ਭੈਣਾਂ ਨੇ ਸੰਗਤਾਂ ਦੇ ਜੂਠੇ ਭਾਂਡੇ ਮਾਂਜ ਕੇ ਆਪਣੇ ਜੀਵਨ ਨੂੰ ਸਫਲ ਕੀਤਾ।

# ਕੁਸ਼ਟ ਰੋਗ ਦੇ ਖਾਤਮੇ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)– ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਵੱਲੋਂ ਕੁਸ਼ਟ ਜਾਗਰੂਕਤਾ ਮੁਹਿੰਮ ਦੌਰਾਨ ਵੱਖ ਵੱਖ ਨਰਸਿੰਗ ਕਾਲਜਾਂ ਵਿੱਚ ਜਾਦੂਗਰ ਸ਼ੋ ਕਰਵਾ ਕੇ ਕੁਸ਼ਟ ਰੋਗ ਪ੍ਰਤੀ ਜਾਗਰੂਕਤਾ ਦਾ ਸੁਨੇਹਾ ਦਿੱਤਾ ਗਿਆ। ਇਹਨਾਂ ਕਾਲਜਾਂ ਵਿੱਚ ਮਦਨ ਲਾਲ ਢੀਂਗਰਾ ਸਰਕਾਰੀ ਨਰਸਿੰਗ ਸਕੂਲ, ਗੌਰਮਿੰਟ ਮੈਡੀਕਲ ਕਾਲਜ ਆਫ ਨਰਸਿੰਗ ਅਤੇ ਸੀਕੇਡੀ ਨਰਸਿੰਗ ਕਾਲਜ ਸ਼ਾਮਿਲ ਹਨ। ਇਸ ਦੌਰਾਨ ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਕਿਹਾ ਕਿ ਇਹਨਾਂ ਪ੍ਰੋਗਰਾਮਾਂ ਰਾਹੀਂ ਆਮ ਲੋਕਾਂ ਨੂੰ ਕੁਸ਼ਟ ਰੋਗ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਜੋ ਇਸ ਰੋਗ ਦੇ ਲੱਛਣਾਂ ਬਾਰੇ ਸਭ ਨੂੰ ਸਹੀ ਜਾਣਕਾਰੀ ਮਿਲ ਸਕੇ ਅਤੇ ਇਸ ਰੋਗ ਦੇ ਲੱਛਣਾਂ ਵਾਲਾ ਮਰੀਜ਼ ਮਿਲਣ ਤੇ ਜਾਂਚ ਪੜਤਾਲ ਕਰਕੇ ਸਰਕਾਰੀ ਸਿਹਤ ਕੇਂਦਰ ਤੇ ਜਲਦੀ ਤੋਂ ਜਲਦੀ ਇਲਾਜ ਲਈ ਭੇਜਿਆ ਜਾ ਸਕੇ। ਇਸ ਮੁਹਿੰਮ ਦੌਰਾਨ ਕੁਸ਼ਟ ਰੋਗ ਦੇ ਇਲਾਜ ਅਤੇ ਦਵਾਈਆਂ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ। ਜਿਵੇਂ ਕਿ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਕੋਈ ਅਜਿਹਾ ਨਿਸ਼ਾਨ ਜਿਸ ਦਾ ਰੰਗ ਲਾਲ ਚਿੱਟਾ ਜਾਂ ਤਾਂਬੇ ਰੰਗ ਦਾ ਹੋਵੇ ਜਿਸ ਤੇ ਛੋਹ ਮਹਿਸੂਸ ਨਾ ਹੁੰਦੀ ਹੋਵੇ ਅਤੇ ਠੰਢਾ ਗਰਮ ਵੀ ਨਾ ਮਹਿਸੂਸ ਹੁੰਦਾ ਹੋਵੇ, ਇਸ ਦੇ ਨਾਲ ਹੀ ਹੱਥਾਂ ਪੈਰਾਂ 'ਤੇ ਆਪਣੇ ਆਪ ਛਾਲੇ ਪੈ ਕੇ ਜ਼ਖਮ ਹੋ ਜਾਣਾ ਇਹ ਸਾਰੀਆਂ ਕੁਸ਼ਟ ਰੋਗ ਦੀਆਂ ਨਿਸ਼ਾਨੀਆਂ ਹਨ। ਇਸ ਦਾ ਇਲਾਜ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਮੁਫਤ ਕੀਤਾ ਜਾਂਦਾ।ਇਸ ਮੌਕੇ ਜ਼ਿਲ੍ਹਾ ਲੈਪਰੋਸੀ ਅਫਸਰ ਡਾ. ਹਰਪ੍ਰੀਤ ਕੌਰ, ਜ਼ਿਲ੍ਹਾ ਐਮ ਆਈ ਓ ਅਮਰਦੀਪ ਸਿੰਘ, ਲੈਪਰੋਸੀ ਸੁਪਰਵਾਈਜ਼ਰ ਗੁਰਪ੍ਰੀਤ ਸਿੰਘ, ਲੈਪਰੋਸੀ ਸੁਪਰਵਾਈਜ਼ਰ ਮਨਿੰਦਰ ਕੌਰ ਸਮੇਤ ਸਮੂਹ ਸਟਾਫ ਹਾਜ਼ਰ ਸੀ।

# ਜ਼ਿਲ੍ਹਾ ਪੱਧਰੀ ਖੋ-ਖੋ ਟੀਮ ਦੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ) ਸਰਕਾਰੀ ਸਕੂਲਾਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਜਿਸ ਵੀ ਖੇਤਰ ਵਿੱਚ ਪੈਰ ਰੱਖਦੇ ਹਨ ਉਸੇ ਖੇਤਰ ਵਿੱਚ ਨਵਾਂ ਕੀਰਤੀਮਾਨ ਸਥਾਪਤ ਕਰਦੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪਠਾਨਕੋਟ -1 ਪੰਕਜ ਅਰੋੜਾ ਵੱਲੋਂ ਜ਼ਿਲ੍ਹਾ ਪੱਧਰੀ ਖੋ-ਖੋ ਟੀਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡਣ ਲਈ ਸਰਕਾਰੀ ਪ੍ਰਾਇਮਰੀ ਸਕੂਲ ਨੋਮਾਲਾ ਦੇ ਹੈੱਡ ਟੀਚਰ ਨੀਰਜ਼ ਠਾਕੁਰ ਦੀ ਅਗਵਾਈ ਹੇਠ ਰੱਖੇ ਸਮਾਰੋਹ ਦੌਰਾਨ ਕੀਤਾ ਗਿਆ।ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਖੇਡ ਵਿੱਚ ਭਾਗ ਜ਼ਰੂਰ ਲੈਣਾ ਚਾਹੀਦਾ ਹੈ ਤਾਂ ਕਿ ਉਹ ਕਿਸੇ ਵੀ ਖੇਤਰ ਵਿੱਚ ਪਿਛੇ ਨਾ ਰਹਿਣ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਇਸ ਲਈ ਮਾਪੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ।ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਦਿਆਂ ਕਿਹਾ ਕਿ ਹਰ ਵਿਦਿਆਰਥੀ ਕਿਸੇ ਨਾ ਕਿਸੇ ਖੇਡ ਵਿੱਚ ਭਾਗ ਜ਼ਰੂਰ ਲਵੇ ਤਾਂ ਜੋ ਉਨ੍ਹਾਂ ਦਾ ਸਰਵਪੱਖੀ ਵਿਕਾਸ ਹੋ ਸਕੇ। ਇਸ ਮੌਕੇ ਸਰਪੰਚ ਜਗਦੇਵ ਸਿੰਘ ਹੈਪੀ, ਸਾਬਕਾ ਸਰਪੰਚ ਪਿੰਕਾ, ਸਮਾਜ ਸੇਵਕ ਬਿਕਰਮ ਸਿੰਘ, ਐਕਸ ਸਰਵਿਸਮੈਨ ਸੁਰਜੀਤ ਸਿੰਘ, ਹੈੱਡ ਮਾਸਟਰ ਸਹਸ ਨੋਮਲਾ ਮਹਿੰਦਰ ਸਿੰਘ, ਹਿੰਮਤ ਸਿੰਘ, ਨਿਧਿ ਬਾਲਾ ਆਦਿ ਹਾਜ਼ਰ ਸਨ।

# ਬਟਾਲਾ ਪੁਲਸ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਸੋਹੀਆਂ 'ਚ ਜਾਗਰੂਕਤਾ ਸੈਮੀਨਾਰ




**ਬਟਾਲਾ (ਡਾਕਟਰ ਮਲਵਿੰਦਰ ਸਿੰਘ)**– ਸੁਹੇਲ ਕਾਸਿਮ ਮੀਰ ਐਸ.ਐਸ.ਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਸ਼ਕਤੀ ਹੈਲਪ ਡੈਸਕ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਸੋਹੀਆਂ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।

ਇਸ ਮੌਕੇ ਵਿਦਿਆਰਥੀਆਂ ਨੂੰ ਗੁੱਡ ਟੱਚ, ਬੈਡ ਟੱਚ, ਵਾਤਾਵਰਣ ਦੀ ਸੰਭਾਲ, ਨਸ਼ਿਆਂ ਦੇ ਦੁਰਪ੍ਰਭਾਵਾਂ ਅਤੇ ਹੈਲਪ ਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਜਸਵੰਤ ਕੌਰ, ਐਸ.ਪੀ. (ਐੱਚ) ਬਟਾਲਾ ਨੇ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਵਿਖੇ ਵੱਖ-ਵੱਖ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੇ ਨਾਲ-ਨਾਲ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਅੱਗੇ ਦੱਸਿਆ ਕਿ ਬਟਾਲਾ ਪੁਲਸ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਦੇ ਨਾਲ ਖੇਡਾਂ ਵੱਲ ਉਤਸ਼ਾਹਤ ਕੀਤਾ ਜਾ ਰਿਹਾ ਹੈ। ਐਸ.ਪੀ.(ਐੱਚ) ਬਟਾਲਾ ਨੇ ਅੱਗੇ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਵਾਤਾਵਰਣ ਦੀ ਸੰਭਾਲ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ। ਉਨ੍ਹਾਂ ਕਿਹਾ ਕਿ ਜਿਥੇ ਪੌਦੇ ਲਗਾਉਣੇ ਜ਼ਰੂਰੀ ਹਨ, ਉਸ ਦੇ ਨਾਲ-ਨਾਲ ਪੌਦਿਆਂ ਦੀ ਸਾਂਭ ਸੰਭਾਲ ਕਰਨੀ ਵੀ ਬਹੁਤ ਜ਼ਰੂਰੀ ਹੈ।

## 29 ਨੂੰ ਮਨਾਈ ਜਾਵੇਗੀ ਸ਼ਹੀਦ ਬਾਕੀਪੁਰ ਦੀ ਬਰਸੀ : ਕੋਟ ਬੁੱਢਾ



ਪੱਟੀ, (ਬਲਦੇਵ ਸਿੰਘ ਸੰਧੂ)–ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਵੱਲੋਂ ਮਾਨਾਂਵਾਲਾ ਰੇਲਵੇ ਫਾਟਕ ਤੇ ਧਰਨੇ ਦੌਰਾਨ ਸ਼ਹੀਦ ਕਿਸਾਨ ਅੰਗਰੇਜ ਸਿੰਘ ਬਾਕੀਪੁਰ ਦੀ ਬਰਸੀ 29 ਮਾਰਚ ਨੂੰ ਮਨਾਉਣ ਸੰਬੰਧੀ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੰਨ 2000 ਤੋਂ ਉਹਨਾ ਦੀ ਜਥੇਬੰਦੀ ਕਿਸਾਨਾਂ ਮਜਦੂਰਾਂ ਦੀਆ ਮੁਸ਼ਕਲਾਂ ਨੂੰ ਲੈ ਕੇ ਸਰਕਾਰਾਂ ਦੇ ਖਿਲਾਫ ਸੰਘਰਸ਼ ਲੜਦੀ ਆ ਰਹੀ ਹੈ। ਕਿਸਾਨਾਂ ਨੂੰ ਮੋਟਰਾਂ ਦੇ ਬਿੱਲ ਲਗਾਉਣ ਤੇ ਗਰੀਬਾਂ ਨੂੰ 200 ਯੂਨਿਟ ਬਿਜਲੀ ਮੁਆਫੀ ਸਰਕਾਰ ਵੱਲੋਂ ਵਾਪਸ ਲੈਣ ਦੇ ਰੋਸ ਵਜੋਂ 2004 ਵਿਚ ਸਰਕਾਰ ਖਿਲਾਫ ਕਿਸਾਨ ਸੰਘਰਸ਼ ਕਮੇਟੀ ਵੱਲੋਂ ਮਾਨਾਂਵਾਲਾ ਰੇਲਵੇ ਸਟੇਸ਼ਨ 'ਤੇ ਧਰਨਾ ਦਿੱਤਾ ਜਾ ਰਿਹਾ ਸੀ।ਮੌਕੇ ਦੀ ਸਰਕਾਰ ਵੱਲੋਂ ਪੁਲਸ ਨੂੰ ਹੁਕਮ ਦੇ ਕੇ ਧਰਨੇ 'ਚ ਬੈਠੇ ਕਿਸਾਨਾਂ 'ਤੇ ਪੁਲਸ ਵੱਲੋਂ ਗੋਲੀ ਚਲਵਾ ਦਿੱਤੀ ਗਈ ਸੀ।ਇਸ ਗੋਲੀ ਨਾਲ ਕਿਸਾਨ ਅੰਗਰੇਜ ਸਿੰਘ ਬਾਕੀ 29 ਮਾਰਚ 2004 ਨੂੰ ਸ਼ਹੀਦ ਹੋ ਗਿਆ ਸੀ।ਕੋਟ ਬੁੱਢਾ ਨੇ ਦੱਸਿਆ ਕਿ 29 ਮਾਰਚ ਨੂੰ ਅਨਾਜ ਮੰਡੀ ਹਰੀਕੇ ਪੱਤਣ ਵਿਖੇ ਅੰਗਰੇਜ ਸਿੰਘ ਬਾਕੀਪੁਰ ਦੀ ਬਰਸੀ ਮੌਕੇ ਸਿੱਖ ਸਦਭਾਵਨਾ ਦਲ ਦੇ ਆਗੂ ਭਾਈ ਬਲਦੇਵ ਸਿੰਘ ਵਡਾਲਾ ਵੀ ਪਹੁੰਚ ਰਹੇ ਹਨ। ਕਿਸਾਨਾਂ ਮਜਦੂਰਾਂ ਨੂੰ ਅਪੀਲ ਕੀਤੀ ਗਈ ਹੈ ਆਪਣੇ ਪਰਿਵਾਰਾਂ ਸਮੇਤ ਅਨਾਜ ਮੰਡੀ ਹਰੀਕੇ ਵਿਖੇ ਪਹੁੰਚ ਕਿ ਸ਼ਹੀਦ ਕਿਸਾਨ ਬਾਕੀਪੁਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ।

# ਪ੍ਰਧਾਨ ਜਵੰਦ ਸਿੰਘ ਦੇ ਬੇਟੇ 'ਤੇ ਗੋਲੀ ਚਲਾਉਣ ਦੀ ਪੁਰਜ਼ੋਰ ਨਿਖੇਧੀ





ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)–ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਜਵੰਦ ਸਿੰਘ ਜਿਨ੍ਹਾਂ ਦੀ ਇੱਕ ਮੋਟਰਸਾਈਕਲ ਆਦਿ ਦੀ ਦੁਕਾਨ ਸਠਿਆਲੀ ਪੁਲ 'ਤੇ ਹੈ, ਪਿਛਲੇ ਕੱਲ੍ਹ ਉਹ ਖ਼ੁਦ ਲੁਧਿਆਣਾ ਵਿਖੇ ਪੈਨਸ਼ਨਰਜ਼ ਜੁਆਇੰਟ ਫਰੰਟ ਦੀ ਪੰਜਾਬ ਪੱਧਰੀ ਚੋਣ ਵਿੱਚ ਭਾਗ ਲੈਣ ਹਿਤ ਗਏ ਹੋਏ ਸਨ। ਉਨ੍ਹਾਂ ਦੇ ਬਾਹਰ ਹੋਣ ਕਾਰਨ ਉਨ੍ਹਾਂ ਦਾ ਬੇਟਾ ਇਕਬਾਲ ਸਿੰਘ ਸ਼ਾਮ ਨੂੰ ਦੁਕਾਨ ਬੰਦ ਕਰ ਰਿਹਾ ਸੀ, ਜਿਸ ਦੌਰਾਨ ਕੁਝ ਲੁਟੇਰਿਆਂ ਵੱਲੋਂ ਲੁੱਟ ਦੀ ਨੀਅਤ ਨਾਲ ਉਸ ਉੱਤੇ ਗੋਲੀ ਚਲਾ ਦਿੱਤੀ ਗਈ, ਜੋ ਉਸ ਦੇ ਪੇਟ ਵਿੱਚ ਲੱਗੀ ਅਤੇ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉਸ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਸਥਾਨਕ ਹਸਪਤਾਲ ਵੱਲੋਂ ਉਸ ਨੂੰ ਅੰਮ੍ਰਿਤਸਰ ਭੇਜ ਦਿੱਤਾ ਗਿਆ। ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਪੈਨਸ਼ਨਰਾਂ ਵੱਲੋਂ ਇਸ ਘਟਨਾ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ ਅਤੇ ਪੰਜਾਬ ਸਰਕਾਰ ਕੋਲੋਂ ਲੋਕਾਂ ਦੀ ਜਾਨ-ਮਾਲ ਦੀ ਰਾਖੀ ਜੋ ਕਿ ਸਰਕਾਰ ਦੀ ਜ਼ੁੰਮੇਵਾਰੀ ਬਣਦੀ ਹੈ, ਕਰਨ ਦੀ ਮੰਗ ਕੀਤੀ ਗਈ ਅਤੇ ਅਜਿਹੀਆਂ ਮਾਰ-ਕਾਟ ਦੀਆਂ ਦਿਨੋ ਦਿਨ ਵਧ ਰਹੀਆਂ ਘਟਨਾਵਾਂ ਸਬੰਧੀ ਗਹਿਰੀ ਚਿੰਤਾ ਜਤਾਈ ਗਈ। ਸਰਕਾਰ ਤੋਂ ਮੰਗ ਕੀਤੀ ਗਈ ਕਿ ਲੁਟੇਰਿਆਂ ਨੂੰ ਫੌਰਨ ਕਾਬੂ ਕਰਕੇ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ ਤਾਂ ਕਿ ਦੁਬਾਰਾ ਕੋਈ ਅਜਿਹਾ ਹੀਆ ਕਰਨ ਦੀ ਹਿੰਮਤ ਨਾ ਕਰੇ।ਇਸ ਮੌਕੇ ਐਸੋਸੀਏਸ਼ਨ ਦੇ ਪ੍ਰਮੁੱਖ ਆਗੂ ਸਾਥੀ ਸਵਿੰਦਰ ਸਿੰਘ ਔਲਖ ਜਨਰਲ ਸਕੱਤਰ, ਸੁਰੇਸ਼ ਸ਼ਰਮਾ, ਅਵਿਨਾਸ਼ ਸਿੰਘ ਪ੍ਰਧਾਨ, ਮੱਖਣ ਕੁਹਾੜ, ਅਮਰਜੀਤ ਸਿੰਘ ਸੈਣੀ, ਪ੍ਰਕਾਸ਼ ਚੰਦ, ਪਿਆਰਾ ਸਿੰਘ ਡਡਵਾਂ, ਮੰਗਤ ਚੰਚਲ, ਵਿਨੋਦ ਸ਼ਰਮਾ, ਗੁਰਬਚਨ ਸਿੰਘ, ਕੁਲਦੀਪ ਸਿੰਘ, ਸੁਭਾਸ਼ ਚੰਦਰ, ਜੋਗਿੰਦਰ ਪਾਲ ਕਲੀਜਪੁਰ, ਗਿਆਨੀ ਮਹਿੰਦਰ ਸਿੰਘ, ਕਪੂਰ ਸਿੰਘ ਘੁੰਮਣ, ਰਘਬੀਰ ਸਿੰਘ ਚਾਹਲ ਆਦਿ ਵੱਲੋਂ ਪਰਵਾਰ ਨੂੰ ਵੀ ਵਿਸ਼ਵਾਸ ਦਿਵਾਇਆ ਗਿਆ ਕਿ ਪੈਨਸ਼ਨਰ ਐਸੋਸੀਏਸ਼ਨ ਪਰਵਾਰ ਨਾਲ ਡਟ ਕੇ ਖੜ੍ਹੀ ਹੈ ਅਤੇ ਇਨਸਾਫ਼ ਦੀ ਪ੍ਰਾਪਤੀ ਹਿਤ ਪੂਰੀ ਲੜਾਈ ਲੜੀ ਜਾਵੇਗੀ।

# ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਦਾ ਦੂਸਰਾ ਪੜਾਅ ਸ਼ੁਰੂ



ਗੁਰਦਾਸਪੁਰ (ਜਨਕ ਮਹਾਜਨ)– ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਪੜਾਅ 2 ਸ਼ੁਰੂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਹਰਜਿੰਦਰ ਸਿੰਘ ਬੇਦੀ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਮੁੱਖ ਉਦੇਸ਼ ਨੌਜਵਾਨਾਂ ਨੂੰ ਵੱਖ-ਵੱਖ ਕੰਪਨੀਆਂ ਵਿੱਚ ਇੰਟਰਨਸ਼ਿਪ ਕਰਵਾ ਕੇ ਰੋਜ਼ਗਾਰ ਦੇ ਯੋਗ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਰੋਜ਼ਗਾਰ ਦੇ ਮੌਕੇ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ https://pminternship.mca.gov.in ਵੈੱਬਸਾਈਟ 'ਤੇ ਜਾ ਕੇ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਪੜਾਅ-2 ਦੇ ਤਹਿਤ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇੰਰਨਸ਼ਿਪ ਲਈ ਰਜਿਸਟਰੇਸ਼ਨ ਦੀ ਪ੍ਰਕਿਰਿਆ 12 ਮਾਰਚ 2025 ਤੋਂ ਵਧਾ ਕੇ 31 ਮਾਰਚ 2025 ਤੱਕ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਦਾ ਟੀਚਾ 5 ਸਾਲਾਂ ਵਿੱਚ ਚੋਟੀ ਦੀਆਂ 500 ਕੰਪਨੀਆਂ ਵਿੱਚ 1 ਕਰੋੜ ਨੌਜਵਾਨਾਂ ਨੂੰ ਇੰਟਰਨਸ਼ਿਪ ਦੇ ਮੌਕੇ ਪ੍ਰਦਾਨ ਕਰਨਾ ਹੈ। ਇਸ ਸਕੀਮ ਤਹਿਤ ਪ੍ਰਮੁੱਖ ਕੰਪਨੀਆਂ ਵਿੱਚ ਨੌਜਵਾਨਾਂ ਨੂੰ 12 ਮਹੀਨਿਆਂ ਲਈ ਵੱਖ-ਵੱਖ ਪੇਸ਼ਿਆਂ ਅਤੇ ਰੋਜ਼ਗਾਰ ਦੇ ਮੌਕਿਆਂ ਲਈ ਅਸਲ ਜੀਵਨ ਦੇ ਮਾਹੌਲ ਵਿਚ ਸਿਖਲਾਈ, ਅਨੁਭਵ ਅਤੇ ਹੁਨਰ ਹਾਸਲ ਕਰਨ ਦਾ ਮੌਕਾ ਪ੍ਰਦਾਨ ਕਰਨਾ ਹੈ, ਜੋ ਪੜ੍ਹਾਈ ਅਤੇ ਉਦਯੋਗ ਦੀਆਂ ਲੋੜਾਂ ਵਿਚਕਾਰ ਗੈਪ ਨੂੰ ਪੂਰਾ ਕਰਨ ਵਿੱਚ ਮਦਦ ਕਰੇਗਾ ਅਤੇ ਪ੍ਰਾਰਥੀ ਦੀ ਰੋਜ਼ਗਾਰ ਯੋਗਤਾ ਨੂੰ ਵਧਾਉਣ ਵਿੱਚ ਸਹਾਇਤਾ ਕਰਦਾ ਹੈ। ਉਨ੍ਹਾਂ ਕਿਹਾ ਕਿ ਇੰਟਰਨਸ਼ਿਪ ਕਰਨ ਲਈ ਯੋਗਤਾ ਦਸਵੀਂ, ਬਾਰ੍ਹਵੀਂ, ਆਈ.ਟੀ.ਆਈ. ਡਿਪਲੋਮਾ ਅਤੇ ਗਰੈਜੂਏਸ਼ਨ ਪਾਸ ਹੈ ਅਤੇ ਉਮਰ 21 ਤੋਂ 24 ਸਾਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪ੍ਰਾਰਥੀ ਦੇ ਪਰਵਾਰ ਦਾ ਕੋਈ ਵੀ ਮੈਂਬਰ ਸਰਕਾਰੀ ਕਰਮਚਾਰੀ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਸਾਲਾਨਾ ਆਮਦਨ 8 ਲੱਖ ਰੁਪਏ ਤੋਂ ਜ਼ਿਆਦਾ ਹੋਣੀ ਚਾਹੀਦੀ ਹੈ। ਇਸ ਸਕੀਮ ਤਹਿਤ ਹਰ ਇੰਟਰਨਰ ਨੂੰ 5000 ਰੁਪਏ ਮਹੀਨਾਵਾਰ ਮਾਣਭੱਤਾ ਸਰਕਾਰ ਵਲੋਂ ਦਿੱਤਾ ਜਾਵੇਗਾ। ਕੁੱਝ ਕੰਪਨੀਆਂ ਵਲੋਂ ਇੰਟਰਨਸ਼ਿਪ ਲਈ ਚੁਣੇ ਗਏ ਨੌਜਵਾਨਾਂ ਨੂੰ ਮਾਣਭੱਤਾ, ਰਿਹਾਇਸ਼ ਅਤੇ ਕੰਟੀਨ ਦੀ ਸੁਵਿਧਾ ਵੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਵਿਖੇ ਇਸ ਸਕੀਮ ਅਧੀਨ 10ਵੀਂ, ਆਈ.ਟੀ.ਆਈ ਅਤੇ ਗ੍ਰੈਜੂਏਟ ਪਾਸ ਲਈ ਐੱਚ.ਡੀ.ਐੱਫ.ਸੀ. ਬੈਂਕ ਲਿਮਟਿਡ, ਜੁਬਲੀਐਂਟ ਫੂਡ ਵਰਕਸ ਅਤੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਵਿਚ ਅਸਾਮੀਆਂ ਪ੍ਰਾਪਤ ਹੋਈਆਂ ਹਨ। ਇਸ ਲਈ ਉਕਤ ਯੋਗਤਾ ਵਾਲੇ ਪਾਸ ਆਊਟ ਅਤੇ ਡਰਾਪ ਆਊਟ ਯੋਗ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਕੀਮ ਦਾ ਲਾਭ ਉਠਾਉਣ ਲਈ https://pminternship.mca.gov.in/ ਵੈੱਬਸਾਈਟ 'ਤੇ ਜਾ ਕੇ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਇਸ ਸਕੀਮ ਲਈ ਇੱਕ ਹੈਲਪ ਡੈਸਕ ਵੀ ਸਥਾਪਤ ਕੀਤਾ ਗਿਆ ਹੈ, ਜਿੱਥੇ ਆ ਕੇ ਪ੍ਰਾਰਥੀ ਆਪਣੇ ਆਪ ਨੂੰ ਇਸ ਸਕੀਮ ਤਹਿਤ ਰਜਿਸਟਰ ਕਰਵਾ ਸਕਦੇ ਹਨ।

## ਖ਼ਾਲਸਾ ਕਾਲਜ ਰੰਗਮੰਚ ਨੇ ਰਾਸ਼ਟਰੀ ਪੱਧਰ 'ਤੇ ਮਾਰੀਆਂ ਮੱਲਾਂ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)–ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਨੈਸ਼ਨਲ ਸਕੂਲ ਆਫ਼ ਡਰਾਮਾ ਦਿੱਲੀ ਦੁਆਰਾ ਆਯੋਜਿਤ 24ਵੇਂ ਭਾਰਤ ਰੰਗ ਮਹੋਤਸਵ ਵਿੱਚ ਨਾਟਕ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਰਾਸ਼ਟਰੀ ਪੱਧਰ 'ਤੇ ਪ੍ਰਸ਼ੰਸਾ ਜਿੱਤੀ। ਖਾਲਸਾ ਕਾਲਜ ਰੰਗਮੰਚ ਨੇ ਮਿਸਟਰ ਮਾਰਕ ਦੇ ਨਿਰਦੇਸ਼ਨ ਅਤੇ ਪ੍ਰੋ. ਐਮ.ਪੀ. ਮਸੀਹ ਅਤੇ ਪ੍ਰੋ. ਦੀਪਿਕਾ ਦੀ ਨਿਗਰਾਨੀ ਹੇਠ ਹਿੰਦੀ ਨਾਟਕ ਸਿੰਧੌਰਾ ਪੇਸ਼ ਕੀਤਾ। ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਨੇ ਪੂਰੀ ਟੀਮ ਅਤੇ ਯੁਵਾ ਭਲਾਈ ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਡਾਇਰੈਕਟਰ ਡਾ. ਦੇਵੇਂਦਰ ਸਿੰਘ ਨੂੰ ਵਧਾਈ ਦਿੱਤੀ। ਇਸ ਮੌਕੇ ਹਿੰਦੀ ਵਿਭਾਗ ਦੇ ਮੁਖੀ ਡਾ. ਸੁਰਜੀਤ ਕੌਰ ਅਤੇ ਡਿਪਟੀ ਰਜਿਸਟਰਾਰ, ਡਾ. ਦੀਪਕ ਦੇਵਗਨ ਅਤੇ ਹੋਰ ਸਟਾਫ ਮੈਂਬਰ ਵੀ ਮੌਜੂਦ ਸਨ।

## ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਏਜੰਟਾਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)– ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਉਪ ਕਪਤਾਨ ਪੁਲਸ ਸਪੈਸ਼ਲ ਬ੍ਰਾਂਚ ਗੁਰਦਾਸਪੁਰ ਵਲੋਂ ਕੀਤੀ ਗਈ ਜਾਂਚ ਪੜਤਾਲ ਦੌਰਾਨ ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਚਾਰ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਜਾਂਚ ਦੌਰਾਨ ਪਾਇਆ ਕਿ ਏਜੰਟ ਤੇਜਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਮਕਬੂਲਪੁਰ ਜ਼ਿਲ੍ਹਾ ਅਮ੍ਰਿਤਸਰ ਨੇ ਮਨਜੀਤ ਕੌਰ ਪਤਨੀ ਵੱਸਣ ਸਿੰਘ ਵਾਸੀ ਜਗਤਪੁਰ ਕਲਾਂ ਨੂੰ ਵਿਦੇਸ਼ ਕੈਨੇਡਾ ਭੇਜਣ ਲਈ ਉਨ੍ਹਾਂ ਪਾਸੋਂ 4 ਲੱਖ ਰੁਪਏ ਲਏ ਸਨ। ਉਕਤ ਏਜੰਟ ਨੇ ਪੀੜਤਾਂ ਨੂੰ ਕੈਨੇਡਾ ਨਹੀਂ ਭੇਜਿਆ। ਉਕਤ ਏਜੰਟ ਨੇ ਪੀੜਤਾਂ ਨਾਲ ਰਾਜ਼ੀਨਾਮਾ ਕਰਕੇ ਉਨ੍ਹਾਂ ਨੂੰ ਦੋ ਚੈਕ ਦਿੱਤੇ ਸਨ ਜੋ ਇਕ ਚੈਕ 50 ਹਜ਼ਾਰ ਰੁਪਏ ਅਤੇ ਦੂਸਰਾ ਚੈਕ 3 ਲੱਖ 20 ਹਜ਼ਾਰ ਰੁਪਏ ਦਾ ਸੀ, ਜਦ ਪੀੜਤਾਂ ਨੇ 3 ਲੱਖ 20 ਹਜ਼ਾਰ ਰੁਪਏ ਵਾਲਾ ਚੈਕ ਬੈਂਕ ਵਿੱਚ ਲਗਾਇਆ ਤਾਂ ਕਥਿਤ ਦੋਸ਼ੀ ਦੇ ਅਕਾਊਂਟ ਵਿੱਚ ਪੈਸੇ ਨਾ ਹੋਣ ਕਰੇ ਚੈਕ ਬਾਊਂਸ ਹੋ ਗਿਆ। ਇਸੇ ਤਰ੍ਹਾਂ ਇਕ ਹੋਰ ਮਾਮਲੇ ਵਿਚ ਪਲਵਿੰਦਰ ਸਿੰਘ ਪੁੱਤਰ ਮਾਹਨ ਸਿੰਘ, ਨਰਿੰਦਰ ਕੌਰ ਪਤਨੀ ਪਲਵਿੰਦਰ ਸਿੰਘ ਵਾਸੀ ਚਾਵਾ ਥਾਣਾ ਪੁਰਾਣਾ ਸ਼ਾਲਾ, ਅਮਨਦੀਪ ਕੌਰ ਪਤਨੀ ਮਹੇਸ਼ ਕੁਮਾਰ ਵਾਸੀ ਝੰਡੇਚੱਕ ਥਾਣਾ ਦੀਨਾਨਗਰ, ਭੁਪਿੰਦਰ ਸਿੰਘ ਪੁੱਤਰ ਜਗਦੀਸ਼ ਸਿੰਘ ਵਾਸੀ ਠੱਡੀ ਖੂਹੀ ਪਠਾਨਕੋਟ ਨੇ ਵੱਖ-ਵੱਖ ਦਰਖਾਸਤ ਕਰਤਾਵਾਂ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ 49,04,000 ਰੁਪਏ ਦੀ ਠੱਗੀ ਮਾਰੀ ਹੈ। ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਠੱਗੀ ਮਾਰਨੇ ਵਾਲੇ ਏਜੰਟ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਬਿਨਾਂ ਨੋਟੀਫਿਕੇਸ਼ਨ ਦੇ ਹੀ ਕੇਂਦਰ ਸਰਕਾਰ ਦੀ ਸਾਈਟ 'ਤੇ ਬਣ ਗਏ ਹਜ਼ਾਰਾਂ ਆਯੁਸ਼ਮਾਨ ਕਾਰਡ : ਕੌਂਸਲਰ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)– ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਾਭਕਾਰੀ ਯੋਜਨਾ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ( ਏ.ਬੀ ਪੀ . ਐਮ - ਜੇ) ਨੂੰ ਕੇਂਦਰ ਸਰਕਾਰ ਵਲੋਂ ਸਤੰਬਰ 2024 ਵਿੱਚ ਸ਼ੁਰੂ ਕੀਤਾ ਗਿਆ ਪਰ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵਲੋਂ 6 ਮਹੀਨੇ ਗੁਜ਼ਰ ਜਾਣ ਦੇ ਬਾਅਦ 70 ਸਾਲ ਤੋਂ ਉੱਤੇ ਬਜ਼ੁਰਗਾਂ ਲਈ ਫਰੀ ਇਲਾਜ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ । ਕੁੰਭਕਰਨੀ ਨੀਂਦ ਵਿੱਚ ਸੁੱਤੀ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਹੀ ਪੰਜਾਬ ਵਿੱਚ ਏ ਬੀ ਪੀ ਐਮ - ਜੇ ਦੇ ਪੋਰਟਲ ਉੱਤੇ ਹਜ਼ਾਰਾਂ ਦੀ ਗਿਣਤੀ ਵਿੱਚ ਕਾਰਡ ਬਣ ਚੁੱਕੇ ਸਨ । ਇਹ ਜਾਣਕਾਰੀ ਵਾਰਡ ਨੰਬਰ 10 ਵਲੋਂ ਕੌਂਸਲਰ ਅਤੇ ਅੰਮ੍ਰਿਤਸਰ ਮਹਿਲਾ ਮੋਰਚਾ ਦੀ ਪ੍ਰਧਾਨ ਸ਼ਰੁਤੀ ਵਿਜ ਨੇ ਪੱਤਰਕਾਰਾਂ ਨੂੰ ਪੰਜਾਬ ਸਰਕਾਰ ਵਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੀ ਕਾਪੀ ਦਿਖਾਉਂਦਿਆਂ ਕਹੀ ।ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਇਸ ਯੋਜਨਾ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ (ਏ.ਬੀ ਪੀ.ਐਮ.ਜੇ ਐਮ.ਐਮ.ਐਸ.ਬੀ.ਵਾਏ) ਦੇ ਨਾਂਅ ਵਲੋਂ ਜਾਣਿਆ ਜਾਂਦਾ ਹੈ। ਇਸ ਯੋਜਨਾ ਤਹਿਤ ਪਹਿਲਾਂ ਅਨੁਸੂਚਿਤ ਜਾਤੀ ਵਰਗ, ਸ਼ਰਮਿਕ ਅਤੇ ਹੋਰ ਕੁੱਝ ਸ਼੍ਰੇਣੀਆਂ ਨੂੰ ਮੁਨਾਫ਼ਾ ਦਿੱਤਾ ਜਾਂਦਾ ਸੀ ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਸਤੰਬਰ 2024 ਵਿੱਚ ਇਹ ਘੋਸ਼ਣਾ ਕੀਤੀ ਕਿ ਦੇਸ਼ ਦੇ 70 ਸਾਲ ਤੋਂ ਉੱਤੇ ਕਿਸੇ ਵੀ ਸ਼੍ਰੇਣੀ ਵਲੋਂ ਸੰਬੰਧਤ ਹੋ, ਨੂੰ 5 ਲੱਖ ਤੱਕ ਰੁਪਏ ਦਾ ਪ੍ਰਤੀ ਸਾਲ ਦਾ ਇਲਾਜ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਵਲੋਂ ਇਸ ਯੋਜਨਾ ਦੀ ਘੋਸ਼ਣਾ ਦੇ ਤੁਰੰਤ ਬਾਅਦ ਭਾਜਪਾ ਸ਼ਾਸਿਤ ਰਾਜਾਂ ਵਿੱਚ ਤੁਰੰਤ ਯੋਜਨਾ ਨੂੰ ਲਾਗੂ ਕਰ ਦਿੱਤਾ ਗਿਆ ਪਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ 70 ਸਾਲ ਦੇ ਬਜ਼ੁਰਗਾਂ ਲਈ ਇਸ ਯੋਜਨਾ ਦਾ ਨੋਟੀਫਿਕੇਸ਼ਨ 6 ਮਹੀਨੇ ਬਾਅਦ ਕੱਢਣਾ ਇਹ ਸਾਬਤ ਕਰਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਦੇ ਸਿਹਤ ਦੇ ਪ੍ਰਤੀ ਕਿੰਨੇ ਗੰਭੀਰ ਗੰਭੀਰ ਹਨ। ਭਾਜਪਾ ਨੇਤਾ ਸ਼ਰੁਤੀ ਵਿਜ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਘੋਸ਼ਣਾ ਦੇ ਬਾਅਦ ਪੰਜਾਬ ਵਿੱਚ ਜਾਗਰੂਕ ਲੋਕਾਂ ਵਲੋਂ ਕੇਂਦਰ ਦੇ ਪੋਰਟਲ ਉੱਤੇ ਕਾਰਡ ਬਣਾਉਣੇ ਸ਼ੁਰੂ ਕਰ ਦਿੱਤੇ ਸਨ ਪਰ ਨੋਟੀਫਿਕੇਸ਼ਨ ਨਾ ਹੋਣ ਦੇ ਕਾਰਨ 70 ਸਾਲ ਤੋਂ ਉੱਤੇ ਬਜ਼ੁਰਗ ਆਪਣਾ ਇਲਾਜ ਕਰਵਾਉਣ ਤੋਂ ਵੰਚਿਤ ਸਨ। ਹੁਣ 6 ਮਹੀਨੇ ਬਾਅਦ ਜਦੋਂ ਸਰਕਾਰ ਵਲੋਂ ਇਹ ਨੋਟੀਫਿਕੇਸ਼ਨ ਕੱਢਿਆ ਗਿਆ ਤਦ ਤੱਕ ਕਈ ਬਜ਼ੁਰਗ ਆਪਣੀ ਜੇਬ ਤੋਂ ਪੈਸਾ ਖਰਚ ਕਰਕੇ ਇਲਾਜ ਕਰਵਾ ਚੁੱਕੇ ਸਨ ਜਾਂ ਹੋਰ ਰਾਜਾਂ ਵਲੋਂ ਇਲਾਜ ਕਰਵਾਉਣ ਗਏ। ਪੰਜਾਬ ਸਰਕਾਰ ਦੀ ਇਸ ਲੇਟ ਲਤੀਫੀ ਦਾ ਖਮਿਆਜ਼ਾ ਪੰਜਾਬ ਦੇ ਆਮ ਵਰਗ ਨੂੰ ਭੁਗਤਣਾ ਪਿਆ ਹੈ ।

ਕੌਂਸਲਰ ਸ਼ਰੁਤੀ ਵਿਜ ਨੇ ਕਿਹਾ ਕਿ ਇਸ ਯੋਜਨਾ ਦੇ ਤਹਿਤ ਸ਼ਹਿਰ ਦੇ ਸਿਰਫ 45 ਹਸਪਤਾਲ ਹੀ ਇੰਪਨੇਲਡ ਕੀਤੇ ਗਏ ਹਨ। ਇਹ ਹਸਪਤਾਲ ਪਹਿਲਾਂ ਤੋਂ ਹੀ ਉਕਤ ਯੋਜਨਾ ਦਾ ਲਾਭ ਲੈਣ ਵਾਲੇ ਲੋਕਾਂ ਦੇ ਨਾਲ ਆਨਾਕਾਨੀ ਕਰਦੇ ਆ ਰਹੇ ਹਨ, ਹੁਣ 70 ਸਾਲ ਤੋਂ ਉੱਤੇ ਬਜ਼ੁਰਗਾਂ ਦੇ ਇਲਾਜ ਲਈ ਕੀ ਇਹ ਹਸਪਤਾਲ ਸਹੂਲਤ ਦੇਣਗੇ, ਇਹ ਅਤਿ ਚਿੰਤਾਜਨਕ ਹੈ ।


## ਥਾਣਾ ਸਦਰ ਤੇ ਦੀਨਾਨਗਰ ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)–ਥਾਣਾ ਸਦਰ ਗੁਰਦਾਸਪੁਰ ਪੁਲਸ ਦੇ ਏ.ਐਸ.ਆਈ. ਜੀਵਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨਾਲ ਨਾਕਾਬੰਦੀ ਦੇ ਸਬੰਧ ਵਿੱਚ ਮੋੜ ਪਿੰਡ ਮੰਗਲ ਸੈਨ ਪੁਲੀ ਤੋਂ ਇਕ ਔਰਤ ਨੂੰ ਸ਼ੱਕ ਦੇ ਆਧਾਰ 'ਤੇ ਮੋਮੀ ਲਿਫਾਫੇ ਸਮੇਤ ਕਾਬੂ ਕਰਕੇ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 40 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।

ਪੁਲਿਸ ਨੇ ਉਕਤ ਔਰਤ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਇਸੇ ਤਰ੍ਹਾਂ ਥਾਣਾ ਦੀਨਾਨਗਰ ਦੇ ਏ.ਐਸ.ਆਈ. ਨਰੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਮਾਨ ਟਰੇਡਜ਼ ਅਵਾਂਖਾ ਕਣਕ ਖੇਤ ਵਿੱਚ ਰੇਡ ਕੀਤਾ ਜਿਥੋਂ ਕਿਸੇ ਨਾ ਮਲੂਮ ਵਿਅਕਤੀ ਵਲੋਂ ਖੇਤ ਕਣਕ ਵਿੱਚ ਰੱਖੇ ਦੋ ਕੈਨ ਪਲਾਸਟਿਕ ਬਰਾਮਦ ਹੋਏ ਜਿਨ੍ਹਾਂ ਨੂੰ ਚੈਕ ਕਰਨ ਤੇ 60 ਹਜ਼ਾਰ ਐਮ.ਐਲ. ਸਰਾਬ ਨਜਾਇਜ਼ ਬ੍ਰਾਮਦ ਹੋਈ ਹੈ। ਪੁਲਸ ਨੇ ਨਾ-ਮਾਲੂਮ ਵਿਅਕਤੀ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਖਾਲਸਾ ਕਾਲਜ ਮਹਿਤਾ ਐੱਮ ਏ ਹਿਸਟਰੀ ਸਮੈਸਟਰ ਤੀਜਾ ਦਾ ਸ਼ਾਨਦਾਰ ਨਤੀਜਾ




ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਚੌਂਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਐਮ.ਏ ਤੀਜਾ ਸਮੈਸਟਰ ਦੇ ਨਤੀਜੇ 100% ਰਹੇ।

ਜਿਸ ਵਿੱਚ ਐਮ.ਏ ਸਮੈਸਟਰ ਤੀਜੇ ਦੀ ਕੋਮਲਪ੍ਰੀਤ ਕੌਰ , ਅਰਮਾਨਪ੍ਰੀਤ ਕੌਰ ਨੇ 75 % ਮਨਦੀਪ ਕੌਰ, ਰਾਜਵੀਰ ਕੌਰ ਨੇ 73 % ਜਤਿੰਦਰ ਕੌਰ, ਤਰਨਜੋਤ ਕੌਰ ਅਤੇ ਮਨਦੀਪ ਕੌਰ ਨੇ 72% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ। ਇਸ ਤੋਂ ਇਲਾਵਾ ਸਿਮਰਨ ਕੌਰ, ਮਨਜਿੰਦਰ ਕੌਰ, ਗੁਰ ਸਿਮਰਨ ਸਿੰਘ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ।

ਇਸ ਮੌਕੇ ਖੁਸ਼ੀ ਜ਼ਾਹਿਰ ਕਰਦੇ ਹੋਏ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਹਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਸੰਸਥਾ ਹਮੇਸ਼ਾ ਇਸੇ ਯਤਨ ਵਿੱਚ ਰਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਵਿਦਿਅਕ ਸਿਖਲਾਈ ਦਿੱਤੀ ਜਾਵੇ ਜਿਸ ਨਾਲ ਉਹ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਕਾਬਲ ਬਣ ਸਕਣ ਅਤੇ ਆਧੁਨਿਕ ਮੁਕਾਬਲੇ ਵਾਲੇ ਯੁੱਗ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਸਕਣ ਅਤੇ ਨਾਲ ਹੀ ਉਹਨਾਂ ਨੇ ਆਪਣੇ ਕਾਲਜ ਦੇ ਮਿਹਨਤੀ ਅਤੇ ਕਾਬਲ ਅਧਿਆਪਕਾਂ ਦਾ ਧੰਨਵਾਦ ਕੀਤਾ।

ਇਸ ਸੁਨਹਿਰੀ ਮੌਕੇ ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ, ਮਨਜੀਤ ਕੌਰ, ਗੁਰਸ਼ਰਨਪ੍ਰੀਤ ਕੌਰ, ਪੂਰਤੀ ਸ਼ਰਮਾ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਸੁਪ੍ਰੀਤ ਕੌਰ, ਨਵਨੀਤ ਕੌਰ, ਅਮਨਦੀਪ ਕੌਰ, ਪਵਨਦੀਪ ਕੌਰ, ਸੁਖਮਨਦੀਪ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

19 Mar Page-12.qxd 3/18/2025 9:52 PM Page 1



## ਸ਼ਹਿਰ ਦੇ ਵਿਕਾਸ ਕਾਰਜਾਂ ਲਈ ਪਾਸ ਹੋਏ ਸਾਢੇ ਤੇਰਾਂ ਕਰੋੜ ਰੁਪਏ : ਨੀਤਾ



**ਨਕੋਦਰ, (ਰੀਨਾ ਸ਼ਰਮਾ)** ਨਵਨੀਤ ਐਰੀ ਨੀਤਾ ਪ੍ਰਧਾਨ ਨਗਰ ਕੌਂਸਲ ਨਕੋਦਰ ਨੇ ਦੱਸਿਆ ਕਿ ਨਗਰ ਕੌਂਸਲ ਨਕੋਦਰ ਵਿਖੇ ਸ਼ਹਿਰ ਦੇ ਵਿਕਾਸ ਕਾਰਜਾਂ ਨਾਲ ਸਬੰਧਤ ਕੰਮਾਂ ਨੂੰ ਲੈ ਕੇ ਹੋਈ ਮੀਟਿੰਗ ਵਿਚ ਲਗਭਗ 13.50 ਕਰੋੜ ਪਾਸ ਕੀਤੇ ਗਏ ਜਿਸ ਨਾਲ ਸ਼ਹਿਰ ਦੇ ਵੱਖ-ਵੱਖ ਵਾਰਡਾਂ 'ਚ ਵਿਕਾਸ ਕਾਰਜ ਕਰਵਾਏ ਜਾਣਗੇ। ਇਹਨਾਂ ਕੰਮਾਂ ਵਿਚ ਸ਼ਹਿਰ ਦੇ ਹਰੇਕ ਵਾਰਡ ਲਈ 15-20 ਲੱਖ ਰੁਪਏ ਦੇ ਕੰਮਾਂ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ ਹੋਰ ਸ਼ਹਿਰ ਦੇ ਜ਼ਰੂਰੀ ਕੰਮ ਜਿਵੇਂ ਕਿ ਸਵਾਗਤੀ ਗੇਟ ਲਈ 25 ਲੱਖ ਰੁਪਏ, ਸ੍ਰੀ ਵਿਸ਼ਵਕਰਮਾ ਮੰਦਿਰ ਨੇੜੇ ਨਵੀਂ ਰੇਹੜੀ ਮਾਰਕੀਟ ਲਈ 22.30 ਲੱਖ ਰੁਪਏ, ਦੁਸਹਿਰਾ ਗਰਾਊਂਡ ਦੀ ਰਿਪੇਅਰ ਅਤੇ ਰੈਨੋਵੇਸ਼ਨ ਲਈ 23 ਲੱਖ ਰੁਪਏ, ਅੰਡਰ ਬ੍ਰਿਜ ਲਾਈਏਵਾਲ ਤੋਂ ਮੁਹੱਲਾ ਖਹਿਰਾ ਤੱਕ ਦੀ ਸੜਕ ਦੀ ਚੌੜਾਈ ਲਈ 34 ਲੱਖ ਰੁਪਏ, ਅੰਡਰ ਬ੍ਰਿਜ ਲਾਈਏਵਾਲ ਤੋਂ ਸ਼ਮਸ਼ਾਨ ਘਾਟ ਤੱਕ ਦੀ ਸੜਕ ਦੀ ਚੌੜਾਈ ਲਈ 34 ਲੱਖ ਰੁਪਏ, ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਤੋਂ ਇੱਟਾਂ ਵਾਲੇ ਪੱਠੇ ਤੱਕ ਇੰਟਰਲੌਕਿੰਗ ਟਾਈਲ ਲਈ 72 ਲੱਖ ਰੁਪਏ, ਸੋਲਰ ਸਟਰੀਟ ਲਾਈਟਾਂ ਲਈ 15 ਲੱਖ ਰੁਪਏ, ਰਣਜੀਤ ਨਗਰ ਵਿਖੇ ਇੰਟਰਲੌਕਿੰਗ ਟਾਈਲ ਲਈ 33.58 ਲੱਖ ਰੁਪਏ ਅਤੇ ਸ਼ਹਿਰ ਦੀਆਂ ਹੋਰ ਵੀ ਪ੍ਰਮੁੱਖ ਸੜਕਾਂ ਲਈ ਕੰਮਾਂ ਦੀ ਪ੍ਰਵਾਨਗੀ ਦਿੱਤੀ ਗਈ ਅਤੇ ਉਹਨਾਂ ਨੇ ਅੱਗੇ ਦੱਸਿਆ ਕਿ ਇਸ ਮੀਟਿੰਗ ਚ ਸ਼ਹਿਰ 'ਚ ਘੁੰਮ ਰਹੇ ਅਵਾਰਾ ਕੁੱਤਿਆਂ ਲਈ ਸ਼ਹਿਰ ਤੋਂ ਬਾਹਰ ਡਿੱਗ ਸ਼ੇਲਟਰ ਹਾਊਸ ਬਨਾਉਣ ਦਾ ਅਹਿਮ ਫੈਸਲਾ ਲਿਆ ਗਿਆ ਹੈ, ਜਿਸ ਨਾਲ ਅਵਾਰਾ ਕੁੱਤਿਆਂ ਦੇ ਆਤੰਕ ਤੋਂ ਸ਼ਹਿਰ ਵਾਸੀਆਂ ਨੂੰ ਨਿਜਾਤ ਮਿਲੇਗੀ।

## ਸੰਜੀਵ ਬਣੇ ਅਰੋੜਾ ਮਹਾਂਸਭਾ ਦੇ ਜ਼ਿਲ੍ਹਾ ਚੇਅਰਮੈਨ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**- ਅਰੋੜਾ ਮਹਾਸਭਾ ਹੁਸ਼ਿਆਰਪੁਰ ਦੀ ਵਿਸ਼ੇਸ਼ ਬੈਠਕ ਪ੍ਰਧਾਨ ਰਮੇਸ਼ ਅਰੋੜਾ ਦੀ ਪ੍ਰਧਾਨਗੀ ਵਿੱਚ ਹੋਈ ਜਿਸ ਵਿੱਚ ਸਰਵਸੰਮਤੀ ਨਾਲ ਸੰਜੀਵ ਅਰੋੜਾ ਨੂੰ ਅਰੋੜਾ ਮਹਾਸਭਾ ਹੁਸ਼ਿਆਰਪੁਰ ਦਾ ਜ਼ਿਲ੍ਹਾ ਚੇਅਰਮੈਨ ਨਿਯੁਕਤ ਕੀਤਾ ਗਿਆ। ਮੁੱਖ ਸਕੱਤਰ ਅਜੇ ਚਾਵਲਾ ਨੇ ਅਰੋੜਾ ਮਹਾਸਭਾ ਵਲੋਂ ਕੀਤੀਆਂ ਗਈਆਂ ਗਤੀਵਿਧੀਆਂ ਦੀ ਵਿਸਥਾਰ ਨਾਲ ਜਾਣਕਾਰੀ ਪ੍ਰਦਾਨ ਕੀਤੀ। ਸੰਜੀਵ ਅਰੋੜਾ ਨੇ ਕਿਹਾ ਕਿ ਉਹ ਅਰੋੜਾ ਮਹਾਸਭਾ ਦੇ ਕਾਰਜਾਂ ਨੂੰ ਤੇਜ਼ੀ ਨਾਲ ਕਰਨ ਲਈ ਸਰਗਰਮ ਰਹਿਣਗੇ ਅਤੇ ਮਹਾਸਭਾ ਨੂੰ ਮਜ਼ਬੂਤੀ ਪ੍ਰਦਾਨ ਕਰਨ ਦੇ ਲਈ ਦਿਨ ਰਾਤ ਕਾਰਜ ਕਰਨਗੇ। ਆਉਣ ਵਾਲੇ ਦਿਨਾਂ ਵਿੱਚ ਸਿੱਖਿਆ ਦੇ ਖੇਤਰ ਦੇ ਨਾਲ-ਨਾਲ ਬੇਟੀ ਬਚਾਓ ਬੇਟੀ ਪੜ੍ਹਾਓ, ਸਵੱਛ ਭਾਰਤ, ਵਾਤਾਵਰਣ, ਜਲ ਸੁਰੱਖਿਆ, ਵਿਸ਼ੇਸ਼ ਤੌਰ 'ਤੇ ਨਸ਼ਿਆਂ ਅਤੇ ਦਹੇਜ ਦੇ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨਗੇ। ਪ੍ਰਧਾਨ ਰਮੇਸ਼ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਅਰੋੜਾ ਪਹਿਲਾਂ ਦੀ ਤਰ੍ਹਾਂ ਸਾਰੀ ਟੀਮ ਨੂੰ ਨਾਲ ਲੈ ਕੇ ਚਲਣਗੇ ਅਤੇ ਲੋਕ ਭਲਾਈ ਦੇ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਦੇ ਰਹਿਣਗੇ। ਇਸ ਮੌਕੇ 'ਤੇ ਖਜਾਨਚੀ ਜਤਿਨ ਅਰੋੜਾ ਵੀ ਮੌਜੂਦ ਸਨ।



## ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਪ੍ਰਾਪਤ ਕੀਤੀ ਉਦਯੋਗਿਕ ਜਾਣਕਾਰੀ



**ਜਲੰਧਰ (ਸ਼ੈਲੀ ਐਲਬਰਟ) :** ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਵਲੋਂ ਮੈਨੇਜਮੈਂਟ ਵਿਦਿਆਰਥੀਆਂ ਲਈ ਏਪੀ ਰਿਫਾਇਨਰੀ ਪ੍ਰਾ. ਲਿਮਿਟਡ, ਜਰਗਾਓਂ (ਪੰਜਾਬ) ਦਾ ਉਦਯੋਗਿਕ ਦੌਰਾ ਆਯੋਜਿਤ ਕੀਤਾ ਗਿਆ। ਜਿਸ ਨਾਲ ਉਨ੍ਹਾਂ ਨੂੰ ਖਾਦ ਤੇਲ ਉਦਯੋਗ ਬਾਰੇ ਕੀਮਤੀ ਜਾਣਕਾਰੀ ਮਿਲੀ।ਏਪੀ ਰਿਫਾਇਨਰੀ ਪ੍ਰਾ. ਲਿਮਿਟਡ ਭਾਰਤ ਵਿੱਚ ਖਾਣ ਵਾਲੇ ਤੇਲ ਦੇ ਨਾਲ-ਨਾਲ ਰਾਈਸ ਬ੍ਰਾਨ ਆਇਲ ਉਤਪਾਦਨ ਵਿੱਚ ਇੱਕ ਪ੍ਰਸਿੱਧ ਨਾਮ ਹੈ, ਜੋ ਉੱਚ-ਗੁਣਵੱਤਾ ਉਤਪਾਦਨ ਤਕਨੀਕਾਂ ਅਤੇ ਮਜ਼ਬੂਤ ਬਾਜ਼ਾਰ ਮੌਜੂਦਗੀ ਲਈ ਜਾਣਿਆ ਜਾਂਦਾ ਹੈ।। ਇਹ ਕੰਪਨੀ ਫਾਰਚੂਨ, ਮੈਰੀਕੋ (ਸਾਫੋਲਾ) ਅਤੇ ਪੈਪਸੀਕੋ/ਫ੍ਰਿਟੋ ਲੇ ਵਰਗੇ ਪ੍ਰਮੁੱਖ ਬਰਾਂਡਾਂ ਨੂੰ ਉਤਪਾਦ ਸਪਲਾਈ ਕਰਦੀ ਹੈ ਅਤੇ ਐਮ.ਡੀ. ਰਵੀ ਗੋਇਲ ਦੀ ਅਗਵਾਈ ਵਿੱਚ ਆਪਣੀ ਸ਼ਾਨਦਾਰ ਪਛਾਣ ਬਣਾਈ ਹੈ।ਦੌਰੇ ਦੌਰਾਨ, ਵਿਦਿਆਰਥੀਆਂ ਨੇ ਕੱਚੇ ਮਾਲ ਦੇ ਪ੍ਰਕਿਰਿਆਕਰਨ ਤੋਂ ਲੈਕੇ ਗੁਣਵੱਤਾ ਨਿਯੰਤਰਣ ਅਤੇ ਪੈਕੇਜਿੰਗ ਤੱਕ ਦੀ ਪੂਰੀ ਤੇਲ ਉਤਪਾਦਨ ਪ੍ਰਕਿਰਿਆ ਨੂੰ ਨੇੜੇ ਤੋਂ ਦੇਖਿਆ । ਉਨ੍ਹਾਂ ਨੇ ਖਾਦ ਤੇਲਾਂ ਦੇ ਨਿਰਯਾਤ (ਐਕਸਪੋਰਟ) ਦੀ ਲੌਜਿਸਟਿਕਸ ਬਾਰੇ ਵੀ ਜਾਣਕਾਰੀ ਹਾਸਲ ਕੀਤੀ, ਜਿਸ ਵਿੱਚ ਬਾਜ਼ਾਰ ਅਨੁਸੰਧਾਨ, ਨਿਯਮ ਨਿਰਧਾਰਣ ਤੇ ਅੰਤਰਰਾਸ਼ਟਰੀ ਵਪਾਰ ਨੀਤੀਆਂ ਦੀ ਮਹੱਤਵਪੂਰਨ ਭੂਮਿਕਾ ਸ਼ਾਮਲ ਹੁੰਦੀ ਹੈ । ਦੌਰੇ ਦੀ ਖਾਸ ਵਿਸ਼ੇਸ਼ਤਾ ਇੱਕ ਇੰਟਰਐਕਟਿਵ (ਅੰਤਰਕਿਰਿਆਤਮਕ) ਸੈਸ਼ਨ ਸੀ, ਜਿੱਥੇ ਵਿਦਿਆਰਥੀਆਂ ਨੇ ਉਦਯੋਗ ਵਿੱਚ ਕਿੱਤ ਸੁਧਾਰ ਲਈ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਮਾਹਰਾਂ ਤੋਂ ਇਹ ਸਿੱਖਿਆ ਕਿ ਕੰਪਨੀਆਂ ਗਲੋਬਲ ਮਾਰਕੀਟ ਵਿੱਚ ਕਿਵੇਂ ਮੁਕਾਬਲਾ ਕਰਦੀਆਂ ਹਨ। ਉਹ ਸਪਲਾਈ ਚੇਨ ਮੈਨੇਜਮੈਂਟ, ਉਤਪਾਦ ਨਵੀਨੀਕਰਨ ਅਤੇ ਨਿਰਮਾਣ ਖੇਤਰ ਵਿੱਚ ਕਰੀਅਰ ਦੇ ਮੌਕੇ ਬਾਰੇ ਹੋਰ ਵਿਸ਼ਲੇਸ਼ਣਾਤਮਕ ਜਾਣਕਾਰੀ ਪ੍ਰਾਪਤ ਕਰ ਸਕੇ ।

## 4 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ ਚੱਬੇਵਾਲ-ਬਜਰਾਵਰ-ਪੱਟੀ ਲਿੰਕ ਰੋਡ : ਡਾ. ਰਾਜ ਕੁਮਾਰ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)** ਪੰਜਾਬ ਸਰਕਾਰ ਵਲੋਂ ਵਿਧਾਨ ਸਭਾ ਹਲਕਾ ਚੱਬੇਵਾਲ ਦੀ ਚੱਬੇਵਾਲ-ਬਜਰਾਵਰ-ਪੱਟੀ-ਸਸੋਲੀ ਤੋਂ ਸੀਣਾ ਲਿੰਕ ਰੋਡ ਨੂੰ ਬਣਾਉਣ ਅਤੇ ਚੌੜਾ ਕਰਨ ਦੇ ਕਾਰਜ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜਿਸ ਤਹਿਤ ਕਈ ਪਿੰਡਾਂ ਨੂੰ ਜੋੜਨ ਵਾਲੀ ਇਹ ਸੜਕ ਆਉਂਦੇ ਸਮੇਂ 'ਚ 18 ਫੁੱਟ ਚੌੜੀ ਬਣੇਗੀ।ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਕਰੀਬ 4 ਕਰੋੜ ਰੁਪਏ ਦੀ ਲਾਗਤ ਨਾਲ ਇਹ ਸੜਕ ਬਣਾਈ ਜਾਵੇਗੀ ਜਿਸ ਦੇ ਬਣਨ ਨਾਲ ਪਿੰਡਾਂ ਦੇ ਵਸਨੀਕਾਂ ਲੋਕਾਂ ਦੀ ਰੋਜ਼ਾਨਾ ਆਵਾਜਾਈ ਬਹੁਤ ਸੁਖਾਲੀ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸੜਕ ਦਾ ਨਾਮ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਵਿਸ਼ਵ ਦੇ ਵੱਖ-ਵੱਖ ਕੋਨਿਆਂ 'ਚ ਲਿਜਾਣ ਵਾਲੇ ਪ੍ਰਸਿੱਧ ਪੰਜਾਬੀ ਗਾਇਕ ਡਾ. ਸਤਿੰਦਰ ਸਰਤਾਜ ਦੇ ਨਾਂਅ 'ਤੇ ਹੋਵੇਗਾ।ਉਨ੍ਹਾਂ ਦੱਸਿਆ ਕਿ ਹਲਕਾ ਚੱਬੇਵਾਲ ਵਿਚ ਹੁਸ਼ਿਆਰਪੁਰ-ਊਨਾ ਰੋਡ 'ਤੇ ਪਰਸੋਵਾਲ ਵਾਇਆ ਬਿਛੋਹੀ ਤੋਂ ਬਸੀ ਕਲਾਂ ਤੱਕ 5.63 ਕਿਲੋਮੀਟਰ ਲੰਬੀ ਸੜਕ ਦੇ 2.47 ਕਰੋੜ ਰੁਪਏ ਦੀ ਲਾਗਤ ਨਾਲ ਨਿਰਮਾਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। ਇਸੇ ਤਰ੍ਹਾਂ ਹੁਸ਼ਿਆਰਪੁਰ-ਫਗਵਾੜਾ ਰੋਡ ਤੋਂ ਪੁਰਹੀਰਾਂ-ਅਟੱਲਗੜ੍ਹ-ਮਹਿਮਦਵਾਲ-ਫਲਾਹੀ ਹਰਮੋਇਆ ਵਾਇਆ ਤਾਜੋਵਾਲ ਟੁੱਕੜਾਂ ਦੀ 13.06 ਕਿਲੋਮੀਟਰ ਸੜਕ ਨੂੰ 5.10 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਅਤੇ ਮਜ਼ਬੂਤ ਕੀਤਾ ਜਾ ਰਿਹਾ ਹੈ।ਡਾ. ਰਾਜ ਕੁਮਾਰ ਨੇ ਦੱਸਿਆ ਕਿ ਮਾਹਿਲਪੁਰ ਤੋਂ ਭੰਗੋਵਾਲ ਵਾਇਆ ਕਹਾਰਪੁਰ 3.72 ਕਿਲੋਮੀਟਰ ਸੜਕ ਨੂੰ ਕਰੀਬ 2.31 ਕਰੋੜ ਰੁਪਏ ਦੀ ਲਾਗਤ ਨਾਲ 10 ਫੁੱਟ ਤੋਂ 18 ਫੁੱਟ ਚੌੜਾ ਕੀਤਾ ਜਾਣਾ ਹੈ ਜਿਸ 'ਤੇ ਪੱਥਰ ਪਾਉਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜਲਦ ਹੀ ਲੁੱਕ ਪਾਉਣ ਦਾ ਕੰਮ ਸ਼ੁਰੂ ਕਰਵਾ ਕੇ ਇਸ ਪ੍ਰੋਜੈਕਟ ਨੂੰ ਵੀ ਮੁਕੰਮਲ ਕਰਵਾਇਆ ਜਾਵੇਗਾ। ਇਸ ਤਰ੍ਹਾਂ ਮਾਹਿਲਪੁਰ-ਜੇਜੋਂ ਰੋਡ-ਰਾਮਪੁਰ ਤੋਂ ਫਤਹਿਪੁਰ-ਕਾਂਗੜ ਕੋਠੀ-ਗੰਗੋਵਾਲ ਸੜਕ ਨੂੰ ਵੀ 10 ਫੁੱਟ ਤੋਂ 18 ਫੁੱਟ ਚੌੜਾ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ 6.47 ਕਿਲੋਮੀਟਰ ਲੰਬੀ ਇਸ ਸੜਕ ਨੂੰ ਕਰੀਬ 4.23 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ।

## ਸ੍ਰੀ ਗੁਰੂ ਨਾਨਕ ਜੀਪ ਯੂਨੀਅਨ 'ਚ ਕਰਵਾਇਆ ਸਾਲਾਨਾ ਅਖੰਡ ਪਾਠ



**ਡੇਰਾਬੱਸੀ, (ਵਿਨੈ ਕੁਮਾਰ ਜੈਨ)**— ਸ੍ਰੀ ਗੁਰੂ ਨਾਨਕ ਜੀਪ ਯੂਨੀਅਨ ਡੇਰਾਬੱਸੀ ਵੱਲੋਂ ਹਰ ਸਾਲ ਦੀ ਤਰ੍ਹਾਂ ਸਰਬੱਤ ਦੇ ਭਲੇ ਲਈ ਅਖੰਡ ਪਾਠ ਸਾਹਿਬ ਕਰਵਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਨਤਮਸਤਕ ਹੋ ਕੇ ਹਾਜ਼ਰੀ ਲਗਾਈ । ਭੋਗ ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਯੂਨੀਅਨ ਮੈਨੇਜਮੈਂਟ ਤੇ ਡਰਾਈਵਰਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕਿ ਉਨ੍ਹਾਂ ਦੀ ਯੂਨੀਅਨ ਨੂੰ ਕਿਤੇ ਵੀ ਕੋਈ ਮੁਸ਼ਕਲ ਆਉਣ ਨਹੀਂ ਦਿੱਤੀ ਜਾਵੇਗੀ ਕੋਈ ਵੀ ਮਸਲਾ ਮਿਲ ਬੈਠ ਕੇ ਹੱਲ ਕਰਵਾਇਆ ਜਾਵੇਗਾ । ਉਨ੍ਹਾਂ ਕਿਹਾ ਕਿ ਉਹ ਪਰਮਾਤਮਾ ਅੱਗੇ ਹਮੇਸ਼ਾ ਆਪਰੇਟਰਾਂ ਅਤੇ ਡਰਾਈਵਰ ਭਰਾਵਾਂ ਨੂੰ ਚੜ੍ਹਦੀ ਕਲਾ 'ਚ ਰੱਖਣ ਦੀ ਅਰਦਾਸ ਕਰਦੇ ਹਨ। ਕਿਉਂਕਿ ਵਿਧਾਇਕ ਬਣਨ ਤੋਂ ਪਹਿਲਾਂ ਲੰਬਾ ਸਮਾਂ ਉਹ ਤੇ ਉਨ੍ਹਾਂ ਦੇ ਬਜ਼ੁਰਗ ਡੇਰਾਬੱਸੀ ਟਰੱਕ ਯੂਨੀਅਨ ਦੇ ਪ੍ਰਧਾਨ ਰਹਿ ਚੁੱਕੇ ਹਨ। ਇਸ ਲਈ ਉਹ ਅਪਰੇਟਰਾਂ ਦੀਆਂ ਮੁਸ਼ਕਿਲਾਂ ਨੂੰ ਚੰਗੀ ਤਰ੍ਹਾਂ ਜਾਣਦੇ ਤੇ ਸਮਝਦੇ ਹਨ। ਇਸ ਮੌਕੇ ਯੂਨੀਅਨ ਮੈਨੇਜਮੈਂਟ ਵੱਲੋਂ ਵਿਧਾਇਕ ਰੰਧਾਵਾ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

## ਐੱਸ ਡੀ ਕਾਲਜ 'ਚ ਈ ਵੇਸਟ ਪ੍ਰਬੰਧਨ ਸਬੰਧੀ ਲੈਕਚਰ

**ਸੁਲਤਾਨਪੁਰ ਲੋਧੀ (ਹਨੀ)** ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਈਕੋ ਕਲੱਬ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਅਤੇ ਕਲੱਬ ਦੇ ਇੰਚਾਰਜ ਮੈਡਮ ਰਾਜਿੰਦਰ ਕੌਰ ਦੀ ਦੇਖ ਰੇਖ ਵਿਚ 'ਐਨਵਾਰਟਮੈਂਟ ਐਜੂਕੇਸ਼ਨ ਪ੍ਰੋਗਰਾਮ' ਦੇ ਹੇਠ ਇੱਕ ਸਮਾਗਮ ਕਰਵਾਇਆ ਗਿਆ। ਪੰਜਾਬੀ ਵਿਭਾਗ ਤੋਂ ਮੈਡਮ ਕਸ਼ਮੀਰ ਕੌਰ ਨੇ ਸਬੰਧਤ ਵਿਸ਼ੇ 'ਤੇ ਲੈਕਚਰ ਦਿੱਤਾ ਤੇ ਇਸ ਗੰਭੀਰਤਾ ਭਰੇ ਵਿਸ਼ੇ ਦੇ ਸੰਬੰਧ ਵਿੱਚ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਬੀ ਕਾਮ ਭਾਗ ਤੀਜਾ ਦੀ ਵਿਦਿਆਰਥਣ ਲੀਨਾ ਧੀਰ ਨੇ ਵੀ ਇਸ ਸਬੰਧ ਵਿੱਚ ਹੋਰ ਚਾਨਣਾ ਪਾਉਂਦੇ ਹੋਏ ਆਪਣੇ ਵਿਚਾਰ ਰੱਖੇ। ਇਸੇ ਸੰਬੰਧ ਵਿੱਚ ਕਾਲਜ ਵਿਖੇ ਪੋਸਟਰ ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ। ਪ੍ਰਿੰਸੀਪਲ ਡਾ ਸ਼ੁਕਲਾ ਨੇ ਵੀ ਵਿਦਿਆਰਥਣਾਂ ਨੂੰ ਸੰਬੋਧਿਤ ਕਰਦੇ ਹੋਏ 'ਈ- ਵੇਸਟ ਪ੍ਰਬੰਧਨ' ਦੇ ਅਭਾਵ 'ਚ ਹੋਣ ਵਾਲੇ ਖਤਰਿਆਂ ਤੋਂ ਜਾਣੂ ਕਰਵਾਇਆ ਅਤੇ ਇਸ ਨਾਲ ਜੁੜੇ ਉਪਕਰਣਾਂ ਦਾ ਘੱਟ ਤੋਂ ਘੱਟ ਇਸਤੇਮਾਲ ਕਰਨ ਦਾ ਸੁਨੇਹਾ ਦਿੱਤਾ । ਈਕੋ ਕਲੱਬ ਦੁਆਰਾ ਆਯੋਜਿਤ ਗਤੀਵਿਧੀਆਂ ਦੇ ਜੇਤੂਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ।



## ਪਰਮ ਸੰਤ ਰਾਮ ਸਿੰਘ ਦੀ ਬਰਸੀ ਧੂਮ-ਧਾਮ ਨਾਲ ਮਨਾਈ

**ਅਜੀਤਵਾਲ (ਨਛੱਤਰ ਸੰਧੂ)**- ਪਰਮ ਸੰਤ ਮਹਾਰਾਜ ਰਾਮ ਸਿੰਘ ਜੀ ਦੀ 16ਵੀਂ ਬਰਸੀ ਸੋਮਵਾਰ ਨੂੰ ਬੜੀ ਧੂਮ-ਧਾਮ ਨਾਲ ਮਨਾਈ ਗਈ। ਸਵੇਰੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਕੀਤਾ ਗਿਆ। ਫਿਰ ਕੀਰਤਨ ਜਥੇ ਨੇ ਗੁਰੂ ਰੂਪ ਸੰਗਤ ਨੂੰ ਬਾਣੀ ਨਾਲ ਜੋੜਿਆ। ਹਜ਼ੂਰ ਸੰਤ ਅਰਜਨ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਕਥਾ ਕਰਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। ਇਸ ਬਰਸੀ ਸਮਾਗਮ 'ਤੇ ਬਾਹਰੋਂ ਵਿਦੇਸ਼ਾਂ ਤੋਂ ਵੀ ਸੰਗਤਾਂ ਨੇ ਆ ਕੇ ਗੁਰੂਘਰ ਵਿੱਚ ਸੇਵਾ ਤੇ ਸਿਮਰਨ ਕੀਤਾ ਅਤੇ ਆਪਣਾ ਜੀਵਨ ਸਫਲ ਕੀਤਾ। ਇਸ ਬਰਸੀ ਪ੍ਰੋਗਰਾਮ 'ਤੇ ਮਹਾਪੁਰਸ਼ਾਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਇਲਾਕੇ ਦੀਆਂ ਧਾਰਮਿਕ, ਰਾਜਨੀਤਕ ਸ਼ਖਸੀਅਤਾਂ ਨੇ ਹਿੱਸਾ ਲਿਆ। ਇਸ ਸਮੇਂ ਉਨ੍ਹਾਂ ਨਾਲ ਭਾਈ ਸਬਸਾਚਨ ਸਿੰਘ, ਕਵਚਕਰਨ ਸਿੰਘ, ਸੰਤ ਧਰਮ ਦਾਸ ਸੈਦੋਕੇ, ਬਾਬਾ ਦੀਪਕ ਸਿੰਘ ਵੱਡਾ ਡੇਰਾ, ਗਿਆਨੀ ਇਕਬਾਲ ਸਿੰਘ ਸਾਬਕਾ ਜਥੇਦਾਰ ਪਟਨਾ ਸਾਹਿਬ, ਬਾਬਾ ਉਦੈ ਸਿੰਘ, ਐੱਮ ਐੱਲ ਏ ਮਨਜੀਤ ਸਿੰਘ ਬਿਲਾਸਪੁਰ, ਭੁਪਿੰਦਰ ਸਾਹੋਕੇ, ਗੁਰਤਾਰ ਸਿੰਘ ਕਮਾਲਕੇ ਚੇਅਰਮੈਨ ਮਾਰਕੀਟ ਕਮੇਟੀ ਧਰਮਕੋਟ, ਹਰਪ੍ਰੀਤ ਸਿੰਘ ਰਿੱਕੀ, ਚੇਅਰਮੈਨ ਲੈਂਡਮਾਰਗੇਜ ਬੈਂਕ, ਡਾਕਟਰ ਗੁਰਮੀਤ ਸਿੰਘ ਐੱਮ ਸੀ ਧਰਮਕੋਟ, ਪੀ ਏ ਭੁਪਿੰਦਰ ਸਿੰਘ ਸਮਰਾ, ਹਰਦੀਪ ਸਿੰਘ ਗਰੇਵਾਲ, ਨਰਿੰਦਰ ਤਾਇਲ, ਪਰਮਿੰਦਰ ਡਿੰਪਲ, ਦਵਿੰਦਰਜੀਤ ਸਿੰਘ ਲਾਡੀ ਢੋਸ, ਬਰਿੰਦਰ ਸ਼ਰਮਾ ਚੇਅਰਮੈਨ, ਹਰੀ ਸਿੰਘ ਖਾਈ, ਹਰਜੋਤ ਕਮਲ, ਰਵਿੰਦਰ ਸਿੰਘ ਪੱਪੂ, ਸੁਖਜੀਵਨ ਸਿੰਘ ਸੈਕਟਰੀ, ਖਣਮੁੱਖ ਭਾਰਤੀ, ਗੁਰਜੰਟ ਸਿੰਘ ਆਦਿ ਹਾਜ਼ਰ ਸਨ।



## ਜ਼ਰੂਰਤਮੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਕ ਵਿਆਹ ਕਰਵਾਏ

**ਅਲਾਵਲਪੁਰ, (ਮਦਨ ਬੰਗੜ)**- ਨਜ਼ਦੀਕੀ ਪਿੰਡ ਦੂਹੜੇ ਵਿਖੇ ਹਰ ਸਾਲ ਦੀ ਤਰ੍ਹਾਂ ਜ਼ਰੂਰਤਮੰਦ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਸੰਪੰਨ ਕਰਵਾਏ ਗਏ। ਬਾਪੂ ਮੰਗਲ ਦਾਸ ਚੈਰੀਟੇਬਲ ਟਰੱਸਟ ਯੂ ਕੇ ਵੱਲੋਂ ਇਹ ਸਮੂਹਿਕ ਵਿਆਹ ਸਮਾਗਮ ਪ੍ਰਧਾਨ ਹਰਬੰਸ ਮੱਲ ਦੀ ਦੇਖ-ਰੇਖ ਹੇਠ ਆਯੋਜਿਤ ਕੀਤਾ ਗਿਆ, ਜਿਸ ਵਿੱਚ ਨਵੇਂ ਜੋੜਿਆਂ ਨੂੰ ਆਸ਼ੀਰਵਾਦ ਦੇਣ ਲਈ ਸੰਤ ਹਰਚਰਨ ਦਾਸ ਡੇਰਾ ਉਚਾ, ਡੇਰ ਦਰਬਾਰ ਲਾਂਬੜਾ ਸੰਤ ਅਮਰਜੀਤ , ਸੰਤ ਪ੍ਰੇਮ ਦਾਸ ਰਸ਼ਪਾਲਵਾਂ, ਡੇਰਾ ਗੋਵਿੰਦ ਦਾਸ ਫਗਵਾੜਾ ਤੋਂ ਸੰਤ ਦੇਸ ਰਾਜ ਅਤੇ ਵਿਸ਼ੇਸ਼ ਮਹਿਮਾਨ ਵਜੋਂ ਬੀ.ਕੇ ਵਿਰਦੀ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਵੱਲੋਂ ਸ਼ਿਰਕਤ ਕੀਤੀ ਗਈ । ਸਮਾਗਮ ਵਿੱਚ ਕੁੱਲ 10 ਜ਼ਰੂਰਤਮੰਦ ਜੋੜਿਆਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਅਨੰਦ ਕਾਰਜ ਸੰਪੰਨ ਹੋਏ। ਹਰਬੰਸ ਮੱਲ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਦੂਹੜੇ ਅਤੇ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਯੂ ਕੇ ਦੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਹਰ ਸਾਲ ਇਹ ਵਿਆਹ ਸਮਾਗਮ ਕਰਵਾਇਆ ਜਾਂਦਾ ਹੈ। ਇਸ ਮੌਕੇ ਹਰਬੰਸ ਮੱਲ , ਕਸ਼ਮੀਰ ਮੱਲ, ਸਤਪਾਲ ਮਲ, ਸੂਰਤ ਕੌਰ ਮਲ, ਸਮੂਹ ਮੱਲ ਪਰਵਾਰ, ਪਰਮਜੀਤ ਪੰਮਾ, ਸਤਪਾਲ ਸੋਢੀ ਆਦਿ ਹਾਜ਼ਰ ਸਨ। ਸਮਾਗਮ ਵਿੱਚ ਬਰਾਤਾਂ ਲਈ ਖਾਣ ਪੀਣ ਦਾ ਪੂਰਾ ਪ੍ਰਬੰਧ ਕੀਤਾ ਗਿਆ ਇਸ ਤੋਂ ਇਲਾਵਾ ਪ੍ਰਬੰਧਕਾਂ ਵੱਲੋਂ ਨਵ ਵਿਆਹੇ ਹੋਏ ਜੋੜਿਆਂ ਨੂੰ ਘਰੇਲੂ ਸਮਾਨ ਵੀ ਦਿੱਤਾ ਗਿਆ। ਸਟੇਜ ਸਕੱਤਰ ਦੀ ਜਿੰਮੇਵਰੀ ਦੀਪ ਦੂਹੜਾ ਨੇ ਨਿਭਾਈ।ਪਾਲ ਕਲੀਨਿਕ ਵੱਲੋਂ ਡਾ. ਵਿਜੇਪਾਲ ਦੀ ਦੇਖ-ਰੇਖ ਵਿੱਚ ਫ੍ਰੀ ਮੈਡੀਕਲ ਚੈੱਕਅਪ ਕੈਂਪ ਵੀ ਲਗਾਇਆ ਗਿਆ ਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ।

## ਡਾ. ਅੰਬੇਡਕਰ ਜਾਗਰਤੀ ਮੇਲੇ ਸੰਬੰਧੀ ਮੀਟਿੰਗ



**ਬੰਗਾ (ਅਵਤਾਰ ਕਲੇਰ)**- ਡਾ. ਅੰਬੇਡਕਰ ਚੇਤਨਾ ਸੋਸਾਇਟੀ ਬੰਗਾ ਵੱਲੋਂ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜਾਗ੍ਰਤੀ ਮੇਲਾ 2025 ਸਬੰਧੀ ਇੱਕ ਮੀਟਿੰਗ ਦਾ ਆਯੋਜਨ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਅੰਬੇਡਕਰ ਨਗਰ ਬੰਗਾ ਵਿਖੇ ਕੀਤਾ ਗਿਆ। ਡਾ. ਕਸ਼ਮੀਰ ਚੰਦ, ਡਾ. ਨਿਰੰਜਨ ਪਾਲ, ਡਾ. ਸੁਖਵਿੰਦਰ ਹੀਰਾ, ਡਾ. ਜਸਵਿੰਦਰ ਰੱਲ੍ਹ, ਲੈਕ ਕੁਲਵਿੰਦਰ ਸਿੰਘ, ਲੈਕ. ਬਲਿਹਾਰ ਸਿੰਘ, ਲੈਕ. ਰਾਮ ਕ੍ਰਿਸ਼ਨ ਪੱਲੀ ਝਿੱਕੀ, ਮੈਨੇਜਰ ਸੁਰਿੰਦਰ ਮੋਹਨ ਨੇ ਸਾਂਝੇ ਤੌਰ 'ਤੇ ਦੱਸਿਆ ਕਿ 14 ਅਪ੍ਰੈਲ ਨੂੰ ਲੱਗਣ ਵਾਲੇ ਇਸ ਮੇਲੇ ਵਿੱਚ ਬੱਚਿਆਂ ਦੇ ਪੇਂਟਿੰਗ, ਭਾਸ਼ਣ ਤੇ ਕੋਰੀਓਗ੍ਰਾਫੀ ਦੇ ਮੁਕਾਬਲੇ ਕਰਵਾਏ ਜਾਣਗੇ। ਬੁਲਾਰਿਆਂ ਦੇ ਰੂਪ ਵਿੱਚ ਪ੍ਰੋ: ਅਕਸ਼ੇ ਜਲੋਵਾ ਪੋਲੀਟੈਕਨਿਕ ਕਾਲਜ ਜਲੰਧਰ, ਪ੍ਰੋ: ਰਵੀਕਾਂਤ ਲਖਨਊ ਯੂਨੀਵਰਸਿਟੀ (ਯੂਪੀ) ਅਤੇ ਧਰਮਿੰਦਰ ਭੁੱਲਾਰਾਈ, ਬਾਬਾ ਸਾਹਿਬ ਦੀ ਜੀਵਨੀ 'ਤੇ ਵਿਸਥਾਰ ਪੂਰਵਕ ਚਾਨਣਾ ਪਾਉਣਗੇ। ਮੇਲੇ ਵਿੱਚ ਸਾਇੰਸ ਪ੍ਰਦਰਸ਼ਨੀ, ਪੁਸਤਕ ਪ੍ਰਦਰਸ਼ਨੀ ਅਤੇ ਕੌਂਸਲਿੰਗ ਐਂਡ ਗਾਈਡੈਂਸ ਵੀ ਖਿੱਚ ਦਾ ਕੇਂਦਰ ਹੋਣਗੀਆਂ। ਇਸ ਮੌਕੇ ਡਾ ਕਸ਼ਮੀਰ ਚੰਦ, ਡਾ. ਨਿਰੰਜਨ ਪਾਲ, ਡਾ. ਸੁਖਵਿੰਦਰ ਹੀਰਾ, ਡਾ. ਅਮਰੀਕ ਸਿੰਘ, ਡਾ. ਜਸਵਿੰਦਰ ਰੱਲ, ਲੈਕ. ਕੁਲਵਿੰਦਰ ਸਿੰਘ, ਲੈਕ. ਬਲਿਹਾਰ ਸਿੰਘ, ਲੈਕ. ਰਾਮ ਕ੍ਰਿਸ਼ਨ ਪੱਲੀ ਝਿੱਕੀ, ਲੈਕ. ਸੁਰਜੀਤ ਸੈਂਪਲੇ, ਲੈਕ. ਸਤਨਾਮ ਸੂੰਨੀ, ਹਰਬਲਾਸ ਬੰਗਾ, ਅਮਰੀਕ ਰਸੂਲਪੁਰ, ਰਾਣਾ ਮੁਕੰਦਪੁਰ, ਨਿਤਨ ਮਕੰਦਪੁਰ,ਵਿਪਨ ਕੁਮਾਰ, ਰਮੇਸ਼ ਅਟਾਰੀ, ਹਰਜਿੰਦਰ ਸਿੰਘ, ਚੰਨਣ ਰਾਮ, ਭੁਪਿੰਦਰ ਸਿੰਘ, ਪ੍ਰਿਥੀਪਾਲ ਸਰਹਾਲ, ਦਰਬਾਰੀ ਲਾਲ ਸਰਹਾਲ, ਹੁਸਨ ਲਾਲ, ਸੁਰਿੰਦਰ ਮੋਹਨ, ਜਸਵੀਰ ਪਾਲ ਰਸੂਲਪੁਰ, ਅਮਰੀਕ ਰਸੂਲਪੁਰ, ਦਵਿੰਦਰ ਸਿੰਘ ਰਸੂਲਪੁਰ, ਗੁਰਮੇਲ ਸਿੰਘ ਮੋਰਾਂਵਾਲੀ, ਹਰਜਿੰਦਰ ਸਿੰਘ, ਗੁਰਨਾਮ ਰਾਮ, ਨੰਦ ਲਾਲ ਆਦਿ ਹਾਜ਼ਰ ਸਨ।

## ਤਰਕਸ਼ੀਲ ਸੁਸਾਇਟੀ ਦਾ ਸਰਬਸੰਮਤੀ ਨਾਲ ਗਠਨ



**ਬੰਗਾ (ਅਵਤਾਰ ਕਲੇਰ)**- ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੀਆਂ ਇਕਾਈਆਂ ਦੇ ਗਠਨ ਦਾ ਸਿਲਸਿਲਾ ਸ਼ੈਸ਼ਨ 2025-27 ਦੇ ਲਈ ਚੱਲ ਰਿਹਾ ਹੈ, ਇਕਾਈ ਨਵਾਂਸ਼ਹਿਰ ਦੀ ਚੋਣ ਜੋਨ ਮੁਖੀ ਸੱਤਪਾਲ ਸਲੋਹ ਦੇ ਨਿਵਾਸ ਸਥਾਨ 'ਤੇ ਕੀਤੀ ਗਈ।ਇਸ ਵਾਰ ਨਵਾਂਸ਼ਹਿਰ ਯੂਨਿਟ ਦੀ ਕਮਾਂਡ ਬਲਵਿੰਦਰ ਕੌਰ ਸਲੋਹ ਨੂੰ ਸੰਭਾਲੀ ਗਈ ਹੈ ਜਿਹਨਾਂ ਨੂੰ ਜਥੇਬੰਦਕ ਮੁਖੀ ਦੇ ਤੌਰ 'ਤੇ ਚੁਣਿਆ ਗਿਆ ਹੈ।ਵਿੱਤ ਵਿਭਾਗ ਲਈ ਬਲਜਿੰਦਰ ਸਵਾਜਪੁਰੀ ਮੀਡੀਆ ਵਿਭਾਗ ਲਈ ਨਿੰਦਰ ਮਾਈਦਿੱਤਾ ਤੇ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਲਈ ਗੁਰਦੇਵ ਬਛੌੜੀ ਦੀ ਡਿਊਟੀ ਲਗਾਈ ਗਈ ਹੈ ਅਤੇ ਸੱਭਿਆਚਾਰ ਵਿਭਾਗ ਦੇ ਮੁਖੀ ਵਜੋਂ ਬਲਵਿੰਦਰ ਕੁਮਾਰ ਨੂੰ ਚੁਣਿਆ ਗਿਆ ਹੈ।ਇਸ ਤੋਂ ਪਹਿਲਾਂ ਸਾਰੇ ਹੀ ਵਿਭਾਗਾਂ ਦੇ ਮੁਖੀਆਂ ਵਲੋਂ ਬੀਤੇ ਦੋ ਸਾਲ ਦੀ ਕਾਰਵਾਈ ਰਿਪੋਰਟ ਪੇਸ਼ ਕੀਤੀ ਗਈ ਅਤੇ ਆ ਰਹੀਆਂ ਮੁਸ਼ਕਲਾਂ ਦੇ ਹੱਲ,ਤਰੁੱਟੀਆਂ ਤੇ ਉਪਲੱਬਧੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਬੇਗਮਪੁਰਾ ਬੁੱਕ ਸ਼ਾਪ ਦੇ ਸੰਚਾਲਕ ਜਸਵੀਰ ਬੇਗਮਪੁਰੀ,ਸੁਰਜੀਤ ਰੁੜਕੀ,ਬਲਜਿੰਦਰ ਤਾਜੋਵਾਲ, ਸਿੰਮੀ,ਸੰਜੀਵ ਕੁਮਾਰ ਆਦਿ ਸਾਥੀਆਂ ਵਲੋਂ ਵਿਚਾਰ ਚਰਚਾ ਵਿੱਚ ਹਿੱਸਾ ਲਿਆ ਗਿਆ।ਇਹ ਚੋਣ ਵਿਸ਼ੇਸ਼ ਤੌਰ 'ਤੇ ਜੋਨ ਨਵਾਂਸ਼ਹਿਰ ਤੋਂ ਮਾਸਟਰ ਜਗਦੀਸ਼ ਰਾਏਪੁਰਡੱਬਾ ਮੁਖੀ ਮੀਡੀਆ ਵਿਭਾਗ ਦੀ ਦੇਖ ਰੇਖ ਵਿੱਚ ਕੀਤੀ ਗਈ। ਇਸ ਮੌਕੇ ਤਰਕਸ਼ੀਲ ਮੈਗਜ਼ੀਨ ਵੀ ਮੈਬਰਾਂ ਦੇ ਸਪੁਰਦ ਕੀਤਾ ਗਿਆ ਅਤੇ ਸਾਰੇ ਹੀ ਨਵੇਂ ਚੁਣੇ ਗਏ ਵਿਭਾਗਾ ਦੇ ਮੁਖੀਆਂ ਵਲੋਂ ਆਉਣ ਵਾਲੇ ਦੋ ਸਾਲ ਲਈ ਤਨ ਮਨ ਧਨ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ ਤੇ ਵਿਸ਼ੇਸ਼ ਦਿਨਾਂ 'ਤੇ ਸੁਸਾਇਟੀ ਦੀ ਆਮਦਨ ਵਿਚ ਵਾਧਾ ਕਰਨ ਦਾ ਅਹਿਦ ਲਿਆ ਗਿਆ।ਇਸ ਮੌਕੇ ਸੱਤਪਾਲ ਸਲੋਹ ਵਲੋਂ ਪਰਵਾਰ ਵਿਚ ਬੇਟੇ ਦੇ ਵਿਆਹ ਹੋਣ ਦੀ ਖੁਸ਼ੀ ਤੇ ਪਰਵਾਰ ਵਿਚ ਬਹੂ ਦੇ ਰੂਪ 'ਚ ਵਾਧਾ ਹੋਣ ਦੀ ਖੁਸ਼ੀ 'ਤੇ ਵਿਦੇਸ਼ ਤੋਂ ਘਰ ਆਮਦ ਦੀਆਂ ਖੁਸ਼ੀਆਂ ਨੂੰ ਵੰਡਦੇ ਹੋਏ ਇਕਾਈ ਨਵਾਂਸ਼ਹਿਰ ਨੂੰ ਵਿਸ਼ੇਸ਼ ਸਹਿਯੋਗ ਰਾਸ਼ੀ ਦਿੱਤੀ ਗਈ।

## ਰਾਮ ਨੌਮੀ ਦੇ ਸਬੰਧ 'ਚ ਸ਼ੋਭਾ ਯਾਤਰਾ 6 ਨੂੰ

**ਨਕੋਦਰ (ਰੀਨਾ ਸ਼ਰਮਾ)** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਂ ਸ਼ਿਵਰਾਤਰੀ ਉਤਸਵ ਕਮੇਟੀ (ਰਜਿ.) ਨਕੋਦਰ ਵੱਲੋਂ ਸ੍ਰੀ ਸ੍ਰੀ 108 ਮਹੰਤ ਸ੍ਰੀ ਗੋਬਿੰਦ ਦਾਸ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਅਤੇ ਅਗਵਾਈ ਹੇਠ ਸ੍ਰੀ ਰਾਮ ਨੌਮੀ ਦੇ ਦਿਨ 6 ਅਪ੍ਰੈਲ ਨੂੰ ਵਿਸ਼ਾਲ ਸ਼ੋਭਾ ਯਾਤਰਾ ਦੁਪਹਿਰ 3 ਵਜੇ ਸ਼ਹੀਦ ਅਜੈ ਚੱਕ (ਸਬਜੀ ਮੰਡੀ) ਨਕੋਦਰ ਤੋਂ ਕੱਢੀ ਜਾ ਰਹੀ ਹੈ। ਨਰੇਸ਼ ਖਾਨ ਪ੍ਰਧਾਨ ਨੇ ਦੱਸਿਆ ਕਿ 5 ਅਪ੍ਰੈਲ ਦਿਨ ਸ਼ਨੀਵਾਰ ਨੂੰ ਜਾਗੋ ਜੋ ਸ਼ਾਮ 7 ਵਜੇ ਸ਼ਹੀਦ ਅਜੈ ਚੱਕ (ਸਬਜੀ ਮੰਡੀ) ਤੋਂ ਕੱਢੀ ਜਾ ਰਹੀ ਹੈ ਅਤੇ 6 ਅਪ੍ਰੈਲ ਦਿਨ ਐਤਵਾਰ ਸ੍ਰੀ ਰਾਮ ਨੌਮੀ ਵਾਲੇ ਦਿਨ ਵਿਸ਼ਾਲ ਸ਼ੋਭਾ ਯਾਤਰਾ ਦੁਪਹਿਰ 3 ਵਜੇ ਸ਼ਹੀਦ ਅਜੈ ਚੱਕ ਤੋਂ ਆਰੰਭ ਹੋਵੇਗੀ ਅਤੇ ਸਾਰੇ ਸ਼ਹਿਰ ਦੀ ਪਰਕਰਮਾ ਕਰ ਅੰਤ ਸਬਜੀ ਮੰਡੀ ਸਮਾਪਤ ਹੋਵੇਗੀ। ਸ਼ੋਭਾ ਯਾਤਰਾ ਵਿੱਚ ਭਗਵਾਨ ਸ੍ਰੀ ਰਾਮ ਜੀ ਨਾਲ ਸੰਬੰਧਤ ਸੁੰਦਰ ਝਾਕੀਆਂ, ਬੈਂਡ ਵਾਜੇ ਸ਼ੋਭਾ ਵਧਾਉਣਗੇ। ਇਸ ਮੌਕੇ ਨਰੇਸ਼ ਖਾਨ, ਵਿਨੋਦ ਪੁਰੀ, ਚੇਤਨ ਭਾਰਦਵਾਜ, ਜਤਿੰਦਰ ਕੁਮਾਰ ਜੈਜੀ, ਗੌਰਵ ਸਹਿਗਲ, ਤਨੁਜ ਧੀਰ, ਰਾਹੁਲ ਮੇਹਰਾ, ਤਰੁਣ ਕੁਮਾਰ ਮੰਗੂ, ਕਾਵਿਯ ਖਾਨ, ਸੈਂਕੀ ਤ੍ਰਿਖਾ, ਜਤਿੰਦਰ ਜੈਨ, ਰਿੰਕੂ ਵਰਮਾ, ਨਿਤਿਨ ਜਗਪਾਲ, ਲੱਕੀ ਭੱਲਾ, ਸੰਨੀ ਮਰਵਾਹਾ, ਹਨੀ ਸੇਠੀ, ਰੋਹਿਤ ਆਦਿ ਹਾਜਰ ਸਨ।

## ਮੇਹਰ ਚੰਦ ਪਾਲੀਟੈਕਨਿਕ ਕਾਲਜ ਦਾ ਰਿਹਾ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ (ਸ਼ੈਲੀ ਐਲਬਰਟ )** ਪੰਜਾਬ ਰਾਜ ਤਕਨੀਕੀ ਸਿਖਿਆ ਬੋਰਡ ਦੀਆਂ ਪ੍ਰੀਖਿਆਵਾਂ ਵਿੱਚ ਮੇਹਰ ਚੰਦ ਪਾਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਅਤੇ ਟੋਪ 20 ਵਿਚੋਂ 5 ਸਥਿਤੀਆਂ ਹਾਸਲ ਕੀਤੀਆਂ , ਜਿਸ ਵਿਚ ਫਾਰਮੇਸੀ ਦੂਜੇ ਸਾਲ ਦੀ ਵੰਸ਼ਿਕਾ ਨੇ 88% ਅੰਕਾਂ ਨਾਲ ਪਹਿਲਾ, ਭਰਤ ਬੱਬਰ ਨੇ 86.8 % ਅੰਕਾਂ ਨਾਲ ਤੀਸਰਾ, ਸਿਮਰਨ ਨੇ ਬਾਹਰਵਾਂ , ਅਮਿਤ ਨੇ ਚੌਦਵਾਂ ਅਤੇ ਰਾਜਵਿੰਦਰ ਨੇ ਵੀਹਵਾਂ ਸਥਾਨ ਹਾਸਲ ਕੀਤਾ। ਫਾਰਮੇਸੀ ਪਹਿਲੇ ਸਾਲ ਦੀ ਵਿਦਿਆਰਥਣ ਰਿਧਿਮਾ ਨੇ 82.6% ਅੰਕਾਂ ਨਾਲ ਉਨੀਵਾਂ ਸਥਾਨ ਹਾਸਲ ਕੀਤਾ ਹੈ । ਕਾਲਜ਼ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਵਿਭਾਗ ਮੁਖੀ ਡਾ. ਸੰਜੇ ਬਾਂਸਲ ਨੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਅੱਗੇ ਵਦਨ ਲਈ ਪ੍ਰੇਰਿਤ ਕੀਤਾ ਅਤੇ ਉਹਨਾਂ ਦੀ ਹੌਸਲਾ ਅਫਜ਼ਾਈ ਕੀਤੀ।। ਇਸ ਮੌਕੇ ਫਾਰਮੇਸੀ ਵਿਭਾਗ ਦੇ ਅਧਿਆਪਕ ਮੀਨਾ ਬਾਂਸਲ, ਸੰਦੀਪ ਕੁਮਾਰ, ਮੇਜਰ ਪੰਕਜ ਗੁਪਤਾ, ਡਾ. ਸਵਿਤਾ ਕੁਮਾਰੀ, ਅਭਿਸ਼ੇਕ ਸ਼ਰਮਾ ਅਤੇ ਫਾਰਮੇਸੀ ਵਿਭਾਗ ਦੇ ਸਟਾਫ਼ ਮੈਂਬਰ ਮਲਕੀਅਤ ਭੱਟੀ ਤੇ ਵਿਨੋਦ ਕੁਮਾਰ ਮੌਜੂਦ ਸਨ।

## ਵਿਸ਼ਾਲ ਭੰਡਾਰਾ ਤੇ ਮੂਰਤੀ ਸਥਾਪਨਾ ਦਿਵਸ ਸ਼ਰਧਾ-ਪੂਰਵਕ ਕਰਵਾਇਆ

**ਰਾਹੋਂ, (ਕੁਲਵਿੰਦਰ ਸਿੰਘ ਰਾਹੋਂ)** ਸ਼ਿਵ ਮੰਦਿਰ ਚੌਂਕ ਪਟੂਆਂ ਵਿਖੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਰੇਸ਼ ਪ੍ਰਭਾਕਰ ਦੀ ਪ੍ਰਧਾਨਗੀ ਹੇਠ ਸਮੂਹ ਕਮੇਟੀ ਮੈਂਬਰਾਂ ਅਤੇ ਐਨ. ਆਰ. ਆਈ ਭਰਾਵਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਨਾਲ ਮਨਾਇਆ ਗਿਆ।ਸਵੇਰੇ 5:00 ਵਜੇ ਮੰਦਰ ਦੀਆਂ ਸਾਰੀਆਂ 13 ਮੂਰਤੀਆਂ ਨੂੰ ਸ਼ਾਹੀ ਇਸ਼ਨਾਨ ਕਰਵਾਇਆ ਗਿਆ ਅਤੇ ਸਵੇਰੇ 10:00 ਵਜੇ ਬਲਦੇਵ ਚੱਢਾ ਅਤੇ ਕੁਸੁਮ ਚੱਢਾ ਦੇ ਪਰਵਾਰ ਵੱਲੋਂ ਪੰਡਿਤ ਧਰਮਪਾਲ ਨੇ ਹਵਨ ਯੱਗ ਕੀਤਾ। ਮੰਦਿਰ ਮਹਿਲਾ ਮੰਡਲੀ ਵੱਲੋਂ ਦੁਪਹਿਰ 11 ਵਜੇ ਤੋਂ 1: 00 ਵਜੇ ਸ਼ਿਵ ਮੰਦਿਰ ਵਿੱਚ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ, ਜਿਸ ਵਿੱਚ ਅਮਰਜੀਤ ਸਿੰਘ ਢਿੱਲੋਂ, ਟੇਕ ਬਹਾਦੁਰ ਭਾਰਗਵ, ਵਿੱਕੀ ਚੋਪੜਾ, ਅਰੁਣ ਚੋਪੜਾ, ਬੋਵੇ ਭਾਰਦਵਾਜ, ਬੱਬੂ ਚੋਪੜਾ, ਵਿਜੇ ਸ਼ਰਮਾ, ਅਰੋਡਥਾ, ਡਾ. ਸ਼ੁਭਮ ਚੱਢਾ, ਵਿਸ਼ੇਸ਼ ਚੱਢਾ, ਗੌਰਵ ਚੱਢਾ ,ਰਾਹੁਲ ਕੁਮਾਰ, ਕੁਲਬੀਰ ਸਿੰਘ, ਖੱਦਰ ਸਿੰਘ, ਇੰਦਰਜੀਤ ਚੋਪੜਾ, ਰਵਿੰਦਰ ਸ਼ਰਮਾ, ਗੁਲਸ਼ਨ ਸ਼ਰਮਾ, ਰਿਸ਼ੂ ਸ਼ਰਮਾ, ਅਸ਼ੋਕ ਜੋਸ਼ੀ, ਪੰਡਿਤ ਪ੍ਰਮੋਦ ਸ਼ਾਸਤਰੀ, ਪੰਡਿਤ ਚਮਨ ਲਾਲ ਆਦਿ ਅਤੇ ਕਮੇਟੀ ਵੱਲੋਂ ਸਮਾਗਮ ਵਿੱਚ ਸਹਿਯੋਗ ਦੇਣ ਵਾਲਿਆਂ ਨੂੰ ਸ਼ਿਵ ਭੋਲੇਨਾਥ ਦਾ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਾਰਾ ਦਿਨ ਅਟੁੱਟ ਲੰਗਰ ਚਲਾਇਆ ਗਿਆ । ਇਸ ਮੌਕੇ ਰਾਣੋ ਯੂ.ਕੇ.,ਸ਼ਸ਼ੀ ਚੋਪੜਾ ,ਕੁਸੁਮ ਚੱਢਾ ,ਨੀਲਮ ਚੱਢਾ, ਸ਼ਿਵਾਨੀ ਸ਼ਰਮਾ, ਕਨਿਕਾ ਖੰਨਾ, ਪਰਮਜੀਤ ਕੌਰ, ਸਾਧਨਾ ਅਰੋੜਾ, ਸਰੋਜ ਸ਼ਰਮਾ, ਦੀਆ ਰਾਣੀ, ਮਧੂ ਪੋਪਲੀ, ਸਰੋਜ ਕੱਕੜ, ਕਮਲੇਸ਼ ਚੋਪੜਾ ਆਦਿ ਨੇ ਸੇਵਾ ਨਿਭਾਈ।

## ਡਾ. ਮਿੱਤਲ ਨੇ ਭਾਰਤ ਨੂੰ ਬਸਤੀਵਾਦੀ ਵਿਰਾਸਤ ਨੂੰ ਖਤਮ ਕਰਨ ਦਾ ਦਿੱਤਾ ਸੱਦਾ

**ਜਲੰਧਰ (ਸੈਲੀ ਐਲਬਰਟ)** ਡਾ. ਮਿੱਤਲ ਨੇ ਭਾਰਤੀ ਪੁਰਾਤੱਤਵ ਸਰਵੇਖਣ ਦੁਆਰਾ ਸੁਰੱਖਿਅਤ 3,600 ਤੋਂ ਵੱਧ ਸਮਾਰਕਾਂ ਦੀ ਸਮੀਖਿਆ ਕਰਨ ਦੀ ਮੰਗ ਕੀਤੀ, ਖਾਸ ਕਰਕੇ ਉਹ ਸਮਾਰਕ ਜੋ ਭਾਰਤ ਦੇ ਬਸਤੀਵਾਦੀ ਜ਼ੁਲਮ ਵਿੱਚ ਭੂਮਿਕਾ ਨਿਭਾਉਣ ਵਾਲੇ ਲੋਕਾਂ ਦਾ ਸਨਮਾਨ ਕਰਦੇ ਹਨ । ਸੰਸਦ ਦੇ ਚੱਲ ਰਹੇ ਬਜਟ ਸੈਸ਼ਨ ਵਿੱਚ, ਆਮ ਆਦਮੀ ਪਾਰਟੀ (ਆਪ) ਦੇ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਭਾਰਤ ਵਿੱਚ ਬ੍ਰਿਟਿਸ਼ ਬਸਤੀਵਾਦੀ ਵਿਰਾਸਤ ਦੀ ਕਾਇਮੀ ਬਾਰੇ ਇੱਕ ਮਹੱਤਵਪੂਰਨ ਮੁੱਦਾ ਉਠਾਇਆ । ਦੇਸ਼ ਦੀ 77 ਸਾਲਾਂ ਦੀ ਰਾਜਨੀਤਿਕ ਆਜ਼ਾਦੀ ਦੇ ਬਾਵਜੂਦ, ਕਈ ਹਾਈ ਕੋਰਟਾਂ, ਗਲੀਆਂ, ਵਿਦਿਅਕ ਸੰਸਥਾਵਾਂ ਅਤੇ ਇਤਿਹਾਸਕ ਸਮਾਰਕਾਂ ਦੇ ਨਾਵਾਂ ਤੇ ਬਸਤੀਵਾਦੀ ਸ਼ਾਸਨ ਦੇ ਨਿਸ਼ਾਨ ਅਜੇ ਵੀ ਮੌਜੂਦ ਹਨ । ਡਾ: ਮਿੱਤਲ ਨੇ ਅੱਗੇ ਦੱਸਿਆ ਕਿ ਪ੍ਰਯਾਗਰਾਜ ਵਿੱਚ ਵੀ, ਜਿੱਥੇ ਸ਼ਹਿਰ ਦਾ ਨਾਂਅ ਇਸਦੀ ਅਮੀਰ ਭਾਰਤੀ ਵਿਰਾਸਤ ਨੂੰ ਦਰਸਾਉਣ ਲਈ ਬਦਲਿਆ ਗਿਆ ਸੀ, ਹਾਈ ਕੋਰਟ ਅਤੇ ਯੂਨੀਵਰਸਿਟੀ ਦਾ ਨਾਮ ਅਜੇ ਵੀ ਇਲਾਹਾਬਾਦ ਹੈ । ਇਸ ਤੋਂ ਇਲਾਵਾ, ਲੋਕ ਸਭਾ ਹਲਕੇ ਨੂੰ ਇਲਾਹਾਬਾਦ ਕਿਹਾ ਜਾਂਦਾ ਹੈ, ਜੋ ਕਿ ਸ਼ਹਿਰ ਦਾ ਨਾਂਅ ਬਦਲਣ ਪਿੱਛੇ ਰਾਸ਼ਟਰਵਾਦੀ ਭਾਵਨਾ ਦੇ ਉਲਟ ਹੈ। ਇਹ ਇੱਕ ਅਜਿਹਾ ਮਾਮਲਾ ਹੈ ਜਿਸ 'ਤੇ ਰਾਸ਼ਟਰੀ ਪੱਧਰ 'ਤੇ ਵਿਚਾਰ ਕਰਨ ਦੀ ਲੋੜ ਹੈ, ਖਾਸ ਕਰਕੇ ਕਿਉਂਕਿ ਭਾਰਤ ਅੱਜ ਇੱਕ ਮਜ਼ਬੂਤ ਅਤੇ ਵਧੇਰੇ ਖੁਸ਼ਹਾਲ ਅਰਥ ਵਿਵਸਥਾ ਵਜੋਂ ਖੜ੍ਹਾ ਹੈ, ਕਈ ਮੁੱਖ ਵਿਸ਼ਵ ਸੂਚਕਾਂ ਵਿੱਚ ਯੂਕੇ ਨੂੰ ਪਛਾੜਦਾ ਹੈ । ਡਾ: ਮਿੱਤਲ ਨੇ ਗੇਟਵੇ ਆਫ਼ ਇੰਡੀਆ ਅਤੇ ਇੰਡੀਆ ਗੇਟ ਵਰਗੇ ਪ੍ਰਮੁੱਖ ਸਮਾਰਕਾਂ 'ਤੇ ਚਿੰਤਾਵਾਂ ਜ਼ਾਹਰ ਕੀਤੀਆਂ, ਜਿਨ੍ਹਾਂ ਦੇ ਨਾਂਅ ਅਜੇ ਵੀ ਬ੍ਰਿਟਿਸ਼ ਬਸਤੀਵਾਦੀ ਸ਼ਖਸੀਅਤਾਂ ਨਾਲ ਜੁੜੇ ਹੋਏ ਹਨ। ਸਾਡੇ ਕੋਲ ਅਜੇ ਵੀ ਵੱਕਾਰੀ ਹਾਈ ਕੋਰਟਾਂ ਅਤੇ ਸੰਸਥਾਵਾਂ ਹਨ ਜਿਵੇਂ ਕਿ ਬੰਬੇ ਹਾਈ ਕੋਰਟ, ਮਦਰਾਸ ਹਾਈ ਕੋਰਟ, ਕੋਲਕਾਤਾ ਹਾਈ ਕੋਰਟ ਅਤੇ ਲੇਡੀ ਹਾਰਡਿੰਗ ਮੈਡੀਕਲ ਕਾਲਜ, ਜਿਨ੍ਹਾਂ ਦੇ ਨਾਂਅ ਬ੍ਰਿਟਿਸ਼ ਬਸਤੀਵਾਦੀ ਸ਼ਖਸੀਅਤਾਂ ਦੇ ਨਾਂਅ 'ਤੇ ਰੱਖੇ ਗਏ ਹਨ । ਡਾ: ਮਿੱਤਲ ਨੇ ਸਰਕਾਰ ਨੂੰ ਜਲਦੀ ਕਾਰਵਾਈ ਕਰਨ ਅਤੇ ਇਸ ਮਹੱਤਵਪੂਰਨ ਮੁੱਦੇ ਨੂੰ ਹੱਲ ਕਰਨ ਲਈ ਇੱਕ ਕੇਂਦ੍ਰਿਤ ਸੰਸਦੀ ਕਮੇਟੀ ਦੇ ਗਠਨ ਦੀ ਅਪੀਲ ਕੀਤੀ । ਡਾ: ਮਿੱਤਲ ਨੇ ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਰਗੇ ਖੇਤਰਾਂ ਵਿੱਚ ਰਾਜ ਸਰਕਾਰਾਂ ਨਾਲ ਇਸ ਮਾਮਲੇ ਨੂੰ ਨਿੱਜੀ ਤੌਰ 'ਤੇ ਹੱਲ ਕਰਨ ਦੀ ਆਪਣੀ ਵਚਨਬੱਧਤਾ ਵੀ ਪ੍ਰਗਟ ਕੀਤੀ, ਜਿੱਥੇ ਕਲਕੱਤਾ ਯੂਨੀਵਰਸਿਟੀ ਅਤੇ ਮਦਰਾਸ ਯੂਨੀਵਰਸਿਟੀ ਵਰਗੇ ਸੰਸਥਾਨ ਅਜੇ ਵੀ ਬਸਤੀਵਾਦੀ ਨਾਂਵਾਂ ਨਾਲ ਜੁੜੇ ਹੋਏ ਹਨ।



## ਪੰਡਤ ਰਾਹੁਲ ਸ਼ਰਮਾ ਬਣੇ ਖ਼ੂਨਦਾਨ ਕਲੱਬ ਦੇ ਪ੍ਰਧਾਨ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)**- ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ (ਰਜਿ.) ਮੈਂਬਰਾਂ ਵਲੋਂ ਸਰਬਸੰਮਤੀ ਨਾਲ ਪੰਡਿਤ ਰਾਹੁਲ ਸ਼ਰਮਾ ਨੂੰ ਅਗਲੇ ਇਕ ਸਾਲ ਲਈ ਪ੍ਰਧਾਨ ਚੁਣਿਆ ਗਿਆ ਹੈ। ਇਸ ਸਬੰਧੀ ਸਥਾਨਕ ਹੋਟਲ ਵਿਖੇ ਹੋਈ ਮੀਟਿੰਗ 'ਚ ਇਹ ਫ਼ੈਸਲਾ ਕੀਤਾ ਗਿਆ।ਸਾਲ 2025-26 ਲਈ ਟੀਮ ਦੀ ਚੋਣ ਲਈ ਸਰਪ੍ਰਸਤ ਪ੍ਰਦੀਪ ਬੇਦੀ ਦੀ ਪ੍ਰਧਾਨਗੀ ਹੇਠ ਸੱਦੀ ਗਈ ਮੀਟਿੰਗ 'ਚ ਚੋਣ ਅਧਿਕਾਰੀ ਦੀ ਭੂਮਿਕਾ ਲੈਕ. ਹਰਜਿੰਦਰ ਗੋਗਨਾ ਵਲੋਂ ਨਿਭਾਈ ਗਈ। ਨਵੀਂ ਚੁਣੀ ਟੀਮ ਮੁਤਾਬਿਕ ਵੀਤਿਨ ਪੁਰੀ ਜਨਰਲ ਸਕੱਤਰ, ਕੁਲਦੀਪ ਕੁਮਾਰ ਸਰਦਾਨਾ ਤੇ ਪ੍ਰਦੀਪ ਬੇਦੀ ਸਰਪ੍ਰਸਤ, ਆਈ. ਏ. ਐਸ. ਰਵੀ ਭਗਤ ਤੇ ਡਾ. ਸੌਰਵ ਲਖਨਪਾਲ ਸਲਾਹਕਾਰ, ਜਰਨੈਲ ਸਿੰਘ ਬਸਰਾ ਚੇਅਰਮੈਨ, ਗੋਪਾਲ ਲੂੰਬਾ ਉਪ ਚੇਅਰਮੈਨ, ਹਰਜਿੰਦਰ ਗੋਗਨਾ ਉਪ ਪ੍ਰਧਾਨ, ਜਗਜੀਵਨ ਕੁਮਾਰ, ਰਣਵੀਰ ਪਰਮਾਰ ਸਕੱਤਰ, ਨੰਦ ਕਿਸ਼ੋਰ ਸ਼ਰਮਾ ਸੰਯੁਕਤ ਸਕੱਤਰ, ਪ੍ਰੇਮ ਗੁਪਤਾ ਖਜਾਨਚੀ, ਵਿਕਾਸ ਚੋਪੜਾ ਤੇ ਨਰੇਸ਼ ਕੋਹਲੀ ਸੰਯੁਕਤ ਖਜਾਨਚੀ, ਨੀਰਜ ਬਖਸ਼ੀ, ਅਜੇ ਅਗਰਵਾਲ, ਸਤਿੰਦਰ ਸਿੰਘ ਅਤੇ ਅਸ਼ਵਨੀ ਸ਼ਰਮਾ ਪੀ. ਆਰ. ਉ, ਕੁਸ਼ ਵਢੇਰਾ, ਰਾਜੀਵ ਭਾਰਦਵਾਜ ਅਤੇ ਹਰਮਿੰਦਰ ਸਿੰਘ ਕੁੰਦੀ ਸੋਸ਼ਲ ਮੀਡੀਆ ਇੰਚਾਰਜ, ਐਡਵੋਕੇਟ ਸੁਮਿਤ ਕੌਸ਼ਲ ਅਤੇ ਐਡਵੋਕੇਟ ਹਿਮਾਂਸ਼ੂ ਪ੍ਰਾਸ਼ਰ ਲੀਗਲ ਐਡਵਾਈਜ਼ਰ, ਸੀ.ਏ. ਪਿਊਸ਼ ਬਾਂਸਲ ਫਾਈਨਾਂਸ ਐਡਵਾਈਜ਼ਰ, ਦਲਜੀਤ ਸ਼ਰਮਾ, ਪ੍ਰਭਜੋਤ ਸਿੰਘ ਅਤੇ ਵਿਪਨ ਮਾਨ ਦਫਤਰੀ ਸਕੱਤਰ, ਲੱਕੀ ਭਾਖੜੀ ਪ੍ਰੈਸ ਸਕੱਤਰ, ਲਵ ਵਢੇਰਾ ਜਾਇੰਟ ਪ੍ਰੈਸ ਸਕੱਤਰ, ਡਾ.ਅੰਜੂ ਸ਼ਰਮਾ, ਜਸਮੀਤ ਕੌਰ ਅਤੇ ਨੀਤੂ ਔਰਤ ਮਾਮਲੇ ਪ੍ਰਭਾਰੀ, ਕਾਰਜਕਾਰੀ ਮੈਂਬਰਾਂ ਵਜੋਂ ਰਾਕੇਸ਼ ਵਢੇਰਾ, ਕਰਨ ਸੋਨੀ. ਹਰੀਸ਼ ਚੰਦਰ ਅਤੇ ਨਿਤਿਨ ਮਦਾਨ ਨੂੰ ਜ਼ਿੰਮੇਵਾਰੀ ਦਿੱਤੀ ਗਈ।ਸੰਤੋਖ ਸਿੰਘ ਬਸਰਾ, ਨਰੇਸ਼ ਬੈਬਰਾ ਅਤੇ ਸੰਨੀ ਬਾਂਸਲ ਨੂੰ ਵਿਦੇਸ਼ ਮਾਮਲਿਆਂ ਦੇ ਪ੍ਰਭਾਰੀ ਡਿਊਟੀ ਲਗਾਈ ਗਈ। ਮੀਟਿੰਗ ਦੇ ਅਖੀਰ 'ਚ ਜਨਰਲ ਸਕੱਤਰ ਵਿਤਿਨ ਪੁਰੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਿਤ ਖੁਨਦਾਨ ਕੈਂਪਾਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਆਖਿਆ।

## ਸਰਕਾਰੀ ਕਾਲਜ ਰੋਪੜ ਵਿਖੇ ਜੁਗਰਾਫੀਕਲ ਕੁਇਜ਼ ਮੁਕਾਬਲਾ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਸਰਕਾਰੀ ਕਾਲਜ ਰੋਪੜ ਵਿਖੇ ਐਸੋਸੀਏਸ਼ਨ ਆਫ ਪੰਜਾਬ ਜੋਗਰਾਫਰਜ਼ ਅਧੀਨ ਜ਼ੋਨਲ ਜੁਗਰਾਫੀਕਲ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਮੋਹਾਲੀ ਜ਼ੋਨ ਅਧੀਨ ਆਉਂਦੇ ਛੇ ਕਾਲਜਾਂ ਨੇ ਭਾਗ ਲਿਆ।ਇਸ ਮੁਕਾਬਲੇ ਵਿੱਚ ਭੌਤਿਕ ਭੂਗੋਲ, ਜਨਰਲ ਜੌਗਰਫੀ, ਪ੍ਰਦੇਸ਼ਿਕ ਭੂਗੋਲ ਅਤੇ ਕਾਰਟੋਗ੍ਰਾਫੀ ਨਾਮਕ 4 ਰਾਊਂਡ ਰੱਖੇ ਗਏ ਸਨ। ਇਸ ਮੁਕਾਬਲੇ ਵਿੱਚ ਸਰਕਾਰੀ ਕਾਲਜ ਡੇਰਾਬੱਸੀ ਦੇ ਭੂਗੋਲ ਵਿਭਾਗ ਦੇ ਤਿੰਨ ਵਿਦਿਆਰਥੀ ਵਿਵੇਕ ਕੁਮਾਰ ਬੀ ਏ. ਭਾਗ ਤੀਜਾ, ਪ੍ਰਸ਼ਾਂਤ ਸ਼ਰਮਾ ਬੀ ਏ ਭਾਗ ਦੂਜਾ ਅਤੇ ਖੁਸ਼ਪ੍ਰੀਤ ਕੌਰ ਬੀ ਏ ਭਾਗ ਪਹਿਲਾ ਨੇ ਭਾਗ ਲਿਆ ਅਤੇ ਦੂਜਾ ਸਥਾਨ ਹਾਸਲ ਕੀਤਾ।ਵਿਭਾਗ ਦੇ ਮੁਖੀ ਪ੍ਰੋ. ਸਲੋਨੀ, ਪ੍ਰੋ. ਰਾਜੇਸ਼ ਅਤੇ ਪ੍ਰੋ. ਮਨਪ੍ਰੀਤ ਕੌਰ ਦੀ ਅਥੱਕ ਮਿਹਨਤ ਅਤੇ ਵਿਦਿਆਰਥੀਆਂ ਪ੍ਰਤੀ ਸੰਵੇਦਨਸ਼ੀਲਤਾ ਦਾ ਨਤੀਜਾ ਹੈ ਕਿ ਇਹ ਵਿਦਿਆਰਥੀ ਇਸ ਮੁਕਾਮ ਤੱਕ ਪਹੁੰਚ ਸਕੇ। ਸਰਕਾਰੀ ਕਾਲਜ ਡੇਰਾਬੱਸੀ ਦੇ ਵਾਈਸ ਪ੍ਰਿੰਸੀਪਲ ਪ੍ਰੋ. ਆਮੀ ਭੱਲਾ ਜੀ ਨੇ ਭੂਗੋਲ ਵਿਭਾਗ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਜਿਥੇ ਮੁਬਾਰਕਬਾਦ ਦਿੱਤੀ ਉਥੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਵੀ ਕੀਤੀ।

## ਵਿਦਿਆਰਥੀਆਂ ਨੇ ਨਸ਼ਾ ਵਿਰੋਧੀ ਮੁਹਿੰਮ 'ਚ ਯੋਗਦਾਨ ਪਾਉਣ ਦਾ ਲਿਆ ਪ੍ਰਣ

**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਜ਼ਿਲ੍ਹੇ ਵਿੱਚ ਸਮਾਜ ਸੇਵੀ ਸੰਸਥਾਵਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।ਇਸ ਮੁਹਿੰਮ ਤਹਿਤ ਸਮਾਜ ਸੇਵੀ ਸੰਸਥਾ ਦਿਸ਼ਾਦੀਪ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼, ਵਿਖੇ ਨਸ਼ਿਆਂ ਖਿਲਾਫ਼ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਸਥਾਨਕ ਸਿਵਲ ਹਸਪਤਾਲ ਸਥਿਤ ਨਸ਼ਾ ਛੁਡਾਊ ਕੇਂਦਰ ਤੋਂ ਕਾਊਂਸਲਰ ਡਾ. ਤਾਨੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਿਨ੍ਹਾਂ ਵਿਦਿਆਰਥੀਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਬਚਾਅ ਅਤੇ ਇਲਾਜ ਬਾਰੇ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਨਸ਼ਾ ਛੁਡਾਊ ਕੇਂਦਰ ਵਿਖੇ ਨਸ਼ੇ 'ਤੇ ਨਿਰਭਰ ਵਿਅਕਤੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਅਜਿਹੇ ਨੌਜਵਾਨਾਂ ਨੂੰ ਮੁੜ ਸਮਾਜ ਨਾਲ ਜੋੜਨ ਲਈ ਕਿੱਤਾਮੁਖੀ ਸਿਖ਼ਲਾਈ ਵੀ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਜੋ ਇਲਾਜ ਉਪਰੰਤ ਸਿਖ਼ਲਾਈ ਦਾ ਲਾਭ ਲੈ ਕੇ ਉਹ ਆਪਣੀ ਰੋਜ਼ੀ ਰੋਟੀ ਦਾ ਪ੍ਰਬੰਧ ਕਰ ਸਕਣ।ਐਨ.ਜੀ.ਓ. ਦਿਸ਼ਾਦੀਪ ਦੇ ਸੰਸਥਾਪਕ ਅਤੇ ਚੀਫ਼ ਲਾਇਨ ਐਸ. ਐਮ. ਸਿੰਘ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਲੜਾਈ ਵਿੱਚ ਲੋਕਾਂ ਨੂੰ ਸਰਗਰਮ ਭਾਗੀਦਾਰੀ ਨਿਭਾਉਣੀ ਚਾਹੀਦੀ ਹੈ। ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਨਸ਼ਾ ਮੁਕਤ ਸਮਾਜ ਲਈ ਮੁਹਿੰਮ ਵਿੱਚ ਆਪਣਾ ਭਰਪੂਰ ਯੋਗਦਾਨ ਦੇਣ ਦਾ ਪ੍ਰਣ ਵੀ ਲਿਆ। ਕਾਲਜ ਵੱਲੋਂ ਡਾ. ਤਾਨੀਆ, ਟੀਮ ਦਿਸ਼ਾਦੀਪ ਦੇ ਚੇਅਰਮੈਨ ਕੈਪਟਨ ਜਸਵਿੰਦਰ ਸਿੰਘ, ਉਪ ਚੇਅਰਮੈਨ ਰਮੇਸ਼ ਲਖਨਪਾਲ ਤੇ ਤਰਸੇਮ ਜਲੰਧਰੀ, ਜਨਰਲ ਸਕੱਤਰ ਸੁਰਿੰਦਰ ਭਾਰਤੀ ਦਾ ਸਨਮਾਨ ਕੀਤਾ ਗਿਆ।

## ਗੁਰੂ ਰਵਿਦਾਸ ਸਾਧੂ ਸੰਪਰਦਾਇ ਵੱਲੋਂ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਦੇ ਪੋਸਟਰ, ਫਲੈਕਸ ਜਾਰੀ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ ਦੇ ਪੋਸਟਰ ਅਤੇ ਫਲੈਕਸ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਜੀ ਵਲੋਂ ਸੰਤਾਂ ਮਹਾਂਪੁਰਸ਼ਾਂ ਅਤੇ ਭਾਰੀ ਗਿਣਤੀ ਵਿੱਚ ਹਾਜਰ ਸੰਗਤਾਂ ਦੀ ਹਾਜਰੀ ਵਿੱਚ ਜਾਰੀ ਕੀਤੇ। ਸੰਤ ਸਰਵਣ ਦਾਸ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਸੰਗਤਾਂ ਵੱਡੀ ਗਿਣਤੀ ਵਿੱਚ ਜਲੰਧਰ ਰੇਲਵੇ ਸਟੇਸ਼ਨ ਤੋਂ ਹਰਿਦੁਆਰ ਲਈ 4 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਣ ਵਾਲੀ ਸ਼ੋਭਾ ਯਾਤਰਾ ਵਿਚ ਹੁੰਮ ਹੁਮਾ ਕੇ ਸ਼ਾਮਲ ਹੋਣ , ਸ਼ੋਭਾ ਯਾਤਰਾ ਨਾਲ ਜਾਣ ਵਾਲੀਆਂ ਸੰਗਤਾਂ ਲਈ ਸਪੈਸ਼ਲ ਰੇਲ ਗੱਡੀ ਰੇਲਵੇ ਸਟੇਸ਼ਨ ਜਲੰਧਰ ਤੋਂ ਕਰੀਬ 1 ਵਜੇ ਚੱਲੇਗੀ। ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ , ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ ਨੇ ਦੱਸਿਆ ਕਿ ਸੜਕੀ ਆਵਾਜਾਈ ਦੇ ਪ੍ਰਭਾਵਤ ਹੋਣ ਕਾਰਨ ਸੰਗਤਾਂ ਦੀ ਵਧੇਰੇ ਸੁਵਿਧਾ ਅਤੇ ਭਾਰੀ ਮੰਗ ਨੂੰ ਦੇਖਦਿਆਂ ਇਸ ਸਪੈਸ਼ਲ ਰੇਲ ਗੱਡੀ ਦਾ ਪ੍ਰਬੰਧ ਕੀਤਾ ਗਿਆ ਹੈ, ਜੋ ਕਿ ਜਲੰਧਰ ਤੋਂ ਚੱਲ ਕੇ ਫਗਵਾੜਾ, ਫਿਲੌਰ , ਲੁਧਿਆਣਾ, ਅੰਬਾਲਾ, ਸਹਾਰਨਪੁਰ ਅਤੇ ਵੱਖ-ਵੱਖ ਸਟੇਸ਼ਨਾਂ 'ਤੇ ਰੁਕਣ ਤੋਂ ਬਾਅਦ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ ਪਹੁੰਚੇਗੀ। 5 ਅਪ੍ਰੈਲ ਨੂੰ ਗੁਰੂ ਰਵਿਦਾਸ ਆਸ਼ਰਮ ਹਰਿਦੁਆਰ ਦੇ ਵੱਖ ਵੱਖ ਬਜਾਰਾਂ ਵਿਚੋਂ ਹੋ ਕੇ ਪੈਦਲ ਸ਼ੋਭਾ ਯਾਤਰਾ ਸ੍ਰੀ ਰਵਿਦਾਸ ਮੰਦਿਰ ਹਰਿ ਕੀ ਪਉੜੀ ਹਰਿਦੁਆਰ ਤੱਕ ਹੋਵੇਗੀ। ਸੰਤਾਂ ਮਹਾਂਪੁਰਸ਼ਾਂ ਨੇ ਦੱਸਿਆ ਕਿ 6 ਅਪ੍ਰੈਲ ਨੂੰ ਸ੍ਰੀ ਆਖੰਡ ਪਾਠ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ। ਉਨਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ 4 ਅਪ੍ਰੈਲ ਨੂੰ ਦੁਪਹਿਰ 12 ਵਜੇ ਰੇਲਵੇ ਸਟੇਸ਼ਨ ਜਲੰਧਰ ਪਹੁੰਚਣ ਦੀ ਕ੍ਰਿਪਾਲਤਾ ਕਰਨ।ਇਸ ਮੌਕੇ ਸੀਨੀ.ਮੀਤ ਪ੍ਰਧਾਨ ਸੰਤ ਸਰਵਣ ਦਾਸ ਸਲੇਮਟਾਵਰੀ,ਮੀਤ ਪ੍ਰਧਾਨ ਸੰਤ ਬਲਵੰਤ ਸਿੰਘ ਡਿੰਗਰੀਆਂ, ਸੰਤ ਪਰਮਜੀਤ ਦਾਸ ਕੈਸ਼ੀਅਰ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸਟੇਜ ਸਕੱਤਰ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਸੰਤ ਰਾਮ ਸੇਵਕ ਹਰੀਪੁਰ ਖਾਲਸਾ,ਸੰਤ ਕਿਰਪਾਲ ਦਾਸ ਭਾਰਟਾ, ਸੰਤ ਮਨਜੀਤ ਦਾਸ ਹਿਮਾਚਲ,ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਬੀਬੀ ਕੁਲਦੀਪ ਕੌਰ ਮਹਿਨਾ,ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਸੰਤੋਖ ਦਾਸ ਸਾਹਰੀ, ਸੰਤ ਵਿਨੈ ਮੁਨੀ ਜੰਮੂ, ਸੰਤ ਸ਼ਿੰਗਾਰਾ ਦਾਸ ਭੋਗਪੁਰ,ਸੰਤ ਬਲਕਾਰ ਸਿੰਘ ਵਡਾਲਾ, ਸੰਤ ਗੁਰਮੀਤ ਦਾਸ,ਸੰਤ ਪ੍ਰਮੇਸ਼ਵਰੀ ਦਾਸ ਸੇਖੈ,ਲਵਪ੍ਰੀਤ ਬੋਹਣ, ਗਿਆਨੀ ਰਵਿੰਦਰ ਸਿੰਘ ਹਰਮੋਏ ਵੀ ਹਾਜਰ ਸਨ।

## ਰਾਜ ਸਭਾ ਮੈਂਬਰ ਹਰਭਜਨ ਸਿੰਘ ਵੱਲੋਂ ਜ਼ਿਲ੍ਹੇ ਲਈ 3 ਐਂਬੂਲੈਂਸਾਂ ਭੇਟ



**ਜਲੰਧਰ (ਸ਼ੈਲੀ ਐਲਬਰਟ)** ਰਾਜ ਸਭਾ ਮੈਂਬਰ ਅਤੇ ਪ੍ਰਸਿੱਧ ਕ੍ਰਿਕਟਰ ਹਰਭਜਨ ਸਿੰਘ ਵੱਲੋਂ ਆਪਣੇ ਐਮ.ਪੀ. ਲੈੱਡ ਫੰਡ ਵਿੱਚੋਂ ਸਿਵਲ ਸਰਜਨ ਦਫ਼ਤਰ ਅਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੂੰ ਤਿੰਨ ਐਂਬੂਲੈਂਸਾਂ ਭੇਟ ਕੀਤੀਆਂ ਗਈਆਂ। ਇਹ ਐਂਬੂਲੈਂਸਾਂ ਜ਼ਿਲ੍ਹੇ ਵਿੱਚ ਮਰੀਜ਼ਾਂ ਦੀ ਆਵਾਜਾਈ ਲਈ ਵਰਤੀਆਂ ਜਾਣਗੀਆਂ, ਜਿਸ ਨਾਲ ਉਨ੍ਹਾਂ ਦਾ ਤੁਰੰਤ ਇਲਾਜ ਅਤੇ ਸੁਰੱਖਿਅਤ ਆਵਾਜਾਈ ਯਕੀਨੀ ਬਣੇਗੀ। ਇਸ ਤੋਂ ਇਲਾਵਾ ਰਾਜ ਸਭਾ ਮੈਂਬਰ ਵੱਲੋਂ ਦਿਵਿਆਂਗਜਨਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੂੰ ਬੈਟਰੀ ਨਾਲ ਚੱਲਣ ਵਾਲੀਆਂ ਪੰਜ ਵੀਲਚੇਅਰਾਂ ਵੀ ਭੇਟ ਕੀਤੀਆਂ ਗਈਆਂ। ਇਹ ਵੀਲ੍ਹ ਚੇਅਰਾਂ ਦਿਵਿਆਂਗਜਨਾਂ ਨੂੰ ਆਸਾਨ ਮੂਵਮੈਂਟ ਲਈ ਸਹਾਇਕ ਸਾਬਤ ਹੋਣਗੀਆਂ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਵੀ ਮੌਜੂਦ ਸਨ। ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਹਰਭਜਨ ਸਿੰਘ ਦੱਸਿਆ ਕਿ ਇਨ੍ਹਾਂ ਵਿੱਚੋਂ 2 ਐਂਬੂਲੈਂਸਾਂ ਸਿਵਲ ਸਰਜਨ ਦਫ਼ਤਰ ਅਤੇ 1 ਇਕ ਐਂਬੂਲੈਂਸ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਨੂੰ ਦਿੱਤੀ ਗਈ ਹੈ। ਭਵਿੱਖ ਵਿੱਚ ਹਰ ਸੰਭਵ ਮਦਦ ਉਪਲਬਧ ਕਰਵਾਉਣ ਦਾ ਭਰੋਸਾ ਦਿਵਾਉਂਦਿਆਂ ਉਨ੍ਹਾਂ ਕਿਹਾ ਕਿ ਉਹ ਜ਼ਿਲ੍ਹਾ ਵਾਸੀਆਂ ਦੀ ਸੇਵਾ ਲਈ ਹਮੇਸ਼ਾ ਹਾਜ਼ਰ ਹਨ।ਜ਼ਿਕਰਯੋਗ ਹੈ ਮੁਹੱਲਾ ਸਰਨ ਤਹਿਸੀਲ ਨਕੋਦਰ ਦੇ ਜਗਦੀਸ਼, ਪਿੰਡ ਮਾਲੋਵਾਲ ਦੀ ਸੁਖਜੀਤ ਕੌਰ, ਬਸਤੀ ਬਾਵਾ ਖੇਲ ਜਲੰਧਰ ਦੇ ਜਸਵੀਰ ਸਿੰਘ, ਪਿੰਡ ਸਿੰਧਰ ਦੇ ਅਮਰੀਕ ਸਿੰਘ ਅਤੇ ਪਿੰਡ ਕੰਗ ਕਲਾਂ ਦੇ ਯਾਦਵਿੰਦਰ ਸਿੰਘ ਨੂੰ ਇਨ੍ਹਾਂ ਵੀਲ੍ਹ ਚੇਅਰਾਂ ਦਾ ਲਾਭ ਮਿਲੇਗਾ। ਇਸ ਮੌਕੇ ਸਿਵਲ ਸਰਜਨ ਡਾ. ਗੁਰਮੀਤ ਲਾਲ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ-ਕਮ-ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮਨਜਿੰਦਰ ਸਿੰਘ ਆਦਿ ਵੀ ਮੌਜੂਦ ਸਨ।



ਰੋਪੜ ਦੀ ਪਹਿਲੀ ਸ਼੍ਰੇਣੀ ਵਿੱਚ ਪੜ੍ਹਦੀ ਬਾਲੜੀ ਨਾਇਰਾ ਕਾਜਲਾ, ਜਿਸ ਨੇ ਅੰਤਰਰਾਸ਼ਟਰੀ ਸੰਸਥਾ ਵੱਲੋਂ ਲਈ ਪ੍ਰੀਖਿਆ ਵਿੱਚ 100% ਅੰਕ ਪ੍ਰਾਪਤ ਕਰ ਕੇ ਵਰਲਡ ਬੁੱਕ ਵਿੱਚ ਆਪਣਾ ਨਾਂਅ ਦਰਜ ਕਰਵਾਇਆ ਹੈ, ਆਪਣੇ ਸਨਮਾਨ ਚਿੰਨ੍ਹ ਦਿਖਾਉਂਦੀ ਹੋਈ। (ਫੋਟੋ ਤੇ ਵੇਰਵਾ : ਬਿੰਦਰ ਰੋਪੜ)